ਸੋਲਵਾਂ ਸਾਲ

PARDES TIMES

16th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 16 No. 399 June 8, 2022 E-mali : info@pardestimes.com Ph 510-938-7771, 510-516-3536


# ਪੰਜਾਬ ਕਾਂਗਰਸ ਲਈ ਮੁਸਕਿਲਾਂ ਵਧਾ ਰਹੀ ਭਾਜਪਾ ਅਤੇ ਆਪ ਦੀ ਸਰਕਾਰ

## ਕਾਂਗਰਸੀ ਭਾਜਪਾ ‘ਚ ਸਾਮਲ ਹੋਣ ਲਈ ਉਤਾਵਲੇ ਅਤੇ ਮਾਨ ਸਰਕਾਰ ਜੇਲ ਡੱਕਣ ਲਈ ਉਤਾਵਲੀ

ਚੰਡੀਗੜ੍ਹ- ਜਿਉਂ ਹੀ ਸੱਤਾ ਗਈ ਪੰਜਾਬ ਕਾਂਗਰਸ ਲਈ ਮੁਸ਼ਕਿਲਾਂ ਹੀ ਮੁਸ਼ਕਿਲਾਂ ਖੜ੍ਹੀਆਂ ਹੋ ਗਈਆਂ। ਇਕ ਪਾਸੇ ਤਾਂ ਭਾਰਤੀ ਜਨਤਾ ਪਾਰਟੀ ਇਸ ਦੇ ਮੋਹਰੀ ਲੀਡਰਾਂ ਨੂੰ ਆਪਣੇ ਵਿਚ ਸ਼ਾਮਲ ਕਰਨ ਦੀ ਲਹਿਰ ਚਲਾ ਰਹੀ ਹੈ, ਦੂਜੇ ਪਾਸੇ ਭਗਵੰਤ ਮਾਨ ਸਰਕਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਇਸ ਦੇ ਸਾਬਕਾ ਮੰਤਰੀਆਂ ਅਤੇ ਲੀਡਰਾਂ ਨੂੰ ਜੇਲ੍ਹਾਂ ਵਿਚ ਡੱਕਣ ਲਈ ਉਤਾਵਲੀ ਹੈ। ਸੁਨੀਲ ਜਾਖੜ ਅਤੇ ਫਿਰ ਚਾਰ ਹੋਰ ਸਾਬਕਾ ਮੰਤਰੀਆਂ ਦੇ ਇਕੱਠੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ 'ਚ ਹਲਚਲ ਮਚ ਗਈ ਹੈ।ਇੱਧਰ ਵਜੀਲੈਂਸ ਬਿਊਰੋ ਨੇ ਜੰਗਲਾਤ ਵਿਭਾਗ ’ਚ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਉਨ੍ਹਾਂ ਦੇ ਮੀਡੀਆ ਸਲਾਹਕਾਰ ਕਮਲਜੀਤ ਸਿੰਘ ਤੇ ਓਐੱਸਡੀ ਚਮਕੌਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਨੇ ਸ਼ਾਮ ਨੂੰ ਸਾਧੂ ਸਿੰਘ ਧਰਮਸੋਤ, ਚਮਕੌਰ ਸਿੰਘ ਤੇ ਕਮਲਜੀਤ ਸਿੰਘ ਨੂੰ ਮੁਹਾਲੀ ਦੀ ਅਦਾਲਤ ’ਚ ਪੇਸ਼ ਕੀਤਾ ਜਿੱਥੋਂ ਤਿੰਨਾਂ ਨੂੰ ਤਿੰਨ ਰੋਜ਼ਾ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਗਿਆ ਹੈ। ਇਸੇ ਕੇਸ ਵਿੱਚ ਨਾਮਜ਼ਦ ਕੀਤੇ ਗਏ ਸਾਬਕਾ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਦੀ ਵੀ ਭਾਲ ਕੀਤੀ ਜਾ ਰਹੀ ਹੈ। ਤੜਕੇ ਤਿੰਨ ਵਜੇ ਗ੍ਰਿਫ਼ਤਾਰ ਕੀਤੇ ਗਏ ਧਰਮਸੋਤ ’ਤੇ ਖ਼ੈਰ ਦੇ ਦਰੱਖਤਾਂ ਦੀ ਕਟਾਈ ਲਈ ਪਰਮਿਟ ਜਾਰੀ ਕਰਨ, ਅਧਿਕਾਰੀਆਂ ਦੇ ਤਬਾਦਲੇ ਤੇ ਐੱਨਓਸੀ ਜਾਰੀ ਕਰਨ ਆਦਿ ਵਿੱਚ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਲਾਏ ਗਏ ਹਨ।ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਹਰਮੋਹਿੰਦਰ ਸਿੰਘ ਉਰਫ ਹਮੀ ਨਾਂ ਦਾ ਠੇਕੇਦਾਰ ਆਪਣੀ ਫਰਮ ਗੁਰੂਹਰ ਐਸੋਸੀਏਟਸ ਦੇ ਨਾਂ ’ਤੇ ਜੰਗਲਾਤ ਵਿਭਾਗ ਤੋਂ ਕਟਾਈ ਲਈ ਲੋੜੀਂਦਾ ਪਰਮਿਟ ਪ੍ਰਾਪਤ ਕਰਕੇ ਰਾਜ ਵਿੱਚ ਖ਼ੈਰ ਦੇ ਦਰੱਖਤ ਕੱਟਣ ਅਤੇ ਵੇਚਣ ਦਾ ਕਾਰੋਬਾਰ ਕਰਦਾ ਸੀ। ਉਸ ਨੇ ਅਕਤੂਬਰ-ਮਾਰਚ ਸੀਜ਼ਨ ਲਈ ਲਗਭਗ 7000 ਦਰੱਖਤ ਕੱਟਣ ਲਈ ਪਰਮਿਟ ਲਏ ਸਨ। ਇਸ ਲਈ ਉਸ ਨੂੰ 1000 ਪ੍ਰਤੀ ਰੁੱਖ, ਰਿਸ਼ਵਤ ਦੇਣੀ ਪਈ ਜਿਸ ਵਿੱਚੋਂ ਸਾਧੂ ਸਿੰਘ ਧਰਮਸੋਤ ਨੂੰ 500 ਰੁਪਏ ਪ੍ਰਤੀ ਰੁੱਖ, ਡਿਵੀਜ਼ਨਲ ਜੰਗਲਾਤ ਅਫਸਰ ਨੂੰ 200 ਅਤੇ ਰੇਂਜ ਅਫਸਰ, ਬਲਾਕ ਅਫਸਰ ਤੇ ਵਣ ਗਾਰਡ ਨੂੰ ਕ੍ਰਮਵਾਰ 100-100 ਰੁਪਏ ਪ੍ਰਤੀ ਰੁੱਖ ਰਿਸ਼ਵਤ ਦਿੱਤੀ। ਇਸ ਤੋਂ ਇਲਾਵਾ ਮੁਹਾਲੀ ਵਿੱਚ 15 ਹੋਰ ਠੇਕੇਦਾਰ ਸਨ, ਜਿਨ੍ਹਾਂ ਨੂੰ ਉਕਤ ਠੇਕੇਦਾਰ ਵਾਂਗ ਹੀ ਰਿਸ਼ਵਤ ਦੇਣੀ ਪਈ,



ਨਹੀਂ ਤਾਂ ਉਨ੍ਹਾਂ ਨੂੰ ਪਰਮਿਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਜਾਂ ਭਾਰੀ ਜੁਰਮਾਨੇ ਲਾਉਣ ਦੀ ਧਮਕੀ ਦੇ ਕੇ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ। ਧਰਮਸੋਤ ਨੂੰ ਅਦਾਇਗੀ ਖੰਨਾ ਦੇ ਵਸਨੀਕ ਕਮਲਜੀਤ ਸਿੰਘ ਵੱਲੋਂ ਕੀਤੀ ਜਾਂਦੀ ਸੀ, ਜੋ ਕਿ ਪੱਤਰਕਾਰ ਹੈ ਤੇ ਸ਼ਿਵ ਸੈਨਾ ਦੇ ਪ੍ਰਧਾਨ ਵਜੋਂ ਕੰਮ ਕਰਦਾ ਹੈ। ਅਮਿਤ ਚੌਹਾਨ ਦੇ ਰੋਪੜ ’ਚ ਬਤੌਰ ਡੀਐੱਫਓ ਦੇ ਕਾਰਜਕਾਲ ਦੌਰਾਨ ਉਸ ਨੇ ਆਨੰਦਪੁਰ ਸਾਹਿਬ ਵਿਚਲੀ ਸਬ-ਡਿਵੀਜ਼ਨ ਬਡਿਆਲੀ ਕਲਾਂ ’ਚ 1160 ਦਰ-ਖਤਾਂ ਦੀ ਕਟਾਈ ਦਾ ਪਰਮਿਟ 5,80,000 ਰੁਪਏ ਵਿੱਚ ਦਿੱਤਾ ਸੀ। ਵਿਜੀਲੈਂਸ ਮੁਤਾਬਕ ਧਰਮ-ਸੋਤ, ਓਐੱਸਡੀ ਚਮਕੌਰ ਸਿੰਘ ਅਤੇ ਕਮਲਜੀਤ ਸਿੰਘ ਰਾਹੀਂ ਡੀਐੱਫਓ ਦੇ ਤਬਾਦਲੇ ਲਈ 10 ਤੋਂ 20 ਲੱਖ ਰੁਪਏ, ਰੇਂਜਰ ਲਈ 5 ਤੋਂ 8 ਲੱਖ ਰੁਪਏ, ਬਲਾਕ ਅਫਸਰ ਤੇ ਵਣ ਗਾਰਡ ਲਈ 2 ਤੋਂ 3 ਲੱਖ ਰੁਪਏ ਦੀ ਰਿਸ਼ਵਤ ਲੈਂਦਾ ਸੀ। ਧਰਮਸੋਤ ਨਾਜਾਇਜ਼ ਮਾਈਨਿੰਗ ਸਮੇਤ ਜੰਗਲਾਤ ਦੀਆਂ ਜ਼ਮੀਨਾਂ ’ਤੇ ਲਾਂਘੇ ਬਦਲੇ ਐੱਨਓਸੀ ਜਾਰੀ ਕਰਨ ਲਈ ਕਲੋਨਾਈਜ਼ਰਾਂ, ਨਵੇਂ ਬਣੇ ਫਿਲਿੰਗ ਸਟੇਸ਼ਨਾਂ, ਨਵੇਂ ਪ੍ਰਾਜੈਕਟਾਂ ਦੇ ਮਾਲਕਾਂ ਅਤੇ ਹੋਟਲਾਂ ਤੇ ਰੈਸਟੋਰੈਂਟਾਂ ਦੇ ਮਾਲਕਾਂ ਤੋਂ ਰਿਸ਼ਵਤ ਲੈਂਦਾ ਸੀ। ਹਰਮੋਹਿੰਦਰ ਸਿੰਘ ਠੇਕੇਦਾਰ ਨੇ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਨੂੰ ਮੁਹਾਲੀ ਜ਼ਿਲ੍ਹੇ ਦੇ ਪਿੰਡ ਨਾਡਾ ’ਚ ਖ਼ੈਰ ਦੇ ਦਰੱਖਤਾਂ ਦੀ ਕਟਾਈ ਦਾ ਪਰਮਿਟ ਜਾਰੀ ਕਰਵਾਉਣ ਲਈ ਕੁਲਵਿੰਦਰ ਸਿੰਘ ਰਾਹੀਂ 5 ਲੱਖ ਰੁਪਏ ਰਿਸ਼ਵਤ ਦਿੱਤੀ ਸੀ। ਉਸ ਨੇ ਰੇਂਜ ਅਫਸਰ, ਬਲਾਕ ਅਫਸਰ ਅਤੇ ਗਾਰਡ ਨੂੰ ਵੀ ਰਿਸ਼ਵਤ ਦਿੱਤੀ ਸੀ।

ਗਿਲਜ਼ੀਆਂ ਨੇ ਆਪਣੇ ਕਾਰਜਕਾਲ ਦੌਰਾਨ ਹਰਮੋਹਿੰਦਰ ਠੇਕੇਦਾਰ ਦੀ ਪੰਜਾਬ ਦੇ ਡੀਐੱਫਓਜ਼ ਨਾਲ ਮੀਟਿੰਗ ਕਰਵਾਈ ਸੀ ਅਤੇ ਹਦਾਇਤ ਕੀਤੀ ਸੀ ਕਿ ਬੂਟਿਆਂ ਦੀ ਸੁਰੱਖਿਆ ਲਈ ਟ੍ਰੀ-ਗਾਰਡਾਂ ਦੀ ਖਰੀਦ ਸਿਰਫ ਸਚਿਨ ਕੁਮਾਰ ਤੋਂ ਹੀ ਕੀਤੀ ਜਾਵੇ। ਇੱਕ ਟ੍ਰੀ-ਗਾਰਡ ਦੀ ਕੀਮਤ 2800 ਸੀ ਜਿਸ ਵਿੱਚੋਂ ਗਿਲਜ਼ੀਆਂ ਦਾ ਹਿੱਸਾ 800 ਰੁਪਏ ਪ੍ਰਤੀ ਟ੍ਰੀ-ਗਾਰਡ ਸੀ। ਉਸ ਸਮੇਂ ਕੁੱਲ 80 ਹਜ਼ਾਰ ਟ੍ਰੀ-ਗਾਰਡ ਖਰੀਦੇ ਗਏ ਸਨ ਅਤੇ ਗਿਲਜ਼ੀਆਂ ਨੇ 6,40,00,000 ਰਿਸ਼ਵਤ ਵਜੋਂ ਇਕੱਠੇ ਕੀਤੇ ਸਨ। ਗਿਲਜ਼ੀਆਂ ਦੇ ਕਾਰਜਕਾਲ ਦੌਰਾਨ ਅਮਿਤ ਚੌਹਾਨ ਨੂੰ ਡੀਐੱਫਓ ਰੋਪੜ ਨਿਯੁਕਤ ਕੀਤਾ ਗਿਆ ਸੀ।

ਉਸ ਸਮੇਂ ਬੇਲਾ ਨੇੜਲੇ ਪਿੰਡ ਜਿੰਦਾ ਵਿੱਚ 486 ਏਕੜ ਜ਼ਮੀਨ ਵਿੱਚੋਂ ਇੱਕ ਮਹੀਨੇ ਅੰਦਰ ਹੀ 50 ਫੁੱਟ ਡੂੰਘੇ ਟੋਏ ਪੁੱਟੇ ਗਏ ਸਨ। ਬਿਊਰੋ ਨੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜ਼ੀਆਂ, ਆਈਐੱਫਐੱਸ ਅਮਿਤ ਚੌਹਾਨ, ਡੀਐੱਫਓ ਗੁਰਮਨਪ੍ਰੀਤ ਸਿੰਘ, ਵਣ ਗਾਰਡ ਦਿਲਪ੍ਰੀਤ ਸਿੰਘ, ਧਰਮਸੋਤ ਦੇ ਓਐੱਸਡੀ ਚਮਕੌਰ ਸਿੰਘ, ਖੰਨਾ ਸ਼ਹਿਰ ਤੋਂ ਕਮਲਜੀਤ ਸਿੰਘ, ਗਿਲਜ਼ੀਆਂ ਦੇ ਪੀਏ ਕੁਲਵਿੰਦਰ ਸਿੰਘ ਸ਼ੇਰਗਿੱਲ ਤੇ ਸਚਿਨ ਕੁਮਾਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਵਿਜੀਲੈਂਸ ਦੀ ਤਫਤੀਸ਼ ਦੌਰਾਨ ਮੁਲਜ਼ਮ ਹਰਮੋਹਿੰਦਰ ਸਿੰਘ ਉਰਫ ਹਮੀ ਨੇ ਦੱਸਿਆ ਕਿ ਉਹ ਰਿਸ਼ਵਤ ਦਾ ਲੇਖਾ-ਜੋਖਾ ਰੱਖਣ ਲਈ ਇੱਕ ਹੱਥ ਲਿਖਤ ਡਾਇਰੀ ਰੱਖਦਾ ਸੀ।

**ਸੰਤ ਬਾਬਾ ਸੇਵਾ ਸਿੰਘ ਜੀ**, ਖਡੂਰ ਸਾਹਿਬ ਵਾਲੇ, ਦਿਨ ਐਤਵਾਰ ਜੂਨ 12, 2022 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਸੰਗਤ ਦੇ ਦਰਸ਼ਨ ਲਈ ਆ ਰਹੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

**ਇੰਦਰਜੀਤ ਸਿੰਘ ਥਿੰਦ 510-490-4678 ਜਾਂ**

**ਕੁਲਵੰਤ ਸਿੰਘ ਨਿੱਝਰ 510-299-0224**

(ਹੋਰ ਜਾਣਕਾਰੀ ਲਈ ਸਫਾ 2 ਦੇਖੋ)


MK Driving School Union City
Student Driver
Sukhi Kaur
sukhi@mkdrivingschool.net
www.mkdrivingschool.net
510-461-6541
ਡਰਾਇੰਵਿੰਗ ਸਿਖਾਉਣ ਦਾ ਲੰਮਾ ਤਜਰਬਾ, ਆਸਾਨ ਪੰਜਾਬੀ ਭਾਸ਼ਾ ਵਿਚ ਗੱਲਬਾਤ

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44808 S. Grimmer Blvd # 208 Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

Allstate You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

ਗੁਰ ਸੇਵਾ ਤੇ ਸਦਾ ਸੁਖ ਪਾਇਆ

ੴ ਵਾਹਿਗੁਰੂ ਜੀ ਕੀ ਫਤਹਿ ॥

# ਸੰਪਰਦਾਇ :- ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਕਾਰ ਸੇਵਾ ਵਾਲੇ

ਸੰਤ ਬਾਬਾ ਸਾਧੂ ਸਿੰਘ ਜੀ, ਸੰਤ ਬਾਬਾ ਝੰਡਾ ਸਿੰਘ ਜੀ, ਸੰਤ ਬਾਬਾ ਉੱਤਮ ਸਿੰਘ ਜੀ

ਬਲਿਹਾਰੀ ਕੁਦਰਤਿ ਵਸਿਆ

ਮੁੱਖ ਪ੍ਰਬੰਧਕ : ਬਾਬਾ ਸੇਵਾ ਸਿੰਘ ਕਾਰ ਸੇਵਾ, ਖਡੂਰ ਸਾਹਿਬ (ਤਰਨ ਤਾਰਨ), ਪੰਜਾਬ-143 117

*Chief Organiser : Baba Sewa Singh Kaar Sewa, Khadur Sahib (Tarn Taran) Punjab-India*

*Ref. No.* KSKT/9/22 *Dated.* 25/5/22

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਸਨਿਮਰ ਬੇਨਤੀ ਹੈ ਕਿ ਵਾਹਿਗੁਰੂ ਜੀ ਦੀ ਬਖ਼ਸ਼ਿਸ਼ ਦੁਆਰਾ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਤਿਹਾਸਿਕ ਗੁਰਦੁਆਰਾ ਸਾਹਿਬਾਨਾਂ ਦੀ ਉਸਾਰੀ, ਵਾਤਾਵਰਣ-ਸੰਭਾਲ ਸੇਵਾਵਾਂ ਅਤੇ ਮਿਆਰੀ/ ਉਚੇਰੀ ਵਿੱਦਿਆ ਦੇ ਕਾਰਜ ਚੱਲ ਰਹੇ ਹਨ। ਇਹਨਾਂ ਚੱਲ ਰਹੇ ਕਾਰਜਾਂ ਬਾਰੇ ਵੀਚਾਰ-ਵਟਾਂਦਰਾ ਕਰਨ ਹਿੱਤ ਬਾਬਾ ਸੇਵਾ ਸਿੰਘ ਜੀ 10 ਜੂਨ, 2022, ਦਿਨ ਸ਼ੁੱਕਰਵਾਰ ਨੂੰ ਅਮਰੀਕਾ ਦੀ ਯਾਤਰਾ 'ਤੇ ਪਹੁੰਚ ਰਹੇ ਹਨ। ਲਗਭਗ 2 ਮਹੀਨੇ ਦੀ ਇਸ ਯਾਤਰਾ ਦੌਰਾਨ ਬਾਬਾ ਜੀ ਵੱਲੋਂ ਸਮੂਹ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਆਪ ਸਭ ਸੰਗਤਾਂ ਦੇ ਦਰਸ਼ਨ-ਦੀਦਾਰੇ ਕੀਤੇ ਜਾਣਗੇ। ਦਾਸ ਵੱਲੋਂ ਸਮੂਹ ਸੰਗਤ ਨੂੰ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ:

1. +91 78140-80862
2. +91 99158-07680

ਗੁਰਪ੍ਰੀਤ ਸਿੰਘ

ਸੇਵਾਦਾਰ ਗੁਰਪ੍ਰੀਤ ਸਿੰਘ
+91 97793-14298

Phone: +91-1859-237234 - 35, Fax: +91-1859-237300 E-mail : karsewa@yahoo.com, Website : wwwguruangaddev.com
E-mail : nsikhi@yahoo.in Website : www.nishan-e-sikhi.org

# ਸ. ਭਗਵੰਤ ਮਾਨ ਜਦੋਂ ਸੈਨਹੋਜ਼ੇ ਆਏ ਸਨ



ਸ. ਦਿਲਬਾਗ ਸਿੰਘ ਰੰਧਾਵਾ ਭਗਵੰਤ ਮਾਨ ਨਾਲ

ਸੈਨਹੋਜ਼ੇ- ਤਿੰਨ ਸਾਲ ਪਹਿਲਾਂ ਜਦੋਂ ਭਗਵੰਤ ਮਾਨ ਜੀ (ਐਮ. ਪੀ.) ਉਦੋਂ ਸੈਨਹੋਜ਼ੇ ਆਏ ਸਨ ਤੇ ਕਮਲ ਖੰਗੂੜਾ ਦੇ ਪੀਜ਼ਾ ਦੀ ਸ਼ਾਖਾ ਖੋਲ੍ਹਣ ਲਈ ਉਹ ਮੁੱਖ ਮਹਿਮਾਨ ਬਣ ਕੇ ਆਏ ਸਨ, ਉਹਨਾਂ ਨੇ ਜਦੋਂ ਉਥੇ ਆਏ ਸਾਰੇ ਪ੍ਰਾਹੁਣਿਆਂ ਨਾਲ ਗੱਲਬਾਤ ਕੀਤੀ, ਉਦੋਂ ਪੰਜਾਬ 'ਚ ਹੋਰ ਸੁਧਾਰ ਲਿਆਉਣ ਦੀ ਗੱਲ ਛੇੜੀ।

ਸ. ਦਿਲਬਾਗ ਸਿੰਘ ਰੰਧਾਵਾ, ਜੋ ਕਿ ਇਕ ਰਿਟਾਇਰਡ ਹੈਡ ਮਾਸਟਰ ਹਨ, ਉਹਨਾਂ ਨੇ ਭਗਵੰਤ ਮਾਨ ਹੁਰਾਂ ਨਾਲ ਲੰਮੀ ਗੱਲਬਾਤ ਕੀਤੀ, ਪੰਜਾਬ 'ਚ ਅੱਗੇ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਵੀ ਸਲਾਹ-ਮਸ਼ਵਰਾ ਕੀਤਾ ਗਿਆ।

ਉਦੋਂ ਭਗਵੰਤ ਮਾਨ ਹੁਰਾਂ ਨੇ ਬਹੁਤ ਹੀ ਤਸੱਲੀਬਖਸ਼ ਤਰੀਕੇ ਨਾਲ ਬਹੁਤ ਸਾਰੀਆਂ ਗੱਲਾਂ ਕੀਤੀਆਂ ਤੇ ਇਕ ਗੱਲ ਬਹੁਤ ਹੀ ਯਕੀਨ ਨਾਲ ਕਹੀ ਕਿ ''ਰੰਧਾਵਾ ਸਾਹਿਬ ਜੀ ਮੈਂ ਅਗਲੀ ਵਾਰ ਮੁੱਖ ਮੰਤਰੀ ਬਣਾਂਗਾ, ਸਿਰਫ ਐਮ. ਪੀ. ਨਹੀਂ ਰਹਾਂਗਾ।''

ਅੱਜ ਉਹ ਸੱਚੀਂ ਮੁੱਖ ਮੰਤਰੀ ਬਣ ਗਏ ਹਨ। ਉਹਨਾਂ ਦੀ ਇਸ ਗੱਲ 'ਚ ਕਿੰਨਾ ਦਮ ਸੀ, ਉਹ ਅੱਜ ਸੱਚ ਹੋ ਗਿਆ। ਸ. ਦਿਲਬਾਗ ਸਿੰਘ ਰੰਧਾਵਾ ਸਾਹਿਬ ਅੱਜ ਉਸ ਵੇਲੇ ਨੂੰ ਯਾਦ ਕਰਕੇ ਇਹੀ ਦੱਸਦੇ ਹਨ ਕਿ ਉਹ ਖੁਸ਼ ਹਨ ਕਿ ਸ੍ਰੀ ਭਗਵੰਤ ਮਾਨ ਹੁਰਾਂ ਨੇ ਜੋ ਸੋਚਿਆ ਸੀ, ਅੱਜ ਕਰਕੇ ਵਿਖਾ ਦਿੱਤਾ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਹੁਣ ਪੰਜਾਬ 'ਚ ਸੁਧਾਰ ਹੋਣ ਦੇ ਸੰਕੇਤ ਮਿਲਦੇ ਹਨ।



ਸ. ਬਲਬੀਰ ਸਿੰਘ ਐਮ. ਏ. ਨਾਲ ਭਗਵੰਤ ਮਾਨ

# ਅਲਕ ਗਰੋਵ, ਸੈਕਰਾਮੈਂਟੋ ਦੀ ਮੇਅਰ ਬੌਬੀ ਸਿੰਘ ਲਈ ਫੰਡ ਇਕੱਤਰਤਾ ਸਮਾਗਮ ਹੋਇਆ

**ਸੈਕਰਾਮੈਟੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੀਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਦੇ ਇਲਾਕੇ ਦੇ ਸਮੂੰਹ ਪਕਿਸਤਾਨੀ ਭਾਈਚਾਰੇ ਵੱਲੋਂ ਨਾਰਥ ਅਮੈਰਿਕਾ ਦੇ ਸ਼ਹਿਰ ਅਲਕ ਪਹਿਲੀ ਔਰਤ ਮੇਅਰ ਬੌਬੀ ਸਿੰਘ ਬੀਤੇ ਦਿਨੀ ਫੰਡ ਇਕ-ਤਰਤਾ ਕੀਤੀ ਗਈ। ਬੌਬੀ ਸਿੰਘ ਇਸ ਸਮੇਂ ਅਲਕ ਗਰੋਵ ਤੋਂ ਮੇਅਰ ਹੈ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਫਿਰ ਤੋਂ ਮੇਅਰ ਦੀ ਚੋਣ ਲੜਨ ਜਾ ਰਹੀ ਹੈ। ਮੇਅਰ ਬੌਬੀ ਸਿੰਘ ਅਮੈਰੀਕਨ ਸਿੱਖ ਭਾਈਚਾਰੇ ਨਾਲ ਸੰਬੰਧਤ ਹੈ। ਇਸ ਸਮੇਂ ਪਕਿਸਤਾਨ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਵੀ ਸ਼ਿਰਕਤ ਕੀਤੀ। ਬੌਬੀ ਸਿੰਘ ਨੇ ਸ਼ਹਿਰ ਦੇ ਕੰਮਾਂ ਅਤੇ ਪ੍ਰਬੰਧਾ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਜਿਸ ਕਰਕੇ ਉਨ੍ਹਾਂ ਨੂੰ ਵੱਖ-ਵੱਖ ਭਾਈਚਾਰਿਆ ਵੱਲੋਂ ਮਾਣ ਸਨਮਾਨ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇਹ





ਅਮੈਰੀਕਨ ਸਿੱਖ ਭਾਈਚਾਰੇ ਨਾਲ ਸੰਬੰਧਤ ਨਾਰਥ ਅਮੈਰਿਕਾ ਦੀ ਪਹਿਲੀ ਔਰਤ ਮੇਅਰ ਵਜੋਂ ਵੀ ਮਾਣ ਹਾਸਲ ਕਰ ਚੁੱਕੀ ਹੈ। ਇਸ ਫੰਡ ਇਕੱਤਰਤਾ ਸਮੇਂ ਜਿੱਥੇ ਪਕਿਸਤਾਨ ਦੇ ਭਾਈਚਾਰੇ ਨੇ ਦਿਲ ਖੋਲ ਦੇ ਫੰਡ ਇਕੱਤਰਤਾ ਵਿੱਚ ਹਿੱਸਾ ਪਾਇਆ, ਉੱਥੇ ਮੇਅਰ ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਮੇਅਰ ਵਜੋਂ ਜਿਤਾਉਣ ਦੀ ਵਚਨਬੱਧਤਾ ਵੀ ਪ੍ਰਗਟਾਈ। ਇਸ ਸਮੁੱਚੇ ਫੰਡ ਇਕੱਤਰਤਾ ਦੇ ਪ੍ਰਬੰਧ ਨੂੰ ਕਰਨ ਵਿੱਚ ਹਾਜ਼ੀ ਨਵੀਦ ਸਹਿਜ਼ਾਦ, ਹਾਜ਼ੀ ਮਕਸੂਦ ਅਹਿਮਦ, ਸੂਫੇਨ ਮੰਨਜ਼ੂਰ, ਰਾਨਾ ਫਾਰੂਖ ਜੀਆਂ ਅਤੇ ਹੋਰ ਲੋਕਾ ਨੇ ਹਿੱਸਾ ਪਾਇਆ। ਜਦ ਕਿ ਸਿੱਖ ਪੰਜਾਬੀ ਭਾਈਚਾਰੇ ਵੱਲੋਂ ਸ। ਗੁਰਮੀਤ ਸਿੰਘ ਅਤੇ ਹੋਰ ਪੱਤਵੰਤਿਆ ਨੇ ਖਾਸ ਤੌਰ 'ਤੇ ਸ਼ਿਰਕਤ ਕੀਤੀ। ਅੰਤ ਪਕਿ-ਸਤਾਨ ਦੇ ਭਾਈਚਾਰੇ ਵੱਲੋਂ ਕਰਵਾਇਆ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

# ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਸਨ-ਫਰਾਂਸਿਸਕੋ ਵਿਖੇ ਹੋਇਆ ਵਿਸ਼ਾਲ ਨਗਰ ਕੀਰਤਨ




**ਸੈਕਰਾਮੈਟੋ (ਕੁਲਵੰਤ ਧਾਲੀਆਂ / ਨੀਟਾ ਮਾ-ਛੀਕੇ):** ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਅਤੇ 1984 ਦੇ ਸ਼ਹੀਦਾ ਨੂੰ ਯਾਦ ਕਰਦੇ ਹੋਏ ਸਮੂੰਹ ਸਿੱਖ ਸੰਗਤ ਵੱਲੋਂ ਕੈਲੀਫੋਰਨੀਆਂ ਦੇ ਸ਼ਹਿਰ ਸਨ-ਫਰਾਸਿਸਕੋ ਵਿਖੇ ਸਲਾਨਾ ਵਿਸ਼ਾਲ ਨਗਰ ਕੀਰਤਨ ਕਰਵਾਇਆ ਗਿਆ। ਜਿਸ ਵਿੱਚ ਦੂਰ-ਦੁਰਾਡੇ ਤੋਂ ਸੰਗਤਾਂ ਨੇ ਹਾਜ਼ਰੀ ਭਰੀ। ਨਗਰ ਕੀਰਤਨ ਦੀ ਸੁਰੂਆਤ ਪੰਜਾਂ ਪਿਆਰਿਆ ਦੀ ਅਗਵਾਈ ਵਿੱਚ ਸਿੱਖ ਨਿਸ਼ਾਨ ਸਾਹਿਬ ਲੈ ਤੁਰਦੇ ਹੋਏ ਨਿ-ਸ਼ਾਨਚੀ, ਅੱਗੇ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰ-ਨੀਆਂ ਦੇ ਝੰਡੇ ਨਾਲ ਕੀਤੀ ਗਈ। ਜਿਸ ਬਾਅਦ ਸੁੰਦਰ ਪਾਲਕੀ ਵਿੱਚ ਸੰਸੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚਲ ਰਹੇ ਸਨ। ਇਸ ਦੌਰਾਨ ਕੀਰਤਨ ਅਤੇ ਗੁਰਬਾਣੀ ਜਾਪ ਕਰਦੀਆਂ ਸੰਗਤਾਂ ਨਾਲ ਪਰਕਰਮਾ ਕਰ ਰਹੀਆਂ ਸਨ। ਜਿਸ ਦੌਰਾਨ ਗਤਕਾ ਇਹ ਨਗਰ ਕੀਰਤਨ ਸੈਕੰਡ ਸਟਰੀਟ (Second Street) ਅਤੇ ਮਾਰਕੀਟ ਸਟਰੀਟ ਤੋਂ ਸੁਰੂ ਹੋ ਕੇ ਸਥਾਨਿਕ ਸਿਵਿਕ ਸੈਂਟਰ ਸਿਟੀ ਹਾਲ ਕੋਲ ਜਾ ਕੇ ਸੰਪੂਰਨ ਹੋਇਆ।

ਇਸ ਸਮੇਂ "ਸਿੱਖ ਮੋਟਰਸਾਈਕਲ ਕਲੱਬ" ਵੱਲੋਂ ਵੀ ਹਾਜ਼ਰੀ ਭਰੀ ਗਈ। ਜਿੱਥੇ ਲੱਗੀ ਸਟੇਜ਼ ਤੋਂ ਵੱਖ-ਵੱਖ ਪੰਥਕ ਆਗੂ ਅਤੇ ਬੁਲਾਰੇ ਸੰਗਤਾਂ ਨੂੰ ਸੰਬੋਧਨ ਹੋਏ। ਇਸ ਸਮੇਂ ਖਾਸ ਤੋਰ 'ਤੇ ਬੁਲਾਰਿਆਂ ਵੱਲੋਂ ਭਾਰਤ ਵਿੱਚ ਸਿੱਖ ਧਰਮ ਦੀ ਹੋ ਰਹੀ ਨਸਲਕੁਸ਼ੀ 'ਤੇ ਚਿੰਤਾ ਪ੍ਰਗਟ ਕੀਤੀ ਗਈ। ਜੂਨ 1984 ਦੇ ਭਾਰਤ ਸਰਕਾਰ ਦੁਆਰਾ ਕੀਤੇ ਘੱਲੂਘਾਰੇ ਅਤੇ ਇਸ ਦੌਰਾਨ ਮਾਰੇ ਗਏ ਸਮੂੰਹ ਸ਼ਹੀਦਾ ਨੂੰ ਸਰਧਾਜ਼ਲੀ ਦਿੱਤੀ ਗਈ। ਇਸ ਸਮੇਂ ਸਿੰਘਾ ਵੱਲੋਂ ਸਿੱਖ ਮਾਰਸ਼ਲ ਆਰਟ "ਗੱਤਕਾ" ਦੇ ਜੌਹਰ ਵੀ ਦਿਖਾਏ ਗਏ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਅੰਤ ਸਿੱਖ ਕੌਮ ਦੀ ਹਮੇਸਾ ਲਈ ਚੜਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਵਿਸ਼ਾਲ ਨਗਰ ਕੀਰਤਨ ਅਤੇ ਇਕੱਠ ਸੰਪੂਰਨ ਹੋਇਆ।

To buy Home, business or any kind of property
Please consult before finalizing your deal or decision
To get polite and best service call
Gurjeet Rai
DRE 02149422
408-802-5303

Address - 2221 Oakland Road , Suite 268 San Jose 95131

# ਸੰਪਾਦਕੀ

## ਹਾਲੋਂ ਬੇਹਾਲ ਪੰਜਾਬ ਕਾਂਗਰਸ

ਪੰਜਾਬ ਕਾਂਗਰਸ ਦੀ ਡੁੱਬਦੀ ਜਾ ਰਹੀ ਬੇੜੀ ਨੂੰ ਸੰਭਾਲਣ ਵਾਲਾ ਕੋਈ ਵੀ ਮਜ਼ਬੂਤ ਆਗੂ ਨਜ਼ਰ ਨਹੀਂ ਆ ਰਿਹਾ। ਕਾਂਗਰਸ ਜੋ ਵੀ ਕਦਮ ਚੁੱਕਦੀ ਹੈ, ਉਸ ਦਾ ਉਲਟਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਨੀਲ ਜਾਖੜ ਅਤੇ ਫਿਰ ਚਾਰ ਹੋਰ ਸਾਬਕਾ ਮੰਤਰੀਆਂ ਦੇ ਇਕੱਠੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ 'ਚ ਹਲਚਲ ਮਚ ਗਈ ਹੈ। ਇੰਨਾ ਹੀ ਨਹੀਂ ਕਈ ਹੋਰ ਸਾਬਕਾ ਮੰਤਰੀ ਅਤੇ ਸੰਸਦ ਮੈਂਬਰ ਵੀ ਭਾਜਪਾ ਦੀ ਬੇੜੀ 'ਚ ਸਵਾਰ ਹੋਣ ਲਈ ਤਿਆਰ ਬੈਠੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਦੀ ਤਿਆਰੀ ਕਰ ਰਹੇ ਇਹ ਆਗੂ ਲਗਾਤਾਰ ਅਮਿਤ ਸ਼ਾਹ ਦੇ ਸਿੱਧੇ ਸੰਪਰਕ ਵਿੱਚ ਹਨ। ਇਹ ਆਗੂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਝਟਕਾ ਦੇਣ ਦੀ ਤਿਆਰੀ ਕਰ ਰਹੇ ਹਨ। ਹੁਣ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਡੁੱਬਦੀ ਨਿਆਣੀ ਨੂੰ ਕਿਵੇਂ ਸੰਭਾਲਣਗੇ? ਖੈਰ, ਉਹ ਇਹ ਕਹਿ ਕੇ ਮਾਮਲੇ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹੁਣ ਨਵੇਂ ਵਰਕਰਾਂ ਨੂੰ ਮੌਕਾ ਮਿਲੇਗਾ। ਭਾਵੇਂ ਕਾਂਗਰਸ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਅਤੇ ਫਿਰ ਉਨ੍ਹਾਂ ਨੇ ਕਾਂਗਰਸ ਛੱਡ ਕੇ ਨਵੀਂ ਪਾਰਟੀ ਬਣਾ ਲਈ, ਪਰ ਅੱਜ ਵੀ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਵਿੱਚ ਕੈਪਟਨ ਦਾ ਦਬਦਬਾ ਕਾਇਮ ਹੈ। ਅੱਜ ਵੀ ਕੈਪਟਨ ਨਾਲ ਗੱਲ ਕਰਦਿਆਂ ਅਫਸਰਾਂ ਦੇ ਮੱਥੇ ਤੋਂ ਪਸੀਨਾ ਨਿਕਲਣ ਲੱਗ ਪੈਂਦਾ ਹੈ। ਅਜਿਹਾ ਹੀ ਕੁਝ ਲੁਧਿਆਣਾ 'ਚ ਹੋਇਆ। ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਪੰਜਾਬ ਲੋਕ ਕਾਂਗਰਸ ਦੇ ਮੁੱਖ ਬੁਲਾਰੇ ਦੇ ਘਰ ਪੁਲਿਸ ਨੇ ਛਾਪਾ ਮਾਰਿਆ। ਦਬਾਅ ਹੇਠ ਪੁੱਛਗਿੱਛ ਸ਼ੁਰੂ ਹੋ ਗਈ। ਅੰਤ ਵਿੱਚ ਨੇਤਾ ਜੀ ਨੇ ਕੈਪਟਨ ਨੂੰ ਬੁਲਾਇਆ ਅਤੇ ਉਸ ਨੂੰ ਅਧਿਕਾਰੀ ਨਾਲ ਗੱਲ ਕਰਨ ਲਈ ਕਿਹਾ। ਜਦੋਂ ਕਪਤਾਨ ਨੇ ਘੰਟੀ ਵਜਾਈ ਤਾਂ ਅਫਸਰ ਦੀ ਸੁਰ ਬਦਲ ਗਈ। ਉਸ ਨੇ ਕਪਤਾਨ ਨੂੰ ਕਿਹਾ ਕਿ ਅਸੀਂ ਉਸ ਦੀ ਸੁਰੱਖਿਆ ਲਈ ਹੀ ਪੁੱਛ-ਪੜਤਾਲ ਕਰਨ ਆਏ ਹਾਂ ਤਾਂ ਪੁਲਸ ਅਧਿਕਾਰੀ ਭੜਕ ਉੱਠਿਆ। ਇਸ ਤੋਂ ਪਤਾ ਲੱਗਦਾ ਹੈ ਕਿ ਕੈਪਟਨ ਦਾ ਡਰ ਅਜੇ ਵੀ ਬਰਕਰਾਰ ਹੈ।

ਸੂਬਾ ਕਾਂਗਰਸ ਵਿੱਚ ਆਏ ਭੂਚਾਲ ਤੋਂ ਬਾਅਦ ਪਾਰਟੀ ਆਗੂਆਂ ਦੇ ਕਦਮ ਕਿਸੇ ਹੋਰ ਸਿਆਸੀ ਪਾਰਟੀ ਦੀ ਬਜਾਏ ਭਾਜਪਾ ਵੱਲ ਵਧ ਰਹੇ ਹਨ। ਭਾਵੇਂ ਚੋਣਾਂ ਤੋਂ ਪਹਿਲਾਂ ਕੁਝ ਕਾਂਗਰਸੀ ਆਗੂ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ ਅਤੇ ਟਿਕਟਾਂ ਮਿਲਣ ਤੋਂ ਬਾਅਦ ਵਿਧਾਇਕ ਬਣੇ ਸਨ ਪਰ ਹੁਣ ਸੂਬੇ ਵਿੱਚ 'ਆਪ' ਦੀ ਸਰਕਾਰ ਹੋਣ ਦੇ ਬਾਵਜੂਦ ਕਾਂਗਰਸ ਛੱਡ ਕੇ ਆਏ ਆਗੂ ਭਾਜਪਾ ਵਿੱਚ ਜ਼ਿਆਦਾ ਦਿਲਚਸਪੀ ਦਿਖਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ, ਜੋ ਕਿਸੇ ਸਮੇਂ ਪੰਜਾਬ ਦੀ ਰੀੜ੍ਹ ਦੀ ਹੱਡੀ ਸੀ, ਨੂੰ ਵੀ ਕਾਂਗਰਸ ਛੱਡਣ ਵਾਲੇ ਨੇਤਾਵਾਂ ਦੇ ਲਾਲਚ ਵਿੱਚ ਨਹੀਂ ਹੈ, ਕਿਉਂਕਿ ਇਹ ਪਹਿਲਾਂ ਹੀ ਹਾਸ਼ੀਏ 'ਤੇ ਹੈ। ਕਿਸਾਨ ਅੰਦੋਲਨ ਦੌਰਾਨ ਅਲੱਗ-ਥਲੱਗ ਪਈ ਭਾਜਪਾ ਨੇ ਸਬਰ ਨਹੀਂ ਛੱਡਿਆ ਅਤੇ ਅੱਜ ਸੂਬੇ ਅੰਦਰ ਲੀਡਰਾਂ ਦਾ ਕਮਲ ਪ੍ਰਤੀ ਮੋਹ ਵਧ ਗਿਆ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਮਨੁੱਖੀ ਹੋਂਦ ਦੀ ਜ਼ਾਮਨ ਜੈਵਿਕ ਵੰਨ-ਸਵੰਨਤਾ


**ਵਿਜੈ ਬੰਬੇਲੀ**

ਜੈਵਿਕ ਵੰਨ-ਸਵੰਨਤਾ ਧਰਤੀ ਉੱਤੇ ਜੀਵਨ ਦੇ ਆਧਾਰ ਦਾ ਵਿਗਿਆਨਕ ਸਰੋਤ ਹੈ। ਵੰਨ-ਸਵੰਨੇ ਪੌਦੇ ਅਤੇ ਜੀਵ ਸਾਨੂੰ ਬਹੁਪਰਤੀ ਜ਼ਰੂਰੀ ਸੇਵਾਵਾਂ ਅਤੇ ਸਾਵਾਂ ਜੀਵਨ ਮੁਹੱਈਆ ਕਰਦੇ ਹਨ। ਪੌਦਿਆਂ, ਜੀਵਾਂ, ਵਾਤਾਵਰਨ, ਕੁਦਰਤੀ ਸੋਮਿਆਂ ਅਤੇ ਮਨੁੱਖੀ ਗਤੀਵਿਧੀਆਂ ਦਾ ਪਰਸਪਰ ਸਬੰਧ ਹੈ। ਇਹੀ ਉਹ ਕੜੀ ਹੈ ਜਿਹੜੀ ਅਸੀਂ ਬੁੱਝ ਨਹੀਂ ਰਹੇ। ਸਿੱਟੇ ਵਜੋਂ ਪੌਦਿਆਂ ਅਤੇ ਜੀਵਾਂ ਦੀਆਂ ਅਨੇਕਾਂ ਕਿਸਮਾਂ ਲੁਪਤ ਹੋ ਗਈਆਂ ਹਨ ਜਾਂ ਹੋ ਰਹੀਆਂ ਹਨ। ਇਹ ਮਨੁੱਖ ਲਈ ਖ਼ਤਰੇ ਦੀ ਘੰਟੀ ਹੈ। ਕੁਲ ਮਿਲਾ ਕੇ ਧਰਤੀ 'ਤੇ 15,36,663 ਕਿਸਮਾਂ ਦੇ ਪੌਦੇ ਅਤੇ ਜੀਵ ਹਨ: 2,87,655 ਕਿਸਮਾਂ ਦੇ ਪੌਦੇ ਅਤੇ 12,49,008 ਤਰ੍ਹਾਂ ਦੇ ਜੀਵ। ਇਨ੍ਹਾਂ ਵਿਚ ਮਨੁੱਖੀ ਨਸਲ ਵੀ ਸ਼ਾਮਿਲ ਹੈ। ਕੁਝ ਕੁ ਮਾਰੂਥਲੀ ਭਾਗਾਂ, ਬੰਜਰ ਚਟਾਨਾਂ ਜਾਂ ਫਿਰ ਉੱਚਤਮ ਪਰਬਤੀ ਸਿਖਰਾਂ ਛੱਡ ਕੇ ਬਾਕੀ ਸਭ ਥਾਂ ਇਹ ਕੁਦਰਤੀ ਭੰਡਾਰ ਮੌਜੂਦ ਹਨ। ਧਰਾਤਲੀ ਬਣਤਰ, ਜਲਵਾਯੂ, ਬਨਸਪਤੀ ਦੀ ਕਿਸਮ ਤੇ ਘਣਤਾ, ਜਲ ਸੋਮਿਆਂ ਦੀ ਮਿਕਦਾਰ ਤੇ ਡੂੰਘਾਈ ਅਤੇ ਮਿੱਟੀ ਦੀ ਕਿਸਮ ਤੇ ਕਿਸੇ ਖਿੱਤੇ ਦੀ ਕੁਦਰਤੀ ਬਨਸਪਤੀ ਵੀ ਜੀਵੀ ਮੰਡਲ ਉੱਪਰ ਪ੍ਰਭਾਵ ਪਾਉਂਦੇ ਹਨ। ਹਵਾ, ਨਮੀ, ਧੁੱਪ, ਮਿੱਟੀ ਅਤੇ ਪਾਣੀ ਤਕ ਸਾਰਾ ਤਾਣਾਬਾਣਾ ਪੌਦਿਆਂ-ਪ੍ਰਾਣੀਆਂ ਦੀਆਂ ਨਸਲਾਂ ਅਤੇ ਉਨ੍ਹਾਂ ਦੇ ਇਕ ਦੂਜੇ ਨਾਲ ਗੂੜ੍ਹੇ ਸਬੰਧਾਂ ਨਾਲ ਆਦਰਸ਼ਕ ਸੰਤੁਲਨ ਵਜੋਂ ਜੁੜਿਆ ਹੋਇਆ ਹੈ। ਮਨੁੱਖ ਨੇ ਇਹ ਸੰਤੁਲਨ ਵਿਗਾੜ ਦਿਤਾ ਹੈ। ਹੁਣ ਧਰਤੀ ਤੋਂ ਕੁੱਲ ਪੌਦ ਅਤੇ ਜੀਵ ਨਸਲਾਂ ਦੀ ਗਿਣਤੀ ਨੇ ਪਿਛਲਮੋੜਾ ਲੈ ਲਿਆ ਹੈ। ਮਨੁੱਖ ਦੀਆਂ ਅਚੇਤ-ਸੁਚੇਤ ਗਤੀਵਿਧੀਆਂ ਕਾਰਨ ਬਹੁਤ ਸਾਰੀਆਂ ਕਿਸਮਾਂ ਨਸ਼ਟ ਹੋ ਗਈਆਂ ਹਨ ਜਾਂ ਨਸ਼ਟ ਹੋਣ ਕੰਢੇ ਹਨ। ਇਸ ਵਿਚ ਭਾਵੇਂ ਵਾਤਾਵਰਨ ਹਾਲਾਤ ਅਤੇ ਕੁਦਰਤੀ ਘਟਨਾਕ੍ਰਮ ਵੀ ਅਹਿਮ ਰੋਲ ਨਿਭਾਉਂਦੇ ਹਨ ਪਰ ਮਨੁੱਖੀ ਆਪ-ਹੁਦਰੀਆਂ ਦੀ ਭੂਮਿਕਾ ਦਾ ਰੋਲ ਸਿਫ਼ਤੀ ਹੈ।

ਕੁਦਰਤੀ ਤੌਰ 'ਤੇ ਵਾਤਾਵਰਨ ਹਾਲਾਤ ਬਦਲਦੇ ਰਹਿੰਦੇ ਹਨ। ਕਦੀ ਇਹ ਤਬਦੀਲੀ ਸਹਿਜ ਚਾਲ ਆਉਂਦੀ ਹੈ ਅਤੇ ਜੀਵ-ਜੰਤੂ ਉਸੇ ਅਨੁਸਾਰ ਆਪਣੇ-ਆਪ ਨੂੰ ਢਾਲ ਲੈਂਦੇ ਹਨ। ਕਦੇ-ਕਦੰਤ ਇਹ ਤਬਦੀਲੀ ਬੜੀ ਤਿੱਖੀ ਤੇ ਚਾਣਚੱਕ ਹੁੰਦੀ ਹੈ ਜਿਹੜੀ ਜੀਵ ਜਗਤ ਲਈ ਬੜੀ ਹਾਨੀਕਾਰਕ ਸਿੱਧ ਹੁੰਦੀ ਹੈ। ਜਿਹੜੇ ਪੌਦੇ ਜਾਂ ਪ੍ਰਾਣੀ ਤਬਦੀਲੀਆਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੇ ਹਨ, ਉਹ ਤਾਂ ਬਚ ਜਾਂਦੇ ਹਨ, ਬਾਕੀ ਮਾਰੇ ਜਾਂਦੇ ਹਨ। ਉਂਜ ਮਨੁੱਖ ਨੇ ਜੈਵਿਕ ਵੰਨ-ਸਵੰਨਤਾ ਖਤਮ ਕਰਨ ਵਿਚ ਬੜਾ ਕੁਢਰ ਰੋਲ ਨਿਭਾਇਆ ਹੈ, ਸਿੱਧਾ ਅਤੇ ਅਸਿੱਧਾ; ਸਿੱਧੇ ਵਿਚ ਵਧਦੀ ਆਬਾਦੀ, ਜੰਗਲਾਂ ਦਾ ਉਜਾੜਾ, 'ਅਧੁਨਿਕ' ਖੇਤੀ, ਪਦਾਰਥਕ 'ਸਹੂਲਤਾਂ', ਧਨ-ਕੁਬੇਰੀ ਰੁਝਾਨ ਆਦਿ ਸ਼ਾਮਿਲ ਹਨ। ਅਸਿੱਧੇ ਵਿਚ ਪ੍ਰਦੂਸ਼ਤ ਵਾਤਾਵਰਨ, ਰੌਲਾ-ਰੱਪਾ, ਰਸਾਇਣਾਂ ਦੀ ਬੇਕਿਰਕ ਵਰਤੋਂ, ਕੁਦਰਤੀ ਸੋਮਿਆਂ ਦਾ ਅਚੇਤ-ਸੁਚੇਤ ਘਾਣ ਅਤੇ 'ਹਰ ਵਸਤ ਮਨੁੱਖ ਲਈ' ਵਾਲੀ ਧਾਰਨਾ।

ਇਵੇਂ ਹੀ ਜੈਵਿਕ ਵੰਨ-ਸਵੰਨਤਾ ਦੇ ਲਾਭਾਂ ਨੂੰ ਵੀ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਸਿੱਧੇ ਲਾਭ; ਭਾਵ, ਖਾਧ ਪਦਾਰਥ ਤੇ ਉਤਪਾਦਨੀ ਵਰਤੋਂ ਵਾਲੇ ਲਾਭ। ਅਸਿੱਧੇ ਲਾਭ; ਭਾਵ, ਖਾਧ ਪਦਾਰਥਾਂ ਵਜੋਂ ਤਾਂ ਅਯੋਗ ਪਰ ਭਵਿੱਖ ਲਈ ਲਾਹੇਵੰਦ। ਬਨਸਪਤੀ ਅਤੇ ਜੀਵਾਂ ਤੋਂ ਮਨੁੱਖੀ ਜੀਵਨ ਨੂੰ ਪ੍ਰਾਪਤ ਹੋਣ ਵਾਲੇ ਸਿੱਧੇ ਲਾਭਾਂ ਤੋਂ ਤਕਰੀਬਨ ਅਸੀਂ ਸਾਰੇ ਜਾਣੂ ਹਾਂ। ਬੋਹੜ ਦਾ ਰੁੱਖ ਇਕ ਦਿਨ ਵਿਚ 400 ਲਿਟਰ ਪਾਣੀ ਹਵਾ ਵਿਚ ਰਲਾ ਦਿੰਦਾ ਹੈ। ਜੰਗਲ ਦਾ ਇਕ ਵਰਗ ਕਿਲੋਮੀਟਰ ਰਕਬਾ 50,000 ਲਿਟਰ ਪਾਣੀ ਆਪਣੀਆਂ ਜੜ੍ਹਾਂ ਰਾਹੀਂ ਸਾਡੇ ਲਈ ਸੰਭਾਲ ਦਿੰਦਾ ਹੈ ਅਤੇ ਮਹਿਜ਼ ਇਕ ਹੈਕਟੇਅਰ ਰਕਬਾ ਵਾਯੂਮੰਡਲ ਦੀ 30 ਟਨ ਧੂੜ ਅਤੇ 3.7 ਮੀਟਰ ਟਨ ਕਾਰਬਨ ਡਾਇਆਕਸਾਈਡ ਸਮੇਟ ਸਕਦਾ ਹੈ, ਮੋੜਵੇ ਰੂਪ ਮਣਾਂ-ਮੂੰਹੀਂ ਆਕਸੀਜਨ ਦਿੰਦਾ ਹੈ। ਇਹੀ ਨਹੀਂ, 50 ਮੀਟਰ ਹਰੀ ਪੱਟੀ 20 ਤੋਂ 30 ਡੈਸੀਮਲ ਸ਼ੋਰ ਘਟਾ ਸਕਦੀ ਹੈ।

ਅਸਿੱਧੇ ਲਾਭਾਂ ਹਿੱਤ ਖੂਬਸੂਰਤ ਮਿਸਾਲ ਪਰਾਗਦਾਨੀਆਂ ਦੀ ਹੈ। ਪੌਦਿਆਂ ਦਾ ਜੀਵਨ-ਚੱਕਰ ਬਣੇ ਰਹਿਣ ਵਿਚ ਕੀਟਾਂ, ਤਿਤਲੀਆਂ, ਸ਼ਹਿਦ ਦੀਆਂ ਮੱਖੀਆਂ ਅਤੇ ਪੰਛੀਆਂ ਦਾ ਵੱਡਾ ਯੋਗਦਾਨ ਹੁੰਦਾ ਹੈ। ਧਰਤੀ ਉੱਤੇ ਲੱਗਭੱਗ 2,50,000 ਕਿਸਮ ਦੇ ਫੁੱਲਾਂ ਵਾਲੇ ਪੌਦੇ ਮੌਜੂਦ ਹਨ। ਇਨ੍ਹਾਂ ਵਿਚੋਂ 60 ਫੀਸਦੀ ਪੌਦੇ, ਪਰਾਗਦਾਨੀ ਜੀਵਾਂ ਦੀ ਮਦਦ ਨਾਲ ਫਲ ਅਤੇ ਬੀਜ ਪੈਦਾ ਕਰਦੇ ਹਨ। ਪਰਾਗਦਾਨੀਆਂ ਦੀ ਮਦਦ ਤੋਂ ਬਿਨਾਂ ਪੌਦਿਆਂ ਅੰਦਰ ਨਰ ਅਤੇ ਮਾਦਾ ਵੰਨਗੀਆਂ ਦਾ ਆਪਸੀ ਸੰਸੇਚਨ ਸੰਭਵ ਨਹੀਂ ਹੁੰਦਾ। ਕੌਮਾਂਤਰੀ ਕੁਦਰਤੀ ਸੁਰੱਖਿਆ ਸੰਸਥਾ ਮੁਤਾਬਿਕ, ਜੇ ਹੁਣ ਵਾਲੀ ਚਾਲ ਹੀ ਰਹੀ ਤਾਂ ਕੁਝ ਕੁ ਦਹਾਕਿਆਂ 'ਚ ਪਰਾਗਦਾਨੀਆਂ ਦੇ ਨਿਘਾਰ ਕਾਰਨ ਫੁੱਲਾਂ ਵਾਲੇ ਪੌਦਿਆਂ ਦੀਆਂ 20,000 ਵੰਨ-ਗੀਆਂ ਖਤਮ ਹੋ ਜਾਣਗੀਆਂ।




ਜੀਵ ਵੰਨ-ਸਵੰਨਤਾ ਕ੍ਰਿਆਸ਼ੀਲ ਪ੍ਰਣਾਲੀ ਹੈ ਜਿਸ ਵਿਚ ਸਦਾ ਤਬਦੀਲੀ ਆਉਂਦੀ ਰਹਿੰਦੀ ਹੈ। ਲੱਖਾਂ ਸਾਲਾਂ ਦੀ ਉਥਲ-ਪੁਥਲ ਅਤੇ ਵਿਕਾਸ ਮਗਰੋਂ ਕੁਦਰਤ ਨੇ ਜੀਵਤ ਅਤੇ ਅਜੀਵਤ ਵਾਤਾਵਰਨ/ਹਾਲਾਤ ਵਿਚਕਾਰ ਹਾਂ-ਪੱਖੀ ਸੰਤੁਲਨ ਕਾਇਮ ਕੀਤਾ ਹੈ। ਇਸ ਸੰਤੁਲਨ ਵਿਚ ਆਈ ਰਤਾ ਜਿੰਨੀ ਤਬਦੀਲੀ ਵੀ ਕਿਸੇ ਨਸਲ ਲਈ ਖ਼ਤਰਾ ਬਣ ਜਾਂਦੀ ਹੈ। ਮਾਹਿਰਾਂ ਅਨੁਸਾਰ, ਹਰ ਵੰਨਗੀ ਇਕ ਖਾਸ ਅਰਸੇ ਤਕ ਧਰਤੀ ਉੱਤੇ ਜਿਊਂਦੀ ਹੈ, ਫਿਰ ਸਮਾਂ ਪਾ ਕੇ ਖ਼ਤਮ ਹੋ ਜਾਂਦੀ ਹੈ ਤੇ ਨਵੀਂ ਪੈਦਾ ਹੋ ਜਾਂਦੀ ਹੈ। ਅਤੀਤ ਵਿਚ ਇਹ ਸਭ ਲੁਪਤ ਹੋਣ ਦੀ ਦਰ ਬੜੀ ਧੀਮੀ ਸੀ; ਹੁਣ ਜਿਸ ਤੇਜ਼ੀ ਨਾਲ ਜੀਵ ਤੇ ਪੌਦ ਵੰਨਗੀਆਂ ਸਦਾ ਲਈ ਲੁਪਤ ਹੋ ਰਹੀਆਂ ਹਨ, ਚਿੰਤਾ ਦਾ ਵਿਸ਼ਾ ਹੈ।

ਪ੍ਰਾਚੀਨ ਸਮਿਆਂ ਵਿਚ ਕੁਦਰਤੀ ਵਿਕਾਸ ਦੌਰਾਨ ਜੀਵ ਵੰਨਗੀਆਂ ਦੇ ਖ਼ਤਮ ਹੋਣ ਦੀ ਦਰ 60-70 ਸਾਲਾਂ ਦੌਰਾਨ ਸਿਰਫ ਇਕ ਵੰਨਗੀ ਦਾ ਖ਼ਾਤਮਾ ਹੀ ਸੀ। ਦੁਧਾਰੂ ਜੀਵਾਂ ਦੀ ਇਕ ਵੰਨਗੀ ਤਾਂ ਕਰੀਬ 400 ਸਾਲਾਂ ਦੇ ਅਰਸੇ ਬਾਅਦ ਹੀ ਖ਼ਤਮ ਹੁੰਦੀ ਨੋਟ ਹੋਈ ਅਤੇ ਪੰਛੀਆਂ ਦੀ 200 ਸਾਲਾਂ ਪਿਛੋਂ। ਮਨੁੱਖੀ ਆਪ-ਹੁਦਰੀਆਂ ਕਾਰਨ ਹੁਣ ਹਾਲਾਤ ਚਿੰਤਾਜਨਕ ਹਨ। ਸੰਨ 1600 ਤੋਂ 1900 ਦੌਰਾਨ ਹਰ ਚਾਰ ਸਾਲਾਂ ਵਿਚ ਇਕ ਜੀਵ ਵੰਨਗੀ ਨਸ਼ਟ ਹੋਣ ਲੱਗੀ ਅਤੇ 1900 ਮਗਰੋਂ ਤਾਂ ਹਰ ਸਾਲ ਇਕ। ਹੁਣ ਰੋਜ਼ਾਨਾ ਇਕ ਜੀਵ ਜਾਂ ਪੌਦ ਨਸਲ ਖ਼ਤਮ ਹੋਣ ਦਾ ਅਨੁਮਾਨ ਹੈ। ਜੇ ਇਹੀ ਦਰ ਰਹੀ ਤਾਂ 2050 ਤੱਕ ਪ੍ਰਤੀ ਦਿਨ 100 ਵੰਨਗੀਆਂ ਦੇ ਜੀਵ ਜਾਂ ਪੌਦੇ ਸਦਾ ਲਈ ਲੁਪਤ ਹੋ ਰਹੇ ਹੋਣਗੇ।

ਕੁੱਲੀ, ਗੁੱਲੀ ਅਤੇ ਜੁਲੀ ਮੁਹੱਈਆ ਕਰਵਾਉਣ ਤੋਂ ਬਿਨਾਂ ਪੌਦੇ ਅਤੇ ਜੀਵ ਸਾਨੂੰ ਰੁਜ਼ਗਾਰ, ਸੁੱਖ-ਸਹੂਲਤਾਂ ਅਤੇ ਸ਼ਾਂਤੀ ਵੀ ਬਖਸ਼ਦੇ ਹਨ। ਧਰਤੀ ਦੀ ਖੂਬਸੂਰਤੀ ਵਧਾਉਣ ਦੇ ਨਾਲ ਨਾਲ ਇਹ ਵਾਤਾਵਰਨ ਨੂੰ ਸੁਖਾਵਾਂ ਬਣਾਉਣ ਵਿਚ ਖਾਸ ਯੋਗਦਾਨ ਪਾਉਂਦੇ ਹਨ। ਜਿਨ੍ਹਾਂ ਕਾਰਨਾਂ ਤੇ ਕਾਰਕਾਂ ਕਰਕੇ ਜੈਵਿਕ ਵੰਨ-ਸਵੰਨਤਾ ਖ਼ਤਰੇ ਵਿਚ ਹੈ, ਉਨ੍ਹਾਂ ਵਿਚੋਂ ਬਹੁਤੇਰੇ ਉਹ ਹਨ ਜਿਹੜੇ ਮਨੁੱਖ ਨੇ ਖੁਦ ਸਿਰਜੇ ਹਨ। ਇਸ ਲਈ ਹੁਣ ਸਾਨੂੰ ਕੁਦਰਤ ਪ੍ਰੇਮੀ ਅਤੇ ਸਰਬੱਤ ਦੇ ਭਲੇ ਵਾਲੇ ਨਿਜ਼ਾਮ ਦੀ ਲੋੜ ਹੈ। ਸਭਿਅਤਾ ਦੇ ਜਿਸ ਵਰਤਮਾਨ ਪੜਾਅ ਵਿਚੋਂ ਮਨੁੱਖ ਜਾਤੀ ਲੰਘ ਰਹੀ ਹੈ, ਉਸ ਵਿਚ ਕੁਦਰਤ ਨਾਲ ਮਨੁੱਖੀ ਰਿਸ਼ਤੇ ਦੇ ਮੁੜ ਮੁਲਾਂਕਣ ਦੀ ਲੋੜ ਹੈ। ਸਾਡੀਆਂ ਸਮਾਜਿਕ ਆਰਥਿਕ ਚਿੰਤਾਵਾਂ ਵਿਚ ਜਿਹੜਾ ਵਾਧਾ ਹੋ ਰਿਹਾ ਹੈ, ਉਸ ਦਾ ਮੂਲ ਆਧਾਰ ਕੁਦਰਤ ਦਾ ਉਜਾੜਾ ਵੀ ਹੈ। ਸ਼ਾਇਦ ਸਾਨੂੰ ਨਹੀਂ ਪਤਾ ਕਿ ਇਕ ਵੰਨਗੀ ਦੇ ਪੌਦ ਜਾਂ ਜੀਵ ਖ਼ਤਮ ਹੋਣ 'ਤੇ ਉਸ ਉੱਤੇ ਨਿਰਭਰ 10 ਤੋਂ 20 ਵੰਨਗੀਆਂ ਦੇ ਜੀਵਾਂ ਦਾ ਜੀਵਨ ਖ਼ਤਰੇ ਵਿਚ ਪੈ ਜਾਂਦਾ ਹੈ। ਮਨੁੱਖੀ ਹੋਛਾਪਣ ਇਹੀ ਰਿਹਾ ਤਾਂ ਬੰਦੇ ਦੀ ਸਲਾਮਤੀ ਦੀ ਵੀ ਕੀ ਗਰੰਟੀ ਹੈ?



## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਮਨੁੱਖਤਾ ਨੂੰ ਜੰਗ ਅਤੇ ਤਬਾਹੀ ਵੱਲ ਲਿਜਾ ਰਿਹਾ ਸਾਮਰਾਜੀ ਪ੍ਰਬੰਧ

**ਰਵਿੰਦਰ**

ਦੁਨੀਆ ਵਿਚ ਜੋ ਕੁਝ ਵੀ ਹੈ- ਅਨਾਜ, ਕੋਲਾ, ਸੜਕਾਂ, ਤੇਲ, ਕੁਦਰਤੀ ਤੱਤਾਂ ਦੇ ਅਥਾਹ ਭੰਡਾਰ, ਇਸ ਦਾ ਮਾਲਕ ਕੌਣ ਹੈ? ਕੀ ਮੁੱਠੀ ਭਰ ਲੋਕ ਇਸ ਦੇ ਮਾਲਕ ਹਨ? ਇਸ ਧਰਤੀ ਨੂੰ ਵਾਹ ਸੰਵਾਰ ਕੇ ਇਸ ਨੂੰ ਮਨੁੱਖਾਂ ਰਹਿਣ ਯੋਗ ਬਣਾਉਣ ਲਈ ਸਦੀਆਂ ਦੀ ਕਿਰਤ ਦਾ ਯੋਗਦਾਨ ਹੈ। ਅਨੇਕਾਂ ਲੋਕ ਇਸ ਧਰਤੀ ਦੀ ਨੁਹਾਰ ਬਦਲਣ ਲਈ ਲਗਾਤਾਰ ਹੱਥੀਂ ਕੰਮ ਕਰਦੇ ਰਹੇ ਅਤੇ ਕਰ ਰਹੇ ਹਨ। ਫਿਰ ਵੀ ਇਸ ਸਮਾਜਿਕ ਦੌਲਤ ਨੂੰ ਤਬਾਹ ਕਰਨ ਵਾਲੇ ਮੁੱਠੀ ਭਰ ਹਾਕਮ, ਸਾਮਰਾਜੀ ਮੁਲਕਾਂ ਦੇ ਹਾਕਮ ਸਿਰਫ਼ ਮੁਨਾਫ਼ੇ ਲਈ ਦੁਨੀਆ ਭਰ ਦੇ ਲੋਕਾਂ ਨੂੰ ਜੰਗਾਂ, ਹਥਿਆਰਾਂ ਦੀ ਭੱਠੀ ਵਿਚ ਝੋਕਦੇ ਰਹਿੰਦੇ ਹਨ। ਇਸ ਵਕਤ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਦਾ ਵੱਡਾ ਹਿੱਸਾ ਨਾ ਸਿੱਖਿਆ, ਨਾ ਸਿਹਤ ਸੰਭਾਲ, ਨਾ ਹੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਅਤੇ ਨਾ ਹੀ ਵਾਤਾਵਰਨ ਸੰਭਾਲ 'ਤੇ ਲੱਗਦਾ ਹੈ ਸਗੋਂ ਵੱਡਾ ਹਿੱਸਾ ਹਥਿਆਰ ਬਣਾਉਣ ਤੇ ਖਰੀਦਣ, ਫ਼ੌਜੀ ਖਰਚਿਆਂ ਆਦਿ 'ਤੇ ਲੱਗਦਾ ਹੈ। ਇਹ ਹਾਕਮ ਛੋਟੇ-ਵੱਡੇ ਹਥਿਆਰਾਂ ਅਤੇ ਸਾਇਬਰ ਸੁਰੱਖਿਆ ਤੱਕ ਦੇ ਕਾਰੋਬਾਰ ਰਾਹੀਂ ਦਿਨ-ਦੁੱਗਣੀ ਰਾਤ ਚੌਗਣੀ 'ਤਰੱਕੀ' ਕਰ ਰਹੇ ਹਨ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ 25 ਅਪਰੈਲ 2022 ਦੀ ਰਿਪੋਰਟ ਅਨੁਸਾਰ, 2021 ਵਿਚ ਸੰਸਾਰ ਪੱਧਰ 'ਤੇ ਸਾਰੇ ਮੁਲਕਾਂ ਦਾ ਫ਼ੌਜੀ ਖ਼ਰਚਾ 21.13 ਖਰਬ ਅਮਰੀਕੀ ਡਾਲਰ ਹੋ ਗਿਆ। ਇਸ ਵਿਚ 62 ਫ਼ੀਸਦ ਹਿੱਸਾ ਸਿਰਫ਼ ਪੰਜ ਮੁਲਕਾਂ ਅਮਰੀਕਾ, ਚੀਨ, ਭਾਰਤ, ਬਰਤਾਨੀਆ ਤੇ ਰੂਸ ਦਾ ਹੈ। 2020 ਵਿਚ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਦਾ 2.3 ਫ਼ੀਸਦ ਅਤੇ 2021 ਵਿਚ 2.2 ਫ਼ੀਸਦ ਹਿੱਸਾ ਫੌਜੀ ਖਰਚ 'ਤੇ ਲਾਇਆ ਗਿਆ ਸੀ। ਇਕੱਲੇ ਅਮਰੀਕਾ ਨੇ 2021 ਵਿਚ 801 ਅਰਬ ਡਾਲਰ ਫ਼ੌਜੀ ਖਰਚਿਆਂ ਜਿਵੇਂ ਹਥਿਆਰ ਖਰੀਦਣੇ, ਕੈਂਪ ਬਣਾਉਣੇ, ਅਫਸਰਾਂ ਦੀਆਂ ਤਨਖਾਹ ਆਦਿ 'ਤੇ ਖਰਚੇ ਜੋ ਅਮਰੀਕਾ ਦੀ ਕੁੱਲ ਘਰੇਲੂ ਪੈਦਾਵਾਰ ਦਾ 3.5 ਫ਼ੀਸਦ ਹੈ। 2012 ਤੋਂ ਲੈ ਕੇ 2021 ਤੱਕ ਫੌਜੀ ਖੋਜ ਅਤੇ ਵਿਕਾਸ 'ਤੇ ਅਮਰੀਕਾ ਨੇ 24 ਫ਼ੀਸਦ ਫੰਡਾਂ ਵਿਚ ਵਾਧਾ ਕੀਤਾ। ਅਮਰੀਕਾ ਹਥਿਆਰਾਂ ਦੀਆਂ ਨਵੀਆਂ ਕਿਸਮਾਂ ਤੇ ਤਕਨੀਕ ਉਤੇ ਲਗਾਤਾਰ ਕੰਮ ਕਰਦਾ ਹੈ। ਤੱਥ ਇਹੀ ਦੱਸਦੇ ਹਨ ਕਿ ਅਮਰੀਕਾ ਹਥਿਆਰ ਬਣਾਉਣ ਤੇ ਵੇਚਣ ਦਾ ਵੱਡਾ ਵਪਾਰੀ ਹੈ। ਸਮਾਜਿਕ ਸਾਮਰਾਜੀ ਰੂਸ ਨੇ ਵੀ 2021 ਵਿਚ ਆਪਣੇ ਫੌਜੀ ਖਰਚਿਆਂ ਵਿਚ 2.9 ਫ਼ੀਸਦ ਦਾ ਵਾਧਾ ਕਰਕੇ ਸੁਰੱਖਿਆ ਖਰਚ 65.9 ਅਰਬ ਡਾਲਰ ਕਰ ਦਿੱਤਾ ਹੈ।

ਰੂਸ ਲਗਾਤਾਰ ਤਿੰਨ ਸਾਲਾਂ ਤੋਂ ਫੌਜੀ ਖਰਚ ਵਧਾ ਰਿਹਾ ਹੈ। 2021 ਵਿਚ ਇਹ ਖਰਚ ਕੁੱਲ ਘਰੇਲੂ ਪੈਦਾਵਾਰ ਦਾ 4.1 ਫ਼ੀਸਦ ਸੀ। ਦੁਨੀਆ ਦਾ ਦੂਜਾ ਸਭ ਤੋਂ ਵੱਡਾ ਖਰਚ ਕਰਨ ਵਾਲਾ ਮੁਲਕ ਚੀਨ ਹੈ ਜਿਸ ਨੇ 2021 ਵਿਚ ਆਪਣੀ ਫੌਜ ਲਈ ਅੰਦਾਜ਼ਨ 293 ਅਰਬ ਡਾਲਰ ਅਲਾਟ ਕੀਤੇ ਸਨ ਜੋ 2020 ਦੇ ਮੁਕਾਬਲੇ 4.7 ਫ਼ੀਸਦ ਵੱਧ ਸਨ। ਚੀਨ ਦਾ ਫੌਜੀ ਖਰਚ ਲਗਾਤਾਰ 27 ਸਾਲਾਂ ਤੋਂ ਵਧ ਰਿਹਾ ਹੈ।

ਇਹ ਮੁਲਕ ਆਪਣੀ ਤਾਕਤ ਬਣਾਈ ਰੱਖਣ ਲਈ ਦੁਨੀਆ ਭਰ ਦੇ ਕੁਦਰਤੀ ਸਰੋਤਾਂ ਤੇ ਸਸਤੀ ਕਿਰਤ ਸ਼ਕਤੀ ਦੀ ਲੁੱਟ ਅਤੇ ਮੰਡੀਆਂ ਲਈ ਆਪਣਾ ਪ੍ਰਭਾਵ ਖੇਤਰ ਵਧਾਉਣ ਲਈ ਜੰਗਾਂ ਲਾਉਂਦੇ ਹਨ। ਇਸ ਤੋਂ ਬਿਨਾਂ ਹਥਿਆਰਾਂ ਦਾ ਵਪਾਰ ਸਾਮਰਾਜੀ ਮੁਲਕਾਂ ਦੇ ਮੁਨਾਫ਼ਿਆਂ ਦਾ ਵੱਡਾ ਸੋਮਾ ਹੈ। ਜੰਗਾਂ ਲਾ ਕੇ ਜਿੱਥੇ ਇਹ ਆਪਣੇ ਹਥਿਆਰਾਂ ਦੀ ਪਰਖ ਕਰ ਲੈਂਦੇ ਹਨ, ਉਥੇ ਜੰਗੀ ਵਾਤਾਵਰਨ ਬਣਾ ਕੇ ਇਹ ਆਪਣੇ ਗਾਹਕਾਂ ਵਿਚ ਹਥਿਆਰਾਂ ਦੀ ਜ਼ਰੂਰਤ ਵੀ ਪੈਦਾ ਕਰਦੇ ਹਨ। ਹਥਿਆਰਾਂ ਦੇ ਕਾਰੋਬਾਰ ਵਿਚ ਅਮਰੀਕਾ ਸੰਸਾਰ ਦੇ ਸਭ ਮੁਲਕਾਂ ਤੋਂ ਮੋਹਰੀ ਹੈ। ਹਥਿਆਰ ਬਣਾਉਣ ਵਾਲੀਆਂ ਸੰਸਾਰ ਦੀਆਂ 10 ਵੱਡੀਆਂ ਕੰਪਨੀਆਂ ਵਿਚੋਂ 7 ਅਮਰੀਕੀ ਹਨ। ਵੱਖ ਵੱਖ ਮੁਲਕਾਂ ਵਿਚ ਫੌਜੀ ਅੱਡੇ ਬਣਾਉਣ ਵਿਚ ਵੀ ਅਮਰੀਕਾ ਮੋਹਰੀ ਹੈ। ਹਥਿਆਰ ਬਣਾਉਣ ਵਾਲੀਆਂ ਇਹ ਕੰਪਨੀਆਂ ਅਮਰੀਕੀ ਸਿਆਸਤ ਨੂੰ ਵੀ ਬਹੁਤ ਪ੍ਰਭਾਵਿਤ ਕਰਦੀਆਂ ਹਨ, ਇਹ ਸੰਸਾਰ ਪੱਧਰ 'ਤੇ ਵਾਤਾਵਰਨ, ਸ਼ਾਂਤੀ, ਜਮਹੂਰੀਅਤ ਆਦਿ ਅਨੇਕਾਂ ਐੱਨਜੀਓ ਸੰਸਥਾਵਾਂ ਨੂੰ ਸਿੱਧੇ ਅਸਿੱਧੇ ਰੂਪ ਵਿਚ ਫੰਡ ਦਿੰਦੀਆਂ ਹਨ ਜਿਨ੍ਹਾਂ ਵਿਚ ਨਾਮੀ ਸ਼ਾਂਤੀ ਸੰਸਥਾਵਾਂ ਵੀ ਸ਼ਾਮਲ ਹਨ। ਇਸੇ ਲਈ ਅਮਰੀਕਾ 'ਸ਼ਾਂਤੀ ਦੂਤ' ਬਣ ਕੇ ਕਦੇ ਇਰਾਕ ਦੇ ਪਰਮਾਣੂ ਹਥਿਆਰਾਂ ਤੋਂ ਸੰਸਾਰ ਨੂੰ ਖ਼ਤਰੇ ਦੀ ਗੱਲ ਕਰਦਾ ਹੈ, ਕਦੇ ਸੰਸਾਰ ਪੱਧਰ 'ਤੇ ਦਹਿਸ਼ਤ-ਗਰਦੀ ਦਾ ਹਊਆ ਖੜ੍ਹਾ ਕਰਕੇ ਜੰਗਾਂ ਨੂੰ ਅੰਜਾਮ ਦਿੰਦਾ ਹੈ ਤੇ ਕਦੇ ਅਲੱਗ ਅਲੱਗ ਮੁਲਕਾਂ ਵਿਚ ਮਾਸੂਮਾਂ ਦਾ ਕਤਲ ਕਰਦਾ ਹੈ ਅਤੇ ਦਹਿਸ਼ਤ-ਗਰਦ ਕਹਿ ਕੇ ਜ਼ੁਲਮ 'ਤੇ ਮਿੱਟੀ ਪਾ ਦਿੰਦਾ ਹੈ। ਦੋ ਮੁਲਕਾਂ ਦੇ ਆਪਸੀ ਭੇੜ ਜਾਂ ਕਿਸੇ ਮੁਲਕ ਅੰਦਰਲੇ ਭੇੜਾਂ ਦਾ ਫਾਇਦਾ ਆਪਣੇ ਹਥਿਆਰ ਵੇਚਣ ਲਈ ਅਕਸਰ ਅਮਰੀਕਾ



ਲੈਂਦਾ ਹੈ, ਜਿਵੇਂ ਇਰਾਨ ਤੇ ਇਰਾਕ, ਇਜ਼ਰਾਈਲ ਤੇ ਫ਼ਲਸਤੀਨ, ਭਾਰਤ ਤੇ ਪਾਕਿਸਤਾਨ, ਉੱਤਰੀ ਤੇ ਦੱਖਣੀ ਕੋਰੀਆ ਦੇ ਝਗੜੇ ਆਦਿ।

ਇਕੱਲਾ ਅਮਰੀਕਾ ਨਹੀਂ, ਕਿਸੇ ਵੀ ਸਾਮਰਾਜੀ ਮੁਲਕ ਦੇ ਹਾਕਮ ਇਹ ਮੌਕਾ ਹੱਥੋਂ ਜਾਣ ਨਹੀਂ ਦਿੰਦੇ। ਉਂਝ, ਇਕੱਲੇ ਸਾਮਰਾਜੀ ਮੁਲਕ ਹੀ ਨਹੀਂ, ਹੋਰ ਮੁਲਕ ਵੀ ਕੁੱਲ ਘਰੇਲੂ ਪੈਦਾਵਾਰ ਦਾ ਵੱਡਾ ਹਿੱਸਾ ਹਥਿਆਰਾਂ 'ਤੇ ਲਾਉਂਦੇ ਹਨ। ਭਾਰਤ ਵੀ ਇਨ੍ਹਾਂ ਵਿਚ ਆਉਂਦਾ ਹੈ। ਭਾਰਤ ਜਿੱਥੇ ਹਰ ਰੋਜ਼ 20 ਕਰੋੜ ਲੋਕ ਭੁੱਖੇ ਸੌਂਦੇ ਹਨ, 4000 ਬੱਚਾ ਕੁਪੋਸ਼ਣ ਦਾ ਸ਼ਿਕਾਰ ਹੋ ਕੇ ਮਰਦਾ ਹੈ, ਉੱਥੋਂ ਦੇ ਹਾਕਮ ਫੌਜੀ ਖਰਚ 'ਤੇ 76.6 ਅਰਬ ਡਾਲਰ ਇੱਕ ਸਾਲ (2021) ਵਿਚ ਖਰਚਦੇ ਹਨ। 2012 ਤੋਂ 9 ਸਾਲਾਂ ਵਿਚ ਇਹ 33% ਦਾ ਵਾਧਾ ਹੈ। ਦੁਨੀਆ ਵਿਚ ਫੌਜੀ ਖਰਚੇ ਲਈ ਭਾਰਤ ਤੀਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਜਾਪਾਨ ਸਰਕਾਰ ਨੇ ਫੌਜੀ ਖਰਚਿਆਂ 'ਤੇ 2021 ਵਿਚ 710 ਅਰਬ ਡਾਲਰ ਲਾਏ। 2021 ਵਿਚ ਆਸਟਰੇਲੀਆ ਦੇ ਫੌਜੀ ਖਰਚੇ ਵੀ 4.0 ਫ਼ੀਸਦ ਵਧ ਕੇ 31.8 ਅਰਬ ਡਾਲਰ ਤੱਕ ਪਹੁੰਚ ਗਏ। ਜਰਮਨੀ ਮੱਧ ਅਤੇ ਪੱਛਮੀ ਯੂਰੋਪ ਵਿਚ ਤੀਜਾ ਸਭ ਤੋਂ ਵੱਡਾ ਖਰਚ ਕਰਨ ਵਾਲਾ ਮੁਲਕ ਹੈ। ਇਸ ਨੇ 2021 ਵਿਚ ਫੌਜ 'ਤੇ 56.0 ਅਰਬ ਡਾਲਰ ਖਰਚ ਕੀਤੇ।

ਇਹ ਤੱਥ ਗਵਾਹ ਹਨ ਕਿ ਇਨ੍ਹਾਂ ਮੁਲਕਾਂ ਦੇ ਸਾਲਾਨਾ ਬਜਟ ਵਿਚ ਸਿੱਖਿਆ, ਸਿਹਤ, ਹੋਰ ਭਲਾਈ ਯੋਜਨਾਵਾਂ ਲਈ ਬਜਟ ਹਰ ਸਾਲ ਘਟਦਾ ਜਾਂਦਾ ਹੈ; ਦੂਜਾ ਕੁੱਲ ਘਰੇਲੂ ਪੈਦਾਵਾਰ ਦਾ ਇਨ੍ਹਾਂ ਯੋਜਨਾਵਾਂ ਲਈ 0.2%, 0.40% ਆਦਿ ਨਗੂਣਾ ਹਿੱਸਾ ਹੁੰਦਾ ਹੈ। ਮੁਲਕ ਜੋ ਆਮ ਲੋਕਾਂ ਨਾਲ ਬਣਦਾ ਹੈ, ਉਹ ਤਾਂ ਫਾਕੇ ਕੱਟਦੇ ਹਨ ਪਰ ਹਾਕਮ, ਲੋਕਾਂ ਦਾ ਪੈਸਾ ਲੋਕਾਂ 'ਤੇ ਲਾਉਣ ਦੀ ਥਾਂ ਹਥਿਆਰਾਂ 'ਤੇ ਲਾਉਂਦੇ ਹਨ। ਅਜਿਹਾ ਕਿਉਂ?

ਪਹਿਲਾ ਕਾਰਨ ਹੈ ਸਾਮਰਾਜੀਆਂ ਵਿਚਕਾਰ ਸੰਸਾਰ ਦੇ ਕੁਦਰਤੀ ਤੇ ਮਨੁੱਖੀ ਸਾਧਨਾਂ ਦੀ ਲੁੱਟ ਅਤੇ ਪ੍ਰਭਾਵ ਖੇਤਰ ਵਧਾਉਣ ਲਈ ਆਪਸੀ ਟਕਰਾਅ; ਭਾਵ, ਮੁਨਾਫੇ ਦੀ ਲੁੱਟ-ਖੋਹ ਲਈ ਜੰਗਾਂ। ਜਦੋਂ ਸਰਮਾਏਦਾਰੀ ਸਮਾਜ ਵਿਚ ਇਜਾਰੇਦਾਰਾ ਭੇੜ ਤਿੱਖਾ ਹੋ ਜਾਂਦਾ ਹੈ ਤਾਂ ਫਿਰ ਸੰਸਾਰ ਦੇ ਵੱਡੇ ਸਾਮਰਾਜੀਆਂ ਦੇ ਆਪਸੀ ਹਿੱਤਾਂ ਦਾ ਟਕਰਾਅ ਤੇਜ਼ ਹੁੰਦਾ ਹੈ ਜਿਸ ਕਾਰਨ ਉਹ ਸੰਸਾਰ ਮੰਡੀ ਦੀ ਵੰਡ ਲਈ ਲੜਦੇ ਹਨ (ਜਿਵੇਂ ਰੂਸ, ਅਮਰੀਕਾ ਦਾ ਭੇੜ)। ਦੂਜਾ ਕਾਰਨ ਹੈ ਕਿ ਹਥਿਆਰਾਂ ਦਾ ਵਪਾਰ ਮੁਨਾਫ਼ੇ ਦਾ ਅਥਾਹ ਸੋਮਾ ਹੈ। ਸਭ ਮੁਲਕਾਂ ਦੀਆਂ ਸਰਕਾਰਾਂ ਲੋਕਾਂ ਦੇ ਪੈਸੇ ਨੂੰ ਬੇਲੋੜੇ ਹਥਿਆਰ ਖਰੀਦਣ ਤੇ ਹੋਰ ਫੌਜੀ ਖਰਚਿਆਂ ਵਿਚ ਬਰਬਾਦ ਕਰ ਰਹੀਆਂ ਹਨ ਤਾਂ ਜੋ ਹਥਿਆਰ ਆਦਿ ਬਣਾਉਣ ਵਾਲੇ ਸਰਮਾਏਦਾਰਾਂ ਦੇ ਝੋਲੇ ਮੁਨਾਫੇ ਨਾਲ ਭਰੇ ਜਾਣ। ਤੀਜਾ ਕਾਰਨ ਹੈ ਲੋਕ ਉਭਾਰਾਂ ਦਾ ਡਰ। ਅੱਜ ਸਰਮਾਏਦਾਰੀ ਢਾਂਚਾ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ। ਇਸ ਦੇ ਸਤਾਏ ਲੋਕ ਗੁੱਸੇ ਵਿਚ ਸੜਕਾਂ 'ਤੇ ਉੱਤਰ ਰਹੇ ਹਨ। ਜਿੱਥੇ ਲੋਕ ਜਥੇਬੰਦ ਹੋਣਗੇ, ਉੱਥੇ ਭਵਿੱਖ ਵਿਚ ਹਾਕਮਾਂ ਦੇ ਤਖ਼ਤੇ ਉਲਟਾਉਣਗੇ। ਇਸੇ ਕਰਕੇ ਲੋਕ ਲਹਿਰਾਂ ਦਾ ਡਰ ਹਾਕਮਾਂ ਦੀ ਵੀ ਨੀਂਦ ਉਡਾ ਰਿਹਾ ਹੈ। ਇਨ੍ਹਾਂ ਲਹਿਰਾਂ ਨੂੰ ਕੁਚਲਣ ਲਈ ਹਾਕਮ ਹਥਿਆਰਾਂ ਦੇ ਅੰਬਾਰ ਜਮ੍ਹਾਂ ਰੱਖਦਾ ਹੈ। ਕਿਰਤੀਆਂ ਉੱਪਰ ਥੋਪੀ ਇਸ ਜੰਗ ਨਾਲ ਲੜਨ ਲਈ ਲੋਕਾਂ ਨੂੰ ਵੀ ਜੂਝਣਾ ਪਵੇਗਾ। ਇਤਿਹਾਸ ਗਵਾਹ ਹੈ, ਜਦੋਂ ਅਮਰੀਕਾ ਨੇ ਵੀਅਤਨਾਮ ਦੇ ਲੋਕਾਂ 'ਤੇ ਜੰਗ ਥੋਪੀ ਤਾਂ ਲੋਕਾਂ ਨੇ ਜਵਾਬੀ ਜੰਗ ਨਾਲ ਜ਼ੁਲਮ ਦਾ ਸਾਹਮਣਾ ਕੀਤਾ ਸੀ। ਸੰਸਾਰ ਤੋਂ ਜੰਗਾਂ ਦੇ ਖ਼ਾਤਮੇ ਅਤੇ ਜੰਗ ਦੇ ਸਰੋਤ ਸਰਮਾਏਦਾਰਾ ਪ੍ਰਬੰਧ ਨੂੰ ਖਤਮ ਕਰਨ ਵਾਸਤੇ ਕਿਰਤੀ ਲੋਕਾਈ ਨੂੰ ਜੁਝਾਰੂ ਜੰਗਾਂ ਲੜਨੀਆਂ ਪੈਣਗੀਆਂ।

# ਭਾਰਤੀ ਲੋਕਾਂ ਨੂੰ ਅੱਜ ਕਿਸ ਚੀਜ਼ ਦੀ ਲੋੜ?

**ਅਰੁਣ ਮਾਇਰਾ**

ਸਿਆਸੀ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦਾ ਕਹਿਣਾ ਹੈ ਕਿ ਵੱਖ ਵੱਖ ਫੁੱਟ-ਪਾਊ ਘਟਨਾਵਾਂ ਜਿਵੇਂ ਬਾਬਰੀ ਮਸਜਿਦ ਢਾਹੁਣ ਅਤੇ ਗੁਜਰਾਤ ਦੇ 2002 ਦੇ ਦੰਗਿਆਂ ਤੋਂ ਬਾਅਦ ਵੀ ਬਹੁਗਿਣਤੀ ਹਿੰਦੂ ਵੋਟ ਸ਼ਾਇਦ ਹੀ ਬਦਲੀ ਹੋਵੇ। ਸਰਕਾਰਾਂ ਦੀ ਚੋਣ ਹੋਰ ਮਾਮਲਿਆਂ ਨੂੰ ਲੈ ਕੇ ਕੀਤੀ ਜਾਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੋਧੀਆਂ ਨੂੰ ਇਸ ਗੱਲ ਦਾ ਅਹਿਸਾਸ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਗ਼ੌਰ ਕਰਨ ਦੀ ਲੋੜ ਹੈ ਕਿ ਭਾਰਤ ਦੀ ਵਿਸ਼ਾਲ ਬਹੁਗਿਣਤੀ ਲਈ, ਉਸ ਦੀ ਕਿਸੇ ਵੀ ਜਾਤ ਤੇ ਧਰਮ ਦੇ ਬਾਵਜੂਦ, ਆਖ਼ਿਰ ਕਿਹੜੀ ਚੀਜ਼ ਅਹਿਮੀਅਤ ਰੱਖਦੀ ਹੈ ਅਤੇ ਨਾਲ ਹੀ ਕਿਹੋ ਜਿਹੀ ਸਰਕਾਰ ਅਹਿਮੀਅਤ ਰੱਖਦੀ ਹੈ। ਇਨ੍ਹਾਂ ਵਿਚੋਂ ਇਕ ਹੈ ਅਰਥਚਾਰੇ ਦੀ ਹਾਲਤ। ਦੂਜੀ ਹੈ ਸਮਾਜਿਕ ਕਦਰ-ਕੀਮਤਾਂ ਦਾ ਨਿਘਾਰ।

ਨਾਕਾਫ਼ੀ ਆਮਦਨ 90 ਫ਼ੀਸਦੀ ਭਾਰਤੀਆਂ ਲਈ ਸਭ ਤੋਂ ਵੱਡੀ ਚਿੰਤਾ ਹੈ ਜਿਥੇ ਧਰਮ ਤੇ ਜਾਤ ਦੀਆਂ ਵਲਗਣਾਂ ਕੋਈ ਮਾਇਨੇ ਨਹੀਂ ਰੱਖਦੀਆਂ। ਬੀਤੇ 30 ਸਾਲਾਂ ਦੌਰਾਨ ਯੂਪੀਏ ਅਤੇ ਐਨਡੀਏ ਸਰਕਾਰਾਂ ਨੇ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦਾ ਆਕਾਰ ਵਧਾਉਣ ਵੱਲ ਹੀ ਧਿਆਨ ਦਿੱਤਾ ਹੈ। ਹੁਣ 2022 'ਚ ਭਾਰਤ ਮੁੜ 'ਤੇਜ਼ੀ ਨਾਲ ਉੱਭਰ ਰਿਹਾ ਖੁੱਲ੍ਹੇ ਬਾਜ਼ਾਰ ਵਾਲਾ ਲੋਕਤੰਤਰ' ਬਣ ਚੁੱਕਾ ਹੈ। ਇਸ ਦੇ ਬਾਵਜੂਦ ਕੋਈ ਵੀ ਸਰਕਾਰ 'ਰੁਜ਼ਗਾਰ ਰਹਿਤ' ਵਿਕਾਸ ਅਤੇ ਵਧਦੀਆਂ ਹੋਈਆਂ ਨਾ-ਬਰਾਬਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕੀ। ਇਸ ਸੂਰਤ ਵਿਚ ਉਦਾਰਵਾਦੀਆਂ ਨੂੰ ਧਾਰਮਿਕ ਵੰਡੀਆਂ ਦੇ ਮੁੱਦਿਆਂ ਵਿਚ ਉਲਝਣ ਦੀ ਥਾਂ ਆਪਣੇ ਵਿਚਾਰਾਂ ਵਿਚ ਤਬਦੀਲੀ ਲਿਆਉਂਦਿਆਂ ਆਰਥਿਕ ਪ੍ਰਬੰਧ ਵੱਲ ਧਿਆਨ ਦੇਣਾ ਚਾਹੀਦਾ ਹੈ। ਭਾਰਤ ਦੇ ਆਰਥਿਕ ਪੈਂਤੜੇ ਬਿਲਕੁਲ ਉਸੇ ਤਰ੍ਹਾਂ ਦੇ ਹੀ ਹਨ ਜਿਵੇਂ ਅਮਰੀਕਾ ਤੇ ਪੱਛਮੀ ਮੁਲਕਾਂ ਦੇ। ਉਥੇ ਵੀ ਉਦਾਰਵਾਦ ਨੂੰ ਉਦਾਰਵਾਦ-ਵਿਰੋਧੀ ਸਿਆਸੀ ਮੁਹਿੰਮਾਂ ਤੋਂ ਖ਼ਤਰਾ ਹੈ।

ਭਾਰਤ ਦੀਆਂ ਮਾਲੀ ਨੀਤੀਆਂ ਦਾ ਟੀਚਾ ਆਰਥਿਕ ਵਿਕਾਸ ਦੇ ਨਾਲ ਨਾਲ ਆਮ ਲੋਕਾਂ ਦੀ ਜ਼ਿੰਦਗੀ ਨੂੰ ਠੋਸ ਢੰਗ ਨਾਲ ਆਸਾਨ ਬਣਾਉਣਾ ਹੋਣਾ ਚਾਹੀਦਾ ਹੈ। ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਭਾਰਤੀ ਅਰਥਚਾਰੇ ਦੀ ਸਮੱਸਿਆ ਇਸ ਦੇ 'ਗ਼ੈਰ-ਰਸਮੀ ਸੈਕਟਰ' ਦਾ ਵੱਡਾ ਆਕਾਰ ਹੈ ਜਿਹੜਾ ਭਾਰਤੀ ਅਰਥਚਾਰੇ ਦਾ 90 ਫ਼ੀਸਦ ਤੋਂ ਵੱਧ ਹਿੱਸਾ ਬਣਦਾ ਹੈ। ਉਹ ਤਾਂ ਸਗੋਂ ਚਾਹੁੰਦੇ ਸਨ ਕਿ ਛੋਟੇ ਉੱਦਮ ਵੱਡੇ ਹੋਣ ਅਤੇ ਗ਼ੈਰ-ਰਸਮੀ ਸੈਕਟਰ ਨੂੰ ਤੇਜ਼ੀ ਨਾਲ ਰਸਮੀ ਬਣਾਇਆ ਜਾਵੇ ਹਾਲਾਂਕਿ ਵੱਡੇ ਮਾਲੀ ਪ੍ਰੇਰਕਾਂ ਨਾਲ ਵੱਡੀਆਂ ਫਰਮਾਂ ਨੂੰ ਇਥੇ ਜਾਂ ਉਥੇ ਲਾਉਣ ਦਾ ਉਨ੍ਹਾਂ ਦਾ ਹੱਲ ਰੁਜ਼ਗਾਰ ਪੈਦਾ ਨਹੀਂ ਕਰੇਗਾ। ਇਸ ਦਾ ਸਹੀ ਹੱਲ ਛੋਟੇ ਉੱਦਮਾਂ ਦੇ ਵਿਕਾਸ ਨੂੰ ਹੱਲਾਸ਼ੇਰੀ ਦੇਣਾ ਹੈ ਕਿਉਂਕਿ ਇਹ ਉੱਦਮ ਘੱਟ ਪੂੰਜੀ ਨਾਲ ਜ਼ਿਆਦਾ ਰੁਜ਼ਗਾਰ ਪੈਦਾ ਕਰਦੇ ਹਨ। ਨਾਲ ਹੀ ਉਹ ਮੁਲਕ ਭਰ ਵਿਚ ਦੋਵੇਂ ਸ਼ਹਿਰੀ ਤੇ ਪੇਂਡੂ ਇਲਾਕਿਆਂ ਵਿਚ ਫੈਲੇ ਹੋਏ ਹਨ ਅਤੇ ਉਨ੍ਹਾਂ ਦੇ ਫੈਲਾਅ ਤੇ ਤਰੱਕੀ ਨਾਲ ਵੱਡੇ ਪੈਮਾਨੇ 'ਤੇ ਰੁਜ਼ਗਾਰ ਪੈਦਾ ਹੋਣਗੇ।

ਹਰ ਇਕਾਈ ਦੀ ਆਪੋ-ਆਪਣੇ ਹਾਲਾਤ ਮੁਤਾਬਕ ਕਾਇਮ ਰਹਿਣ ਅਤੇ ਵਿਕਸਤ ਹੋਣ ਲਈ ਸਹੀ ਰੂਪ ਤੇ ਤਰਜ਼ ਹੈ। ਇਹ ਕੁਦਰਤ ਦਾ ਨੇਮ ਹੈ। ਨੀਤੀ ਘਾੜਿਆਂ ਦੀ ਸੋਚ 'ਗ਼ੈਰ-ਰਸਮੀ ਰੂਪ' ਪ੍ਰਤੀ ਵਿਤਕਰੇ ਵਾਲੀ ਹੈ। ਉਨ੍ਹਾਂ ਦਾ ਖ਼ਿਆਲ ਹੈ ਕਿ ਗ਼ੈਰ-ਰਸਮੀ ਬੇਤਰਤੀਬੀ ਤੇ ਨਿਕੰਮਾ ਹੈ ਅਤੇ ਇਸ ਦਾ ਪ੍ਰਬੰਧ ਚਲਾਉਣਾ ਮੁਸ਼ਕਿਲ ਹੈ। ਉਹ ਬਹੁਤ ਜ਼ਿਆਦਾ ਚਾਹੁਣਗੇ ਕਿ ਛੋਟੀਆਂ ਫਰਮਾਂ ਵੱਡੇ ਸਨਅਤੀ ਉੱਦਮਾਂ ਦਾ ਰੂਪ ਧਾਰਨ। ਸਨਅਤੀ ਮੈਨੇਜਰ ਉਹੋ ਬੂਟੇ ਲਾਉਣੇ ਚਾਹੁਣਗੇ ਜਿਹੜੇ ਕਤਾਰ ਵਿਚ ਬੜੇ ਉੱਚੇ ਰੁੱਖਾਂ ਦਾ ਰੂਪ ਧਾਰ ਲੈਣ, ਕਿਉਂਕਿ ਉਨ੍ਹਾਂ ਨੂੰ



ਗਿਣਨਾ ਤੇ ਉਨ੍ਹਾਂ ਦਾ ਪ੍ਰਬੰਧ ਕਰਨਾ ਸੌਖਾ ਹੁੰਦਾ ਹੈ। ਇਸੇ ਤਰ੍ਹਾਂ ਮਾਲੀ ਨੀਤੀ ਘਾੜੇ ਇਸ ਗੱਲ ਨੂੰ ਪਹਿਲ ਦਿੰਦੇ ਹਨ ਕਿ ਸਾਰੀਆਂ ਇਕਾਈਆਂ ਦਾ ਉਹੋ ਸਰੂਪ ਹੋਵੇ ਜੋ ਉਨ੍ਹਾਂ (ਨੀਤੀ ਘਾੜਿਆਂ ਨੂੰ) ਬਿਹਤਰੀਨ ਜਾਪਦਾ ਹੈ, ਕਿਉਂਕਿ ਇਸ ਤਰ੍ਹਾਂ ਉਨ੍ਹਾਂ ਇਕਾਈਆਂ ਉਤੇ ਧਿਆਨ ਰੱਖਣਾ ਆਸਾਨ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਵਸੀਲੇ (ਵਿੱਤ, ਟਰੇਨਿੰਗ ਆਦਿ) ਮੁਹੱਈਆ ਕਰਾਉਣੇ ਵੀ ਸੌਖੇ ਹੋ ਜਾਂਦੇ ਹਨ। ਉਂਝ, ਇਹ ਢਾਂਚਾ ਛੋਟੇ ਉੱਦਮਾਂ ਦੀ ਵਿਹਾਰਕਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਨਾਲ ਹੀ ਅਰਥਚਾਰੇ ਨੂੰ 'ਵੱਧ ਪੂੰਜੀ ਘੱਟ ਰੁਜ਼ਗਾਰ' ਵਾਲੀ ਵਿਕਾਸ ਤਰਜ਼ ਦੇ ਫੰਧੇ ਵਿਚ ਫਸਾਈ ਰੱਖਦਾ ਹੈ।

ਸਮਾਜਿਕ ਉਦਾਰਵਾਦੀਆਂ (soical ilberals) ਅਤੇ ਸਮਾਜਿਕ ਰੂੜ੍ਹੀਵਾਦੀਆਂ (soical conservaitves) ਦੇ ਕਿਸੇ ਚੰਗੇ ਸਮਾਜ ਮੁਤੱਲਕ ਵੱਖੋ-ਵੱਖਰੇ ਵਿਚਾਰ ਹਨ। ਉਦਾਰਵਾਦੀਆਂ ਲਈ ਕਿਸੇ ਵਿਅਕਤੀ ਦਾ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ ਜਿਊਣ ਦਾ ਹੱਕ ਸਭ ਤੋਂ ਅਹਿਮ ਹੈ, ਫਿਰ ਭਾਵੇਂ ਇਹ ਉਨ੍ਹਾਂ ਦਾ ਚੁਣਿਆ ਆਪਣਾ ਕਿੱਤਾ ਹੋਵੇ, ਉਨ੍ਹਾਂ ਦਾ ਪਹਿਰਾਵਾ ਹੋਵੇ, ਤੇ ਭਾਵੇਂ ਉਨ੍ਹਾਂ ਦੀਆਂ ਜਿਨਸੀ ਪਸੰਦਾਂ ਤੇ ਤਰਜੀਹਾਂ ਹੋਣ। ਦੂਜੇ ਪਾਸੇ ਰੂੜ੍ਹੀਵਾਦੀ ਅਜਿਹਾ ਸਭ ਕੁਝ ਸਮਾਜੀ ਰਵਾਇਤਾਂ ਤੇ ਨੇਮਾਂ ਮੁਤਾਬਕ ਕੀਤੇ ਜਾਣ ਨੂੰ ਤਰਜੀਹ ਦਿੰਦੇ ਹਨ। ਇਸ ਤਰ੍ਹਾਂ ਹਿੰਦੂ ਉਦਾਰਵਾਦੀਆਂ ਦੇ ਵਿਚਾਰ ਹਿੰਦੂ ਰੂੜ੍ਹੀਵਾਦੀਆਂ ਨਾਲੋਂ ਵੱਖਰੇ ਹੋਣਗੇ ਜਿਵੇਂ ਮੁਸਲਿਮ ਉਦਾਰਵਾਦੀਆਂ ਦੇ ਮੁਸਲਿਮ ਰੂੜ੍ਹੀਵਾਦੀਆਂ ਨਾਲੋਂ ਜੁਦਾ ਹੋਣਗੇ।

ਸਭਿਆਚਾਰਕ ਮਨੋਵਿਗਿਆਨੀ ਜੋਨਾਥਨ ਹਾਇਡ (Jonathan Hiadt) ਆਪਣੀ ਕਿਤਾਬ 'ਦਿ ਰਾਇਟਿਅਸ ਮਾਈਂਡ: ਵ੍ਹਾਏ ਗੁਡ ਪੀਪਲ ਆਰ ਡਿਵਾਈਡਿਡ ਬਾਇ ਪੌਲਿਟਿਕਸ ਐਂਡ ਰਿਲਿਜਨ' ਵਿਚ ਦੱਸਦੇ ਹਨ ਕਿ ਉਦਾਰਵਾਦੀਆਂ ਜਿਨ੍ਹਾਂ ਦੇ ਨੈਤਿਕ ਨਿਯਮ ਵਿਅਕਤੀਵਾਦੀ ((ਨਦਿਵਿਅਿਲਸਿਟਚਿ) ਹਨ, ਵਾਸਤੇ ਹੋਂਦ-ਮੁਖੀ ਸਵਾਲ ਇਹ ਹੈ ਕਿ 'ਮੈਂ ਕੌਣ ਹਾਂ?' ਰੂੜ੍ਹੀਵਾਦੀਆਂ ਦੇ ਨੈਤਿਕ ਨਿਯਮ ਸਮਾਜਿਕ-ਕੇਂਦਰਿਤ (soico-centirc) ਹਨ ਤੇ ਉਨ੍ਹਾਂ ਲਈ ਸਵਾਲ ਹੈ- 'ਅਸੀਂ ਕੌਣ ਹਾਂ?' ਉਹ ਆਖਦੇ ਹਨ ਕਿ ਦੋਵੇਂ ਹੀ 'ਨਿਰਪੱਖਤਾ' ਅਤੇ 'ਕਿਸੇ ਨੂੰ ਨੁਕਸਾਨ ਨਾ ਪਹੁੰਚਾਉਣ' ਦੇ ਸਰਵ-ਵਿਆਪਕ ਸਿਧਾਂਤਾਂ ਦਾ ਸਤਿਕਾਰ ਕਰਦੇ ਹਨ ਪਰ ਰੂੜ੍ਹੀਵਾਦੀ ਇਸ ਪੱਖੋਂ ਵੱਧ ਡੂੰਘਾਈ ਵਿਚ ਜਾਂਦੇ ਹਨ। ਉਹ 'ਵਫ਼ਾਦਾਰੀ' ਅਤੇ 'ਅਥਾਰਟੀ ਦੇ ਸਤਿਕਾਰ' ਦੀ ਕਦਰ ਕਰਦੇ ਹਨ, ਕਿਉਂਕਿ ਅਜਿਹੀਆਂ ਕਦਰਾਂ-ਕੀਮਤਾਂ ਸਮਾਜ ਵਿਚ ਸਥਿਰਤਾ ਲਈ ਜ਼ਰੂਰੀ ਹਨ। ਉਦਾਰਵਾਦੀਆਂ ਲਈ 'ਰਵਾਇਤਾਂ' ਤੇ 'ਵਿਸ਼ਵਾਸ' ਜੋ ਬੇਯਕੀਨੀ ਦੌਰਾਨ ਨੁੰਮਾਇੰਦਗੀ ਦਿੰਦੇ ਹਨ, ਉਹ

(ਬਾਕੀ ਅਗਲੇ ਸਫੇ 'ਤੇ)

# ਭਾਜਪਾ ਸਰਕਾਰ ਦੇ ਅੱਠ ਸਾਲ ਅਤੇ ਮੁਲਕ ਦਾ ਅਰਥਚਾਰਾ



ਡਾ. ਕੇਸਰ ਸਿੰਘ ਭੰਗੂ

26 ਮਈ, 2022 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਐਨਡੀਏ ਸਰਕਾਰ ਨੇ 8 ਸਾਲ ਪੂਰੇ ਕਰ ਲਏ। ਸਰਕਾਰ ਵੱਲੋਂ ਆਪਣਾ ਕੰਮਕਾਜ ਸੰਭਾਲਣ ਤੋਂ ਦੋ ਤਿੰਨ ਸਾਲਾਂ ਬਾਅਦ ਹੀ ਭਾਰਤ ਦੀ ਅਰਥ-ਵਿਵਸਥਾ ਲਗਾਤਾਰ ਗਿਰਾਵਟ ਵੱਲ ਜਾਂਦੀ ਦਿਸਣ ਲੱਗ ਪਈ ਸੀ ਕਿਉਂਕਿ ਲਗਭਗ ਸਾਰੇ ਹੀ ਮਹੱਤਵਪੂਰਨ ਆਰਥਿਕ ਇੰਡੀਕੇਟਰ ਜਿਵੇਂ ਆਰਥਿਕ ਵਿਕਾਸ ਦਰ, ਪ੍ਰਤੀ ਵਿਅਕਤੀ ਆਮਦਨ ਦਰ, ਬੇਰੁਜ਼ਗਾਰੀ ਦੀ ਦਰ, ਮਹਿੰਗਾਈ ਦੀ ਦਰ, ਗ਼ਰੀਬੀ ਦੀ ਸਥਿਤੀ ਆਦਿ, ਪਿਛਲੇ ਦਹਾਕੇ ਦੌਰਾਨ ਸਭ ਤੋਂ ਨੀਵੇਂ ਪੱਧਰ 'ਤੇ ਆ ਗਏ ਹਨ। ਅਜਿਹਾ ਹੋਣ ਵਿਚ ਕਿਸੇ ਵੀ ਬਾਹਰੀ ਅਤੇ ਕੌਮਾਂਤਰੀ ਨੀਤੀਆਂ ਅਤੇ ਕਾਰਕਾਂ ਦਾ ਰੋਲ ਨਹੀਂ ਹੈ। ਗਹੁ ਨਾਲ ਵਾਚਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਹਾਲਤ ਲਈ ਸਰਕਾਰ ਦੀਆਂ ਨੀਤੀਆਂ ਅਤੇ ਕੋਵਿਡ-19 ਮਹਾਮਾਰੀ ਨਾਲ ਠੀਕ ਢੰਗ ਨਾਲ ਨਾ ਨਜਿੱਠਣ ਕਾਰਨ ਹੀ ਹੋਇਆ ਹੈ। ਕੇਂਦਰ ਸਰਕਾਰ ਨੇ ਭਾਵੇਂ ਪਿਛਲੇ ਅੱਠ ਸਾਲਾਂ ਵਿਚ ਆਰਥਿਕ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਜਿਵੇਂ ਯੋਜਨਾ ਕਮਿਸ਼ਨ ਤੋੜ ਕੇ ਨੀਤੀ ਆਯੋਗ ਬਣਾਉਣਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨਾ, ਮੁਦਰਾ ਨੀਤੀ, ਰਾਜਕੋਸ਼ੀ ਨੀਤੀ ਆਦਿ ਪਰ ਇਥੇ ਸਰਕਾਰ ਦੁਆਰਾ ਲਾਗੂ ਕੀਤੀਆਂ ਦੋ ਵੱਡੀਆਂ ਆਰਥਿਕ ਨੀਤੀਆਂ/ਤਬਦੀਲੀਆਂ, ਭਾਵ 2016 ਵਿਚ ਨੋਟਬੰਦੀ ਤੇ 2017 ਵਿਚ ਗੁੱਡਜ਼ ਐਂਡ ਸਰਵਿਸ ਟੈਕਸ (ਜੀਐੱਸਟੀ) ਅਤੇ 2020 ਵਿਚ ਕੋਵਿਡ-19 ਮਹਾਮਾਰੀ ਦੀ ਮਾਰ ਦਾ ਅਧਿਐਨ ਕੀਤਾ ਜਾਵੇਗਾ।

ਯੂਪੀਏ ਸਰਕਾਰ ਸਮੇਂ ਵਿੱਤੀ ਸਾਲ 2012-13 ਵਿਚ ਮੁਲਕ ਵਿਚ ਕੁੱਲ ਘਰੇਲੂ ਉਤਪਾਦ ਵਿਕਾਸ ਦਰ 5.5 ਫ਼ੀਸਦ ਸਾਲਾਨਾ ਅਤੇ ਨਾਲ ਹੀ ਪ੍ਰਤੀ ਵਿਅਕਤੀ ਆਮਦਨ ਦਰ 3।3 ਫ਼ੀਸਦ ਸਾਲਾਨਾ ਦੇ ਹਿਸਾਬ ਨਾਲ ਵਧ ਰਹੀ ਸੀ। ਸਰਕਾਰ ਨੇ ਪਿਛਲੀ ਸਰਕਾਰ ਤੋਂ ਵਿਰਸੇ ਵਿਚ 2014-15 ਦੌਰਾਨ ਚੰਗੀ ਆਰਥਿਕ ਹਾਲਤ ਵਿਚ ਅਰਥ-ਵਿਵਸਥਾ ਸੰਭਾਲੀ ਸੀ ਕਿਉਂਕਿ ਇਸ ਵਿੱਤੀ ਸਾਲ ਦੌਰਾਨ ਕੁੱਲ ਘਰੇਲੂ ਉਤਪਾਦ ਦੇ ਵਿਕਾਸ ਦਰ 7।4 ਫ਼ੀਸਦ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਵਾਧੇ ਦੀ ਦਰ 6.2 ਫ਼ੀਸਦ ਸੀ। ਸਰਕਾਰ ਦੇ ਕੰਮਕਾਜ ਸੰਭਾਲਣ ਦੇ ਤਿੰਨ ਮਹੀਨਿਆਂ ਬਾਅਦ, ਭਾਵ ਅਗਸਤ 2014 ਵਿਚ ਦੁਨੀਆ ਭਰ ਵਿਚ ਕੱਚੇ ਤੇਲ ਦੀਆਂ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਵਿਚ ਭਾਰੀ ਇਤਿਹਾਸਕ ਗਿਰਾਵਟ ਆਈ ਜਿਸ ਨੇ ਪਹਿਲਾਂ ਤੋਂ ਹੀ ਚੰਗੀ ਆਰਥਿਕ ਤਰੱਕੀ ਕਰ ਰਹੀ ਭਾਰਤ ਦੀ ਅਰਥ-ਵਿਵਸਥਾ ਨੂੰ ਹੋਰ ਮਜ਼ਬੂਤ ਕੀਤਾ। ਨਤੀਜੇ ਵਜੋਂ 2016-17 ਵਿਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿਚ 8।3 ਫ਼ੀਸਦ ਅਤੇ ਪ੍ਰਤੀ ਵਿਅਕਤੀ ਆਮਦਨ ਦਰ ਵਿਚ 6.9 ਫ਼ੀਸਦ ਦਾ ਵਾਧਾ ਦਰਜ ਹੋਇਆ।

ਕੇਂਦਰ ਸਰਕਾਰ ਦਾ ਨਵੰਬਰ 2016 ਵਿਚ ਨੋਟਬੰਦੀ ਲਾਗੂ ਕਰਨ ਦਾ ਫੈਸਲਾ ਬੇਲੋੜਾ ਸੀ। ਇਸ ਫੈਸਲੇ ਨਾਲ ਆਮ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਮੁਲਕ ਵਿਚ ਬਹੁਤ ਸਾਰੇ ਲੋਕਾਂ ਦੀ ਆਮਦਨ ਤੇ ਰੁਜ਼ਗਾਰ ਨੂੰ ਢਾਹ ਲੱਗੀ; ਖ਼ਾਸਕਰ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਗੈਰ-ਸੰਗਠਤ ਖੇਤਰ ਦੇ ਅਦਾਰਿਆਂ ਦੇ ਕਰਮੀਆਂ ਤੇ ਮਾਲਕਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ। ਦੂਜੇ ਬੰਨੇ, ਇਸ ਫੈਸਲੇ ਲਈ ਸਰਕਾਰ ਦੇ ਐਲਾਨੇ ਇਕ ਵੀ ਉਦੇਸ਼ ਦੀ ਪੂਰਤੀ ਨਹੀਂ ਹੋ ਸਕੀ। ਇਸ ਤੋਂ ਬਾਅਦ 2017 ਦੌਰਾਨ ਜੀਐੱਸਟੀ ਲਾਗੂ ਕੀਤਾ ਗਿਆ। ਸਰਕਾਰ ਦੇ ਇਸ ਫ਼ੈਸਲੇ ਨੇ ਵੀ ਮੁਲਕ ਵਿਚ ਛੋਟੇ, ਦਰਮਿਆਨੇ ਅਤੇ ਗੈਰ-ਸੰਗਠਤ ਵਪਾਰਕ ਅਦਾਰਿਆਂ ਨੂੰ ਵੱਡੀ ਢਾਹ ਲਾਈ।



ਇਸ ਫ਼ੈਸਲੇ ਨੇ ਮੁਲਕ ਦੇ ਮਜ਼ਬੂਤ ਫੈਡਰਲ ਢਾਂਚੇ ਨੂੰ ਵੀ ਨੀਵਾਂ ਦਿਖਾਇਆ, ਨਾਲ ਹੀ ਸੂਬਿਆਂ ਦੇ ਟੈਕਸ ਲਾਗੂ ਕਰਕੇ ਆਪਣੀ ਆਮਦਨ ਵਿਚ ਵਾਧਾ ਕਰਨ 'ਤੇ ਰੋਕ ਲਗਾ ਦਿੱਤੀ। ਹੁਣ ਸਾਰੇ ਸੂਬੇ ਛੋਟੀ ਛੋਟੀ ਵਿੱਤੀ ਸਹਾਇਤਾ ਲਈ ਵੀ ਕੇਂਦਰ ਸਰਕਾਰ 'ਤੇ ਨਿਰਭਰ ਹਨ। ਪਤਾ ਨਹੀਂ ਕਿਵੇਂ, ਮੁਲਕ ਦੀਆਂ ਮਜ਼ਬੂਤ ਖੇਤਰੀ ਸਿਆਸੀ ਪਾਰਟੀਆਂ ਜਿਹੜੀਆਂ ਫੈਡਰਲਿਜ਼ਮ ਅਤੇ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਦੀਆਂ ਝੰਡਾਬਰਦਾਰ ਸਨ, ਨੇ ਵੀ ਜੀਐੱਸਟੀ ਲਾਗੂ ਕਰਨ ਲਈ ਹਾਮੀ ਭਰ ਦਿੱਤੀ।

ਇਨ੍ਹਾਂ ਦੋ ਆਰਥਿਕ ਤਬਦੀਲੀਆਂ ਕਾਰਨ ਮੁਲਕ ਵਿਚ ਆਮ ਲੋਕਾਂ ਦੀ ਰੋਜ਼ੀ ਰੋਟੀ ਕਮਾਉਣ ਦੇ ਵਸੀਲਿਆਂ ਨੂੰ ਵੱਡੀ ਢਾਹ ਲੱਗੀ। ਲੋਕਾਂ ਦਾ ਰੁਜ਼ਗਾਰ ਖੁੱਸਿਆ, ਆਮਦਨ ਘਟੀ, ਗ਼ਰੀਬੀ ਵਧੀ, ਖੁਰਾਕ ਸੁਰੱਖਿਆ ਖ਼ਤਰੇ ਵਿਚ ਪਈ ਅਤੇ ਬਹੁਤ ਲੋਕ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਏ। ਇਨ੍ਹਾਂ ਨੀਤੀਆਂ ਕਾਰਨ ਮੁਲਕ ਵਿਚ ਪਿਛਲੇ ਪੰਜ ਦਹਾਕਿਆਂ ਤੋਂ ਪਹਿਲੀ ਵਾਰ ਪ੍ਰਤੀ ਵਿਅਕਤੀ ਆਮਦਨ ਘਟੀ ਕਿਉਂਕਿ 2017-18 ਤੋਂ 2021-22 ਦਰਮਿਆਨ ਪ੍ਰਤੀ ਵਿਅਕਤੀ ਆਮਦਨ ਦਰ 0।2 ਫ਼ੀਸਦ ਦੇ ਹਿਸਾਬ ਨਾਲ ਸਾਲਾਨਾ ਘੱਟ ਹੋ ਗਈ। ਇਥੇ ਹੀ ਬਸ ਨਹੀਂ, ਗੈਰ-ਖੇਤੀ ਧੰਦਿਆਂ ਵਿਚ ਕੰਮ ਕਰਦੇ ਕਰਮੀਆਂ ਦੀ ਅਸਲ ਮਜ਼ਦੂਰੀ ਵੀ 0.2 ਫ਼ੀਸਦ ਦੇ ਹਿਸਾਬ ਨਾਲ ਘਟੀ ਅਤੇ 2016-17 ਤੋਂ ਬਾਅਦ ਅਸਲ ਮਜ਼ਦੂਰੀ ਵਿਚ 0.7 ਫ਼ੀਸਦ ਸਲਾਨਾ ਦਾ ਭਾਰੀ ਘਾਟਾ ਦਰਜ ਕੀਤਾ ਗਿਆ।

ਇਹ ਅੰਕੜੇ ਪਿਛਲੇ ਸਾਲਾਂ ਵਿਚ ਦੌਰਾਨ ਵਧੀ ਗ਼ਰੀਬੀ ਅਤੇ ਗਰੀਬੀ ਘਟਣ ਦੀ ਦਰ ਵਿਚ ਆਈ ਕਮੀ ਵੱਲ ਇਸ਼ਾਰਾ ਕਰਦੇ ਹਨ। ਮੁਲਕ ਵਿਚ ਗ਼ਰੀਬੀ ਦੇ ਅੰਕੜੇ ਇਕ ਦਹਾਕਾ, ਭਾਵ 2011-12 ਦੇ ਹੀ ਮਿਲਦੇ ਹਨ। ਗ਼ਰੀਬੀ ਬਾਰੇ ਜਿਹੜਾ ਸਰਵੇਖਣ 2017-18 ਵਿਚ ਹੋਇਆ ਸੀ, ਉਸ ਨੂੰ ਸਰਕਾਰ ਨੇ ਤਕਨੀਕੀ ਖਾਮੀਆਂ ਹੋਣ ਕਾਰਨ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਜਿਨ੍ਹਾਂ ਲੋਕਾਂ ਅਤੇ ਸੰਸਥਾਵਾਂ ਨੇ ਗ਼ਰੀਬੀ ਮਾਪਣ ਬਾਰੇ ਕੋਈ ਸਰਵੇਖਣ ਜਾਂ ਖੋਜ ਪੱਤਰ ਛਾਪੇ, ਉਨ੍ਹਾਂ ਦੀ ਭਰੋਸੇਯੋਗਤਾ ਨਹੀਂ ਹੈ। ਇਸ ਲਈ ਉਪਰੋਕਤ ਅੰਕੜਿਆਂ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਜਦੋਂ ਮੁਲਕ ਵਿਚ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਘਟੀ ਹੈ ਤਾਂ ਸੁਭਾਵਿਕ ਹੈ ਕਿ ਗ਼ਰੀਬੀ ਵੀ ਵਧੀ ਹੈ।

ਮੁਲਕ ਦੀ ਅਰਥ-ਵਿਵਸਥਾ ਪਹਿਲਾਂ ਹੀ ਗਿਰਾਵਟ ਵੱਲ ਜਾ ਰਹੀ ਸੀ, ਕੋਵਿਡ-19 ਮਹਾਮਾਰੀ ਰੋਕਣ ਲਈ ਮਾਰਚ 2020 ਵਿਚ ਮੁਲਕ ਭਰ ਵਿਚ ਲਾਏ ਸਾਰੀ ਦੁਨੀਆ ਤੋਂ ਸਖ਼ਤ ਲੌਕਡਾਊਨ ਅਤੇ ਵਪਾਰ ਤੇ ਉਦਯੋਗ ਉਤੇ ਪਾਬੰਦੀਆਂ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਕੌਮਾਂਤਰੀ ਮਜ਼ਦੂਰ ਸੰਗਠਨ ਅਤੇ ਖੁਰਾਕ ਤੇ ਖੇਤੀਬਾੜੀ ਸੰਗਠਨ ਮੁਤਾਬਿਕ ਦੁਨੀਆ ਵਿਚ ਗ਼ਰੀਬੀ ਦੀ ਦਰ ਵਿਚ 20 ਫ਼ੀਸਦ ਤੋਂ ਵੀ ਜ਼ਿਆਦਾ ਵਾਧਾ ਹੋਇਆ। ਜਿਨ੍ਹਾਂ ਮੁਲਕਾਂ ਵਿਚ ਵੱਡੀ ਗਿਣਤੀ ਮਜ਼ਦੂਰ ਗੈਰ-ਸੰਗਠਤ ਖੇਤਰਾਂ ਵਿਚ ਰੁਜ਼ਗਾਰ 'ਤੇ ਲੱਗੇ ਹੋਏ ਸਨ (ਜਿਵੇਂ ਭਾਰਤ ਵਿਚ), ਉਥੇ ਮਜ਼ਦੂਰਾਂ ਦਾ ਰੁਜ਼ਗਾਰ ਬਹੁਤ ਜ਼ਿਆਦਾ ਘਟਿਆ। ਕੌਮਾਂਤਰੀ ਮਜ਼ਦੂਰ ਸੰਗਠਨ ਮੁਤਾਬਕ ਭਾਰਤ ਵਿਚ ਕੋਵਿਡ-19 ਮਹਾਮਾਰੀ ਕਾਰਨ ਮਜ਼ਦੂਰਾਂ ਦਾ ਰੁਜ਼ਗਾਰ ਵੱਡੇ ਪੱਧਰ 'ਤੇ ਘਟਿਆ ਹੈ, ਭਾਰਤ ਸਰਕਾਰ ਵੱਲੋਂ ਨਿਗੂਣੀ ਸਹਾਇਤਾ ਦੇਣ ਕਾਰਨ ਕਰੋੜਾਂ ਲੋਕ ਗ਼ਰੀਬੀ ਵਿਚ ਧੱਕੇ ਗਏ ਹਨ, ਇਨ੍ਹਾਂ ਵਿਚੋਂ ਬਹੁਤ ਸਾਰੇ ਭੁੱਖਮਰੀ ਦਾ ਸ਼ਿਕਾਰ ਵੀ ਹੋਏ। ਇਹ ਬਿਲਕੁਲ ਸਪੱਸ਼ਟ ਹੋ ਗਿਆ ਕਿ ਕੋਵਿਡ-19 ਨੇ ਭਾਰਤ ਵਿਚ ਸਭ ਤੋਂ ਮਾਰੂ ਅਤੇ ਭਿਆਨਕ ਅਸਰ ਗੈਰ-ਸੰਗਠਤ ਖੇਤਰਾਂ ਵਿਚ ਰੁਜ਼ਗਾਰ 'ਤੇ ਲੱਗੇ ਲੋਕਾਂ ਉੱਤੇ ਪਾਇਆ। ਅਮੀਰ ਮੁਲਕਾਂ ਜਿਵੇਂ ਅਮਰੀਕਾ, ਬਰਤਾਨੀਆ ਆਦਿ ਨੇ ਕੋਵਿਡ-19 ਮਹਾਮਾਰੀ ਦੀ ਮਾਰ ਦਾ ਸ਼ਿਕਾਰ ਹੋਏ ਲੋਕਾਂ ਲਈ ਆਪਣੇ ਕੁੱਲ ਘਰੇਲੂ ਉਤਪਾਦ ਦੇ ਵੱਡੇ ਹਿੱਸੇ, 10 ਫ਼ੀਸਦ ਤੋਂ 20 ਫ਼ੀਸਦੀ ਤੱਕ, ਖ਼ਰਚ ਕੀਤੇ ਪਰ ਭਾਰਤ ਸਰਕਾਰ ਨੇ ਲੋਕਾਂ ਦੀ ਮਦਦ ਲਈ ਬਹੁਤਾ ਕੁਝ ਨਹੀਂ ਕੀਤਾ; ਇਸ ਨੇ ਆਪਣੇ ਕੁੱਲ ਘਰੇਲੂ ਉਤਪਾਦ ਦਾ ਸਿਰਫ਼ 1 ਫ਼ੀਸਦ ਤੋਂ ਵੀ ਘੱਟ ਖਰਚ ਕੀਤਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਇਸ ਮਹਾਮਾਰੀ ਕਾਰਨ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ 'ਤੇ ਪਏ ਮਾੜੇ ਪ੍ਰਭਾਵ ਘਟਾਉਣ ਵਿਚ ਅਸਫਲ ਰਹੀ ਹੈ।

ਮੁਲਕ ਵਿਚ ਪਿਛਲੇ ਕੁਝ ਸਾਲਾਂ ਤੋਂ ਵਧ ਰਹੀ ਹਰ ਕਿਸਮ ਦੀ ਮਹਿੰਗਾਈ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੱਜ ਪ੍ਰਚੂਨ ਅਤੇ ਥੋਕ ਮਹਿੰਗਾਈ ਦੀ ਦਰ ਜੋ ਕੁਝ ਸਾਲਾਂ ਤੋਂ ਲਗਾਤਾਰ ਵਧ ਰਹੀ ਹੈ, 8 ਸਾਲਾਂ ਵਿਚ ਸਭ ਤੋਂ ਉੱਚੇ ਪੱਧਰ 'ਤੇ ਹੈ। ਗ਼ਰੀਬ ਲੋਕ ਜੋ ਬਹੁਗਿਣਤੀ ਵਿਚ ਹਨ, ਮਹਿੰਗਾਈ ਦੀ ਮਾਰ ਸਭ ਤੋਂ ਵੱਧ ਝੱਲ ਰਹੇ ਹਨ। ਪਿਛਲੇ ਸਮੇਂ ਦੌਰਾਨ ਪੈਟਰੋਲੀਅਮ ਪਦਾਰਥਾਂ, ਖਾਣ ਵਾਲੇ ਤੇਲਾਂ, ਖਾਧ ਪਦਾਰਥਾਂ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਬੇਹਿਸਾਬ ਵਾਧਾ ਹੋਇਆ ਹੈ। ਨਤੀਜੇ ਵਜੋਂ ਇਹ ਪਦਾਰਥ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਵਧ ਰਹੀ ਮਹਿੰਗਾਈ ਦੇ ਅਸਲ ਕਾਰਨ ਸਰਕਾਰ ਵੱਲੋਂ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮਣਾਂ ਮੂੰਹੀਂ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦੇਣਾ ਅਤੇ ਸਰਕਾਰ ਦੀਆਂ ਹੋਰ ਆਰਥਿਕ ਤਰਜੀਹਾਂ ਹਨ, ਭਾਵ ਮਹਿੰਗਾਈ ਲਈ ਜ਼ਿੰਮੇਵਾਰ ਕਾਰਕ ਅੰਦਰੂਨੀ ਹਨ, ਭਾਵੇਂ ਹੁਣ ਕੁਝ ਮਹੀਨਿਆਂ ਤੋਂ ਮਹਿੰਗਾਈ ਵਧਾਉਣ ਲਈ ਕੌਮਾਂਤਰੀ ਕਾਰਕਾਂ ਵੀ ਥੋੜ੍ਹੇ ਜ਼ਿੰਮੇਵਾਰ ਹਨ। ਇਥੇ ਸਰਕਾਰ ਦੀਆਂ ਆਰਥਿਕ ਤਰਜੀਹਾਂ ਤੋਂ ਮਤਲਬ ਹੈ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾ ਦੇਣ ਵਾਲੀਆਂ ਨੀਤੀਆਂ ਉੱਪਰ ਚਲ ਰਹੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਵਿਚ ਲਗਾਤਾਰ ਚੋਖਾ ਵਾਧਾ ਹੋ ਰਿਹਾ ਹੈ।

ਸਰਕਾਰ ਨੂੰ ਨੀਤੀਆਂ ਵਿਚ ਲੋਕ ਪੱਖੀ ਤਬਦੀਲੀਆਂ ਕਰਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ ਚਾਹੀਦਾ ਹੈ ਜਿਸ ਨਾਲ ਲੋਕਾਂ ਦੀ ਆਮਦਨ ਵਧੇ ਅਤੇ ਛੇਤੀ ਹੀ ਮਹਿੰਗਾਈ ਤੋਂ ਆਮ ਆਦਮੀ ਨੂੰ ਰਾਹਤ ਪਹੁੰਚਾਉਣੀ ਚਾਹੀਦੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਜਲਦੀ ਹੀ ਮੁਲਕ ਦੀ ਆਬਾਦੀ ਦਾ ਵੱਡਾ ਹਿੱਸਾ ਘੋਰ ਗ਼ਰੀਬੀ ਵਿਚ ਧੱਕਿਆ ਜਾਵੇਗਾ ਅਤੇ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਜਾਵੇਗਾ।



# ਸਾਈਕਲ ਚਲਾਓ, ਤੰਦਰੁਸਤ ਰਹੋ

ਸੁਖਵਿੰਦਰ ਮੋਹਨ ਸਿੰਘ ਭਾਟੀਆ

ਸਾਈਕਲ ਨੂੰ ਅਮੀਰ ਤੇ ਗ਼ਰੀਬ, ਦੋਹਾਂ ਦੀ ਸਵਾਰੀ ਮੰਨਿਆ ਜਾਂਦਾ ਹੈ। ਇਸ ਨੂੰ ਚਲਾਉਣ ਨਾਲ ਮਨੁੱਖ ਦੀ ਤੰਦਰੁਸਤੀ ਬਰਕਰਾਰ ਰਹਿੰਦੀ ਹੈ। ਮਹਾਨ ਵਿਗਿਆਨੀ ਆਈਨਸਟਾਈਨ ਨੇ ਜੀਵਨ ਦੀ ਤੁਲਨਾ ਸਾਈਕਲ ਨਾਲ ਕੀਤੀ ਹੈ, 'ਸਾਈਕਲ ਗਤੀ ਦਾ ਪ੍ਰਤੀਕ ਹੈ, ਚੱਲਦੇ ਰਹਿਣਾ ਹੀ ਜ਼ਿੰਦਗੀ ਹੈ। ਖੜੌਤ ਅਤੇ ਸੜਾਂਦ ਦਾ ਅਰਥ ਹੈ ਕਿ ਦੁਨੀਆ ਤੋਂ ਦੂਰ। ਅੱਜ ਕੋਈ ਵੀ ਅਜਿਹਾ ਘਰ ਨਹੀਂ ਹੋਵੇਗਾ ਜਿੱਥੇ ਜੀਵਨ ਦਾ ਸੱਚਾ ਹਮਦਰਦ ਸਾਈਕਲ ਨਾ ਖੜ੍ਹਾ ਹੋਵੇ। ਕਿਸੇ ਘਰ ਬਹੁਤ ਮਹਿੰਗੇ, ਸਸਤੇ ਅਤੇ ਕਿਸੇ ਵਿਹੜੇ ਸ਼ਿੰਗਾਰੇ ਅਤੇ ਕਿਸੇ ਘਰ ਨੁੱਕਰ ਵਿਚ ਟਾਇਰਾਂ ਤੋਂ ਸੱਖਣਾ ਸਾਈਕਲ ਜ਼ਰੂਰ ਪਿਆ ਹੋਵੇਗਾ। ਸਾਈਕਲ ਬੜਾ ਲਾਭਕਾਰੀ ਹੈ ਕਿਉਂਕਿ ਹਰ ਰੋਜ਼ ਮਹਿੰਗੇ ਹੋ ਰਹੇ ਪੈਟਰੋਲ ਦਾ ਖ਼ਰਚਾ, ਵਧਦਾ ਪ੍ਰਦੂਸ਼ਣ ਤੇ ਸ਼ੋਰ ਮਨ ਨੂੰ ਕਚੀਚਦਾ ਰਹਿੰਦਾ ਹੈ। ਟਰੈਫਿਕ ਦੀ ਘੜਮੱਸ ਵਿਚ ਸਾਈਕਲ ਚਲਾਉਣ ਵਾਲਾ ਇੰਜ ਲੰਘ ਜਾਂਦਾ ਹੈ ਜਿਵੇਂ ਹਵਾ ਦਾ ਬੁੱਲਾ। ਨਾ ਭੀੜ ਦਾ ਡਰ, ਨਾ ਟਰੈਫਿਕ ਜਾਮ ਲੱਗਣ ਦਾ ਖ਼ੌਫ਼। ਪਾਰਕਿੰਗ ਦਾ ਵੀ ਕੋਈ ਬਹੁਤਾ ਪੰਗਾ ਨਹੀਂ। ਵਿਦੇਸ਼ਾਂ ਵਿਚ ਤਾਂ ਕਈ ਥਾਈਂ ਸਾਈਕਲ ਚਲਾਉਣ ਵਾਲਿਆਂ ਲਈ ਵੱਖਰੇ ਟਰੈਕ ਹਨ। ਕਈ ਮੁਲਕਾਂ ਦੇ ਤਾਂ ਮੁਖੀ ਤਕ ਸਾਈਕਲ ਚਲਾਉਂਦੇ ਹਨ। ਸਾਈਕਲ ਕਲੱਬ ਵੀ ਬੜੇ ਬਣੇ ਹੋਏ ਹਨ। ਸਾਈਕਲ ਰੈਲੀਆਂ ਹੋ ਰਹੀਆਂ ਹਨ, ਸਾਈਕਲਿੰਗ ਦੀਆਂ ਇਨ੍ਹਾਂ ਖ਼ੂਬੀਆਂ ਦੇ ਮੱਦੇਨਜ਼ਰ ਸੰਯੁਕਤ ਰਾਸ਼ਟਰ ਦੀ ਮਹਾਸਭਾ ਨੇ ਅਪ੍ਰੈਲ 2018 'ਚ ਇਕ ਮਤੇ ਰਾਹੀਂ ਤਿੰਨ ਜੂਨ ਨੂੰ ਕੌਮਾਂਤਰੀ ਬਾਈਸਾਈਕਲ ਦਿਵਸ ਐਲਾਨਿਆ ਹੈ। ਹੁਣ ਤਕ ਪੂਰੇ ਸੰਸਾਰ ਵਿਚ ਇਹ ਸੰਦੇਸ਼ ਜਾ ਚੁੱਕਾ ਹੈ ਕਿ ਸਾਈਕਲ ਸਮੁੱਚੀ ਮਾਨਵਤਾ ਦਾ ਹੈ ਅਤੇ ਉਸ ਦੀ ਸੇਵਾ ਕਰਦਾ ਹੈ ਭਾਵ ਸਾਈਕਲ ਇਕ ਸਦਾਬਹਾਰ , ਵਿਸ਼ਵਾਸੀ, ਭਰੋਸੇਯੋਗ, ਸਾਫ਼ ਅਤੇ ਵਾਤਾਵਰਨ ਪੱਖੋਂ ਇਕ ਢੁੱਕਵਾਂ ਤੇ ਨਿਭਣਯੋਗ ਸਾਧਨ ਹੈ। ਅਮਰੀਕਾ 'ਚ ਕੰਮ ਕਰਦੇ ਪ੍ਰੋਫੈਸਰ ਲੈਂਜ਼ਿੰਗ ਸਿਵਲ ਸਕੀ ਜੋ ਖ਼ੁਦ ਟਰੈਕ ਸਾਈਕਲਿਸਟ ਵੀ ਹਨ, ਨੇ ਆਪਣੀ ਸਮਾਜ ਸ਼ਾਸਤਰ ਦੀ ਜਮਾਤ ਦੀ ਮਦਦ ਨਾਲ ਇਸ ਮਤੇ ਨੂੰ ਖ਼ੂਬ ਪ੍ਰਚਾਰਿਆ। ਇਕ ਤਰ੍ਹਾਂ ਉਹੀ ਇਸ ਦਿਵਸ ਦਾ ਜਨਮਦਾਤਾ ਹੈ। ਸਾਈਕਲ ਚਲਾਉਣ ਦੇ ਹੋਰ ਵੀ ਬੜੇ ਲਾਭ ਹਨ। ਇਸ ਨਾਲ ਸਿਰਫ਼ ਸਰੀਰ ਹੀ ਤੰਦਰੁਸਤ ਨਹੀਂ ਰਹਿੰਦਾ ਸਗੋਂ ਮਨ ਵੀ ਰਾਜ਼ੀ ਰਹਿੰਦਾ ਹੈ। ਇਹ ਮੋਟਾਪੇ, ਸ਼ੂਗਰ ਅਤੇ ਹੋਰ ਮਰਜ਼ਾਂ ਲਈ ਫ਼ਾਇਦੇਮੰਦ ਹੈ ਕਿਉਂਕਿ ਇਸ ਨਾਲ ਭਾਰ ਘਟਦਾ ਹੈ। ਪਿਛਲੇ ਸਮਿਆਂ ਦੌਰਾਨ ਲਾਕਡਾਊਨ ਵਰਗੇ ਹਾਲਾਤ ਵਿਚ ਲੋਕਾਂ ਨੇ ਸਾਈਕਲ ਦੀ ਸੁਚੱਜੀ ਵਰਤੋਂ ਕਰਦਿਆਂ ਆਪਣੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਹੋਰ ਮਜ਼ਬੂਤ ਕੀਤਾ ਹੈ। ਸਾਨੂੰ ਸਾਰਿਆਂ ਨੂੰ ਖ਼ਾਸ ਕਰਕੇ ਨੌਜਵਾਨਾਂ ਨੂੰ ਸਾਈਕਲ ਦੀ ਵਰਤੋਂ ਕਰਦਿਆਂ ਮਾਣ ਮਹਿਸੂਸ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਦੀ ਹੋਂਦ ਤੰਦਰੁਸਤ ਜੀਵਨ ਦੀ ਸੁਚੱਜੀ ਅਗਵਾਈ ਕਰਦੀ ਰਹੇਗੀ।

# ਭਾਰਤੀ ਲੋਕਾਂ ਨੂੰ ਅੱਜ ਕਿਸ ਚੀਜ ਦੀ ਲੋੜ?

**(ਸਫਾ 5 ਦੀ ਬਾਕੀ)**

ਪਿਛਾਂਹ-ਖਿਚੂ ਕਦਰਾਂ-ਕੀਮਤਾਂ ਹਨ। ਕੁਝ ਉਦਾਰਵਾਦੀ ਆਗੂਆਂ ਨੇ ਅਮਰੀਕਾ ਵਿਚ ਰੂੜ੍ਹੀਵਾਦੀ ਨਾਗਰਿਕਾਂ ਨੂੰ 'ਗੰਦ' ਅਤੇ 'ਨਿੰਦਣਯੋਗ' ਕਰਾਰ ਦੇ ਕੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ ਹੈ। ਭਾਰਤ ਵਿਚ ਵੀ ਬਹੁਤ ਸਾਰੇ ਉਦਾਰਵਾਦੀ ਜਿਹੜੇ ਦੁਨੀਆ ਨੂੰ ਪੱਛਮ ਤੋਂ ਹਾਸਲ ਕੀਤੇ ਚਸ਼ਮਿਆਂ ਥਾਣੀਂ ਦੇਖਣਾ ਪਸੰਦ ਕਰਦੇ ਹਨ, ਉਹ ਰੂੜ੍ਹੀਵਾਦੀ ਭਾਰਤੀਆਂ ਨੂੰ 'ਵਿਗਿਆਨ ਵਿਰੋਧੀ' ਅਤੇ ਅਤੀਤ ਵਿਚ ਫਸੇ ਹੋਏ ਦੱਸ ਕੇ ਰੱਦ ਕਰਦੇ ਹਨ।

ਪੱਚੀ ਸਾਲ ਪਹਿਲਾਂ ਕੁਝ ਵੱਡੇ ਭਾਰਤੀ ਕਾਰੋਬਾਰੀਆਂ ਨੇ 'ਇੰਡੀਆ ਐਟ 75' (ਆਜ਼ਾਦੀ ਦੇ 75 ਸਾਲ ਪੂਰੇ ਹੋਣ ਮੌਕੇ ਭਾਰਤ) ਲਈ ਸੁਪਨਾ ਸਿਰਜਿਆ ਸੀ ਤੇ ਇਸ ਨੂੰ ਹਾਸਲ ਕਰਨ ਦੀ ਰਣਨੀਤੀ ਬਣਾਈ ਸੀ। ਹੁਣ ਭਾਰਤ ਦੀ ਆਜ਼ਾਦੀ ਨੂੰ 75 ਸਾਲ ਹੋ ਚੁੱਕੇ ਹਨ ਪਰ ਇਹ ਸੁਪਨਾ ਸਾਕਾਰ ਨਹੀਂ ਕੀਤਾ ਜਾ ਸਕਿਆ। ਅਸੀਂ ਬਹੁਤੇ ਟੀਚੇ ਸਰ ਕਰਨ 'ਚ ਨਾਕਾਮ ਰਹੇ ਹਾਂ।

ਅਲਬਰਟ ਆਇੰਸਟਾਈਨ ਦਾ ਕਹਿਣਾ ਸੀ ਕਿ ਉਨ੍ਹਾਂ ਤਰੀਕਿਆਂ ਨੂੰ ਹੀ ਜਾਰੀ ਰੱਖਣਾ ਜਿਨ੍ਹਾਂ ਨੇ ਤੁਹਾਡੇ ਮਨਚਾਹੇ ਨਤੀਜੇ ਨਾ ਦਿੱਤੇ ਹੋਣ, ਪਾਗਲਪਣ ਹੈ, ਕਿਉਂਕਿ ਜਿਹੜੀ ਸਮੱਸਿਆ ਤੁਸੀਂ ਹੱਲ ਕਰਨਾ ਚਾਹੁੰਦੇ ਹੋ, ਉਸ ਸਮੱਸਿਆ ਦਾ ਕਾਰਨ ਇਹੋ ਤਰੀਕੇ ਹੋ ਸਕਦੇ ਹਨ। ਵਿਕਾਸ ਨੂੰ ਵਧੇਰੇ ਨਿਆਂਸੰਗਤ ਅਤੇ ਨਾਲ ਹੀ ਵਾਤਾਵਰਨ ਪੱਖੋਂ ਵਧੇਰੇ ਹੰਢਣਸਾਰ ਬਣਾਉਣ ਲਈ ਸਾਨੂੰ ਆਪਣੇ ਅਰਥਚਾਰੇ ਨੂੰ ਵਿਕਸਤ ਕਰਨ ਵਾਸਤੇ ਕਿਸੇ ਨਵੇਂ ਤਰੀਕੇ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਅਸੀਂ ਜਿਹੋ ਜਿਹਾ ਸਮਾਜ ਸਿਰਜਣਾ ਚਾਹੁੰਦੇ ਹਾਂ, ਉਸ ਦੇ ਸਰੂਪ ਅਤੇ ਨਾਲ ਹੀ ਅਸੀਂ ਆਪਣੇ ਆਪ ਉਤੇ ਜਮਹੂਰੀ ਢੰਗ ਨਾਲ ਕਿਵੇਂ ਹਕੂਮਤ ਕਰਨੀ ਹੈ, ਬਾਰੇ ਸਹਿਮਤੀ ਬਣਾਉਣ ਲਈ ਸਾਨੂੰ ਨਵੇਂ ਤਰੀਕੇ ਤਲਾਸ਼ਣ ਦੀ ਲੋੜ ਹੈ।

ਭਾਰਤੀ ਲੋਕ ਆਪਣੇ ਵਤਨ ਦੀ ਰੂਹ ਦੀ ਤਲਾਸ਼ ਵਿਚ ਹਨ। ਉਨ੍ਹਾਂ ਨੂੰ ਇਹ ਭਾਰਤ ਦੇ ਲਿਖਤੀ ਇਤਿਹਾਸ ਵਿਚੋਂ ਨਹੀਂ ਮਿਲੇਗੀ। ਇਤਿਹਾਸ ਦੌਰਾਨ ਭਾਰਤ ਦੀਆਂ ਭੂਗੋਲਿਕ ਸਰਹੱਦਾਂ ਬਦਲ ਗਈਆਂ ਹਨ, ਜਿਵੇਂ ਇਹ ਰੂਪਰੇਖਾ ਬਦਲੀ ਹੈ ਕਿ 'ਅਸੀਂ' ਕੌਣ ਹਾਂ। ਕਾਂਗਰਸ ਨੇ 'ਉਦੇਪੁਰ ਨਵ ਸੰਕਲਪ' ਮੌਕੇ ਸਾਰਿਆਂ ਨੂੰ 'ਭਾਰਤੀਅਤਾ' ਦੇ ਸਿਧਾਂਤਾਂ ਦਾ ਪਾਲਣ ਕਰਨ ਦਾ ਸੱਦਾ ਦਿੱਤਾ ਹੈ। ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਸਾਡੀਆਂ ਭਾਸ਼ਾਵਾਂ 'ਭਾਰਤੀਅਤਾ' ਦੀ ਰੂਹ ਹਨ। ਭਾਰਤ ਦੇ ਨਾਗਰਿਕ ਬਹੁਤ ਸਾਰੀਆਂ ਭਾਸ਼ਾਵਾਂ ਬੋਲਦੇ ਹਨ; ਉਨ੍ਹਾਂ ਦੇ ਵੰਨ-ਸਵੰਨੇ ਇਤਿਹਾਸ ਹਨ। ਜਾਤ ਦੀਆਂ ਵੰਡਾਂ ਬਹੁਤ ਤਿੱਖੀਆਂ ਹਨ। ਮਾਲੀ ਨਾ-ਬਰਾਬਰੀਆਂ ਵਧ ਰਹੀਆਂ ਹਨ। ਰਸਮੀ ਤੇ ਗ਼ੈਰ-ਰਸਮੀ ਵੱਖ ਵੱਖ ਸੰਸਾਰਾਂ ਵਿਚ ਰਹਿੰਦੇ ਹਨ। ਹੁਣ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਲੋਕਾਂ ਜਿਹੜੇ ਸਾਡੇ ਵਰਗੇ ਨਹੀਂ, ਦੀ ਆਵਾਜ਼ ਸੁਣਨ ਲਈ ਆਪਣੇ ਪਾਰਟੀ ਸਬੰਧਾਂ ਤੇ ਪਛਾਣਾਂ ਅਤੇ ਆਪਣੀ ਕੱਟੜਤਾ ਦੇ ਘੇਰੇ ਤੋਂ ਬਾਹਰ ਆਈਏ। ਹੁਣ ਸਾਡੇ ਲਈ 'ਭਾਰਤ ਐਟ 100' ਦਾ ਨਵਾਂ ਸੁਪਨਾ ਸਿਰਜਣ ਅਤੇ ਨਾਲ ਹੀ 'ਅਸੀਂ' ਕੌਣ ਹਾਂ, ਦੀ ਤਲਾਸ਼ ਲਈ ਕੌਮੀ ਪੱਧਰ 'ਤੇ ਸੰਵਾਦ ਰਚਾਉਣ ਸਮਾਂ ਆ ਗਿਆ ਹੈ।

# ਪੰਜਾਬ ਵਿਚ ਵਧਦੀ ਹਿੰਸਾ ਪਿੱਛੇ ਕੀ ਕਾਰਨ?



ਐਤਵਾਰ ਜ਼ਿਲ੍ਹਾ ਮਾਨਸਾ ਦੇ ਪਿੰਡ ਜਵਾਹਰਕੇ ਵਿਚ ਅਣਪਛਾਤੇ ਵਿਅਕਤੀਆਂ ਨੇ ਅੰਨ੍ਹੇਵਾਹ ਗੋਲੀਬਾਰੀ ਕਰ ਕੇ ਪੰਜਾਬੀ ਗਾਇਕ ਤੇ ਅਦਾਕਾਰ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਨੂੰ ਕਤਲ ਕਰ ਦਿੱਤਾ। ਗਾਇਕ ਨੂੰ ਦਿੱਤੀ ਸੁਰੱਖਿਆ ਘਟਾਈ ਗਈ ਸੀ। ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲੀਸ (ਡੀਜੀਪੀ) ਵੀਕੇ ਭਾਵਰਾ ਅਨੁਸਾਰ ਇਹ ਸੁਰੱਖਿਆ ਘੱਲੂਘਾਰਾ ਦਿਵਸ ਦੌਰਾਨ ਪੁਲੀਸ ਬੰਦੋਬਸਤ ਕਰਨ ਲਈ ਆਰਜ਼ੀ ਤੌਰ ’ਤੇ ਘਟਾਈ ਗਈ ਸੀ। ਡੀਜੀਪੀ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਇਕ ਅਪਰਾਧੀ ਗੈਂਗ ਦੇ ਕੈਨੇਡਾ ਵਿਚ ਰਹਿ ਰਹੇ ਮੈਂਬਰ ਨੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਸੁਰੱਖਿਆ ਘਟਾਏ ਜਾਣ ਵਾਲੀ ਜਾਣਕਾਰੀ ਜਨਤਕ ਕਰਨ ਦੇ ਮੁੱਦੇ ਨੂੰ ਲੈ ਕੇ ਪੰਜਾਬ ਪੁਲੀਸ ’ਤੇ ਸਵਾਲ ਉਠਾਏ ਜਾ ਰਹੇ ਹਨ। ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਮੰਗ ’ਤੇ ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਬੇਨਤੀ ਕੀਤੀ ਹੈ ਕਿ ਇਸ ਘਟਨਾ ਦੀ ਜਾਂਚ ਕਰਨ ਲਈ ਹਾਈ ਕੋਰਟ ਦੇ ਜੱਜ ਦੀ ਨਿਯੁਕਤੀ ਕੀਤੀ ਜਾਵੇ। ਇਹ ਵੀ ਦੱਸਿਆ ਗਿਆ ਹੈ ਕਿ ਐਤਵਾਰ ਸਿੱਧੂ ਮੂਸੇਵਾਲਾ ਜਦੋਂ ਘਰੋਂ ਬਾਹਰ ਗਿਆ ਤਾਂ ਨਾ ਤਾਂ ਉਸ ਨੇ ਆਪਣੇ ਨਾਲ ਦੋ ਸੁਰੱਖਿਆ ਕਰਮਚਾਰੀਆਂ ਨੂੰ ਨਾਲ ਲਿਆ ਅਤੇ ਨਾ ਹੀ ਆਪਣੀ ਬੁਲਟ-ਪਰੂਫ ਕਾਰ ਦੀ ਵਰਤੋਂ ਕੀਤੀ। ਘਟਨਾ ਵੱਡੀ ਸਾਜ਼ਿਸ਼ ਵੱਲ ਸੰਕੇਤ ਕਰਦੀ ਹੈ।

ਸਿੱਧੂ ਮੂਸੇਵਾਲਾ ਨੇ ਥੋੜ੍ਹੇ ਸਮੇਂ ਵਿਚ ਗਾਇਕੀ ਵਿਚ ਵੱਡੀ ਸਫ਼ਲਤਾ ਹਾਸਲ ਕੀਤੀ। ਉਹ ਕੈਨੇਡਾ ਚਲਾ ਗਿਆ ਸੀ ਪਰ ਵਾਪਸ ਆ ਕੇ ਉਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਾਨਸਾ ਹਲਕੇ ਤੋਂ ਕਾਂਗਰਸ ਦੀ ਟਿਕਟ ’ਤੇ ਚੋਣ ਲੜੀ। ਉਹ ਕੁਝ ਵਰ੍ਹਿਆਂ ਵਿਚ ਹੀ ਨੌਜਵਾਨਾਂ ਅਤੇ ਕਿਸ਼ੋਰ ਉਮਰ ਦੇ ਲੜਕੇ-ਲੜਕੀਆਂ ਦਾ ਚਹੇਤਾ ਗਾਇਕ ਬਣ ਗਿਆ। ਉਸ ਦੇ ਯੂਟਿਊਬ ਚੈਨਲ ਦੇ 22 ਲੱਖ ਸਬਸਕ੍ਰਾਈਬਰ ਸਨ। ਉਸ ਦੇ ਕਈ ਗਾਣਿਆਂ ’ਤੇ ਵਿਵਾਦ ਵੀ ਹੋਇਆ। ਉਹ ਪੰਜਾਬ ਹੀ ਨਹੀਂ ਸਗੋਂ ਕੈਨੈਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਦੇਸ਼ਾਂ ਵਿਚ ਵੀ ਹਰਮਨ ਪਿਆਰਾ ਸੀ। ਉਹ ਅਮਰੀਕਾ ਦੇ ਟੂਪਾਕ ਸ਼ਕੋਰ (Tupac Shakur) ਜਿਹੇ ਰੈਪ-ਗਾਇਕਾਂ ਦਾ ਪ੍ਰਸ਼ੰਸਕ ਸੀ। ਇਤਫ਼ਾਕ ਦੀ ਗੱਲ ਹੈ ਕਿ ਟੂਪਾਕ ਸ਼ਕੋਰ ਦਾ ਵੀ 1996 ਵਿਚ 25 ਸਾਲ ਦੀ ਉਮਰ ਵਿਚ ਏਦਾਂ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਆਪਣੇ ਆਖ਼ਰੀ ਗਾਣੇ ‘ਦਿ ਲਾਸਟ ਰਾਈਡ’ ਵਿਚ ਸਿੱਧੂ ਮੂਸੇਵਾਲਾ ਨੇ ਉਹੋ ਜਿਹੀ ਕਾਰ ਵਰਤੀ ਸੀ ਜਿਹੋ ਜਿਹੀ ਕਾਰ ਵਿਚ ਟੂਪਾਕ ਸ਼ਕੋਰ ਆਪਣੇ ਕਤਲ ਦੇ ਦਿਨ ਸਵਾਰ ਸੀ। ਇਹ ਗੀਤ ਵੀ ਸ਼ਕੋਰ ਨੂੰ ਸਮਰਪਿਤ ਸੀ। ‘ਦਿ ਲਾਸਟ ਰਾਈਡ’ ਵਿਚ ਸਿੱਧੂ ਮੂਸੇਵਾਲਾ ਨੇ ਇਹ ਲਿਖਿਆ ਤੇ ਗਾਇਆ, ‘‘ਓ ਚੋਬਰ ਦੇ ਚਿਹਰੇ ਉੱਤੇ ਨੂਰ ਦੱਸਦਾ/ਨੀ ਇਹਦਾ ਉੱਠੂਗਾ ਜਵਾਨੀ ’ਚ ਜਨਾਜ਼ਾ ਮਿੱਠੀਏ।’’ ਉਹ ਭਰ ਜਵਾਨੀ ਵਿਚ ਚੱਲ ਵਸਿਆ। ਉਸ ਦੇ ਕਤਲ ਨੇ ਪੰਜਾਬ ਨੂੰ ਨਾ ਸਿਰਫ਼ ਸੋਗ ਵਿਚ ਡੋਬਿਆ ਹੈ ਸਗੋਂ ਗਹਿਰਾ ਸਦਮਾ ਵੀ ਪਹੁੰਚਾਇਆ ਹੈ।

ਸਮਾਜ ਵਿਗਿਆਨੀ ਸਮਾਜ ਵਿਚ ਹਿੰਸਾ ਵਧਣ ਦੇ ਕਾਰਨਾਂ ’ਤੇ ਵਿਚਾਰ ਕਰਦੇ ਰਹੇ ਹਨ। ਇਸ ਸਬੰਧ ਵਿਚ ਕੋਈ ਅਜਿਹੇ ਕੁਦਰਤੀ ਨੇਮ ਨਹੀਂ ਜੋ ਸੰਸਾਰ ਦੇ ਸਾਰੇ ਸਮਾਜਾਂ ’ਤੇ ਲਾਗੂ ਹੋ ਸਕਣ। ਹਰ ਸਮਾਜ ਵਿਚ ਹਿੰਸਾ ਸਥਾਨਕ, ਸਮਾਜਿਕ, ਸੱਭਿਆਚਾਰਕ, ਇਤਿਹਾਸਕ ਅਤੇ ਆਰਥਿਕ ਪੱਖਾਂ ਤੋਂ ਪ੍ਰਭਾਵਿਤ ਹੁੰਦੀ ਅਤੇ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਸਮਾਜ ਸ਼ਾਸਤਰੀ ਰੈਚਲ ਕਲੀਨਫੈਲਡ ਸਮਾਜਾਂ ਵਿਚ ਹਿੰਸਾ ਵਧਣ ਦੇ ਕਾਰਨਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਦੀ ਹੈ; ਪਹਿਲੀ, ਜਦ ਰਿਆਸਤ/ਸਟੇਟ ਅਤੇ ਪੁਲੀਸ ਕਮਜ਼ੋਰ ਹੋਣ ਤੇ ਇਸ ਕਾਰਨ ਅਪਰਾਧੀਆਂ ’ਤੇ ਕਾਬੂ ਨਾ ਪਾ ਸਕਣ; ਇਸ ਸਬੰਧੀ ਅਮਰੀਕਾ ਦੇ ਪੱਛਮੀ ਸੂਬਿਆਂ (iWld West) ਦੀ ਉਦਾਹਰਨ ਦਿੱਤੀ ਜਾਂਦੀ ਹੈ; ਦੂਸਰੀ, ਜਦ ਰਿਆਸਤ ਤੇ ਪੁਲੀਸ ਮਜ਼ਬੂਤ ਹੋਣ ਪਰ ਹਿੰਸਾ ਕਰਨ ਵਾਲੇ ਗੈਂਗਾਂ ਅਤੇ ਦਹਿਸ਼ਤਗਰਦਾਂ ਦੀ ਸਰਪ੍ਰਸਤੀ ਕਰਨ; ਇਸ ਸਬੰਧ ਵਿਚ ਅਮਰੀਕਾ ਵਿਚ ਕੂ ਕਲੱਕਸ ਕਲੈਨ ਜਿਹੀਆਂ ਨਸਲਵਾਦੀ ਜਥੇਬੰਦੀਆਂ ਨੂੰ ਸਰਪ੍ਰਸਤੀ ਦੇਣ ਵਾਲੇ ਦੱਖਣੀ ਸੂਬਿਆਂ ਨੂੰ ਗਿਣਿਆ ਜਾਂਦਾ ਹੈ। ਤੀਸਰੀ ਸ਼੍ਰੇਣੀ ਵਿਚ ਉਹ ਸਮਾਜ ਆ ਸਕਦੇ ਹਨ ਜਿੱਥੇ ਰਿਆਸਤ/ਸਟੇਟ ਤੇ ਪੁਲੀਸ ਕਮਜ਼ੋਰ ਵੀ ਹੋਣ ਅਤੇ ਉਸ ਵਿਚਲੇ ਕੁਝ ਤੱਤ ਹਿੰਸਾ ਕਰਨ ਵਾਲੇ ਗੈਂਗਾਂ ਤੇ ਜਥੇਬੰਦੀਆਂ ਦੀ ਸਰਪ੍ਰਸਤੀ ਵੀ ਕਰਦੇ ਹੋਣ। ਸਮਾਜਿਕ ਹਿੰਸਾ ਤੋਂ ਮੁਕਤੀ ਪ੍ਰਾਪਤ ਕਰਨ ਲਈ ਮਜ਼ਬੂਤ ਸਰਕਾਰ ਦੇ ਨਾਲ ਨਾਲ ਅਜਿਹੀ ਪਹੁੰਚ ਅਪਣਾਉਣ ਦੀ ਜ਼ਰੂਰਤ ਹੈ ਜਿਸ ਤਹਿਤ ਸਰਕਾਰ ਦਾ ਕੋਈ ਤੱਤ ਹਿੰਸਾ ਨੂੰ ਉਤਸ਼ਾਹਿਤ ਨਾ ਕਰੇ। ਸਿੱਧੂ ਮੂਸੇਵਾਲਾ ਦੇ ਕਤਲ ਨੇ ਪੰਜਾਬ ਨੂੰ ਆਪਣੇ ਅੰਦਰ ਪਈ ਸਮਾਜਿਕ ਹਿੰਸਾ ਦੇ ਰੂਬਰੂ ਕੀਤਾ ਹੈ। ਇਸ ਕਤਲ ਦੀ ਤਹਿ ਵਿਚ ਜਾ ਕੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਦੇ ਨਾਲ ਨਾਲ ਪੰਜਾਬੀਆਂ ਨੂੰ ਡੂੰਘੇ ਮੰਥਨ ਦੀ ਜ਼ਰੂਰਤ ਹੈ ਕਿ ਉਹ ਸਮਾਜ ਵਿਚ ਮੌਜੂਦ ਹਿੰਸਾਤਮਕ ਰੁਝਾਨਾਂ ਤੋਂ ਮੁਕਤੀ ਕਿਵੇਂ ਪਾਉਣ।

# ਡੁੱਬ ਰਹੀ ਕਾਂਗਰਸ ਨੂੰ ਬੁਨਿਆਦੀ ਕਾਇਆ-ਕਲਪ ਦੀ ਲੋੜ

**ਸ਼ਿਵ ਵਿਸ਼ਵਨਾਥਨ**

ਭਾਸ਼ਾ ਅਤੇ ਵਕਤ ਕੋਲ ਸਿਆਸਤ ਅਤੇ ਸਿਆਸਤਦਾਨਾਂ ਨੂੰ ਹੈਰਾਨੀਜਨਕ ਢੰਗ ਨਾਲ ਬਦਲ ਦੇਣ ਦਾ ਤਰੀਕਾ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੀ ਲੈ ਲਓ। ਉਨ੍ਹਾਂ ਦੀ ਅੱਠ ਸਾਲ ਦੀ ਹਕੂਮਤ ਨੇ ਉਨ੍ਹਾਂ ਨੂੰ ਗੌਰਵ ਦੀ ਭਾਵਨਾ ਦਿੱਤੀ। ਉਨ੍ਹਾਂ ਆਰਐੱਸਐੱਸ ਦੇ ਪ੍ਰਚਾਰਕ ਤੋਂ ਸ਼ੁਰੂ ਕਰ ਕੇ ਭਾਜਪਾ ਦੇ ਪ੍ਰਧਾਨ ਮੰਤਰੀ ਦਾ ਵੱਡਾ ਰੁਤਬਾ ਹਾਸਲ ਕੀਤਾ ਹੈ। ਵਕਤ ਨੇ ਮੋਦੀ ਨੂੰ ਇਕ ਨਵੇਂ ਰਾਜਨੀਤੀਵੇਤਾ ਦੇ ਨਮੂਨੇ ਵਜੋਂ ਪੇਸ਼ ਕੀਤਾ ਹੈ; ਅਜਿਹਾ ਆਗੂ ਜਿਹੜਾ ਲੋਕਾਂ ਦੀ ਅਚੇਤਨਾ ਵਿਚ ਦਸਤਕ ਦਿੰਦਿਆਂ ਨਵੇਂ ਪੜਾਅ ਸਿਰਜਦਾ ਹੈ। ਉਨ੍ਹਾਂ ਦੇ ਦੁਆਲੇ ਤਲਿੱਸਮੀ-ਜਾਦੂਈ ਭਾਵਨਾ ਕਾਇਮ ਹੈ। ਇਥੋਂ ਤੱਕ ਕਿ ਉਨ੍ਹਾਂ ਦੀ ਸਾਧਾਰਨਤਾ ਦੀ ਭਾਵਨਾ ਚਾਹਵਾਲੇ ਦੇ ਵਿਚਾਰ ਨੂੰ ਉਜਾਗਰ ਕਰਦੀ ਹੈ। ਇਸ ਤੋਂ ਬਾਅਦ ਪ੍ਰੈੱਸ ਰਾਹੁਲ ਗਾਂਧੀ ਦੀ ਸਾਧਾਰਨਤਾ ਵੱਲ ਨਿਗ੍ਹਾ ਮਾਰਦੀ ਹੈ ਅਤੇ ਇਸ ਨੂੰ ਸਾਧਾਰਨਤਾ (ਮਇਦਿੱਚਰਿਟੇ) ਹੀ ਦਿਖਾਈ ਦਿੰਦੀ ਹੈ। ਮੋਦੀ ਅਜਿਹਾ ਆਗੂ ਹੈ ਜੋ ਆਲਮੀ ਆਗੂਆਂ ਦਰਮਿਆਨ ਸਿਰ ਕੱਢ ਕੇ ਖਲੋਤਾ ਦਿਖਾਈ ਦਿੰਦਾ ਹੈ ਅਤੇ ਇਸ ਤਰ੍ਹਾਂ ਭਾਰਤ ਦੇ ਗੌਰਵ ਤੇ ਸਵੈ-ਮਾਣ ਦੀ ਕਥਿਤ ਤਾਂਘ ਦਾ ਝੱਸ ਪੂਰਾ ਕਰਦਾ ਹੈ। ਵਕਤ ਦਾ ਸੁਨੇਹਾ ਇਹੋ ਹੈ ਕਿ ਉਹ ਅਜੇ ਇਸੇ ਰੁਤਬੇ ਉਤੇ ਟਿਕਿਆ ਰਹੇਗਾ ਤੇ ਭਾਜਪਾ ਹੀ ਅਗਲੇ ਦਹਾਕੇ ਦੀ ਸਿਆਸੀ ਵਿਚਾਰਧਾਰਾ ਨੂੰ ਆਕਾਰ ਦੇਵੇਗੀ। ਸਾਨੂੰ ਇਹ ਜਾਣਕਾਰੀ ਦੇਣ ਲਈ ਕਿਸੇ ਪ੍ਰਸ਼ਾਂਤ ਕਿਸ਼ੋਰ ਦੀ ਲੋੜ ਨਹੀਂ ਹੈ।

ਕਾਂਗਰਸ ਜੋ ਤਸਵੀਰ ਪੇਸ਼ ਕਰਦੀ ਹੈ, ਉਹ ਬਿਲਕੁਲ ਵੱਖਰੀ ਹੈ; ਉਸ ਵਕਤ ਤਾਂ ਬੀਤੇ ਦੀਆਂ ਯਾਦਾਂ ਵੀ ਗ਼ਾਇਬ ਹੋ ਜਾਂਦੀਆਂ ਹਨ ਕਿਉਂਕਿ ਰਾਹੁਲ ਗਾਂਧੀ ਹਾਸ ਭਰਪੂਰ ਤੇ ਲਾਚਾਰ ਦਿਖਾਈ ਦੇਣ ਲੱਗਦਾ ਹੈ। ਉਸ ਦੀ ਕਾਰਗੁਜ਼ਾਰੀ ਹਾਸੋਹੀਣੀ ਜਾਪਦੀ ਹੈ, ਜਦੋਂਕਿ ਮੋਦੀ ਉਮੀਦ ਮੁਤਾਬਕ ਠੀਕ ਦਿਖਾਈ ਦਿੰਦਾ ਹੈ। ਮੀਡੀਆ ਲਈ ਮੋਦੀ ਨਵੀਂ ਵਿਰਾਟਤਾ ਉਭਾਰਦਾ ਹੈ, ਜਦੋਂਕਿ ਰਾਹੁਲ ਗਾਂਧੀ ਵੱਧ ਤੋਂ ਵੱਧ ਮੀਡੀਆ ਲਈ ਹਾਸਰਸ ਹੀ ਪੈਦਾ ਕਰ ਸਕਦਾ ਹੈ।

ਕਾਂਗਰਸ ਦੀਆਂ ਮਿੱਥਾਂ ’ਤੇ ਉਭਰਿਆ ਅਤੇ ਬਹੁਲਤਾਵਾਦ ਨੂੰ ਸਮਰਪਿਤ ਇਕ ਲੇਖਕ ਅਜਿਹੇ ਹਾਲਾਤ ਦਾ ਸਾਹਮਣਾ ਚਿੰਤਾ ਤੇ ਫ਼ਿਕਰ ਵਾਲੀ ਭਾਵਨਾ ਨਾਲ ਕਰਦਾ ਹੈ। ਇਸ ਦੇ ਬਾਵਜੂਦ ਉਹ ਮਹਿਸੂਸ ਕਰ ਸਕਦਾ ਹੈ ਕਿ ਇਹ ਜਿਹੜਾ ਮਹਾਨ ਜਸ਼ਨ ਵਰਗਾ ਦਿਖਾਈ ਦਿੰਦਾ ਹੈ, ਇਹ ਕੋਈ ਇਕ-ਭਾਸ਼ੀ ਰਾਗ ਹੀ ਹੈ ਜੋ ਅਸਲ ਵਿਚ ਹੌਲੀ ਹੌਲੀ ਵਧਦਾ ਹੋਇਆ ਨਰਮ ਤਾਨਾਸ਼ਾਹੀ ਦਾ ਵਿਖਿਆਨ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਇਹੋ ਜਿਹੇ ਦੌਰ ਵਿਚ ਕੋਈ ਕਿਵੇਂ ਕਾਂਗਰਸ ਨੂੰ ਮੁੜ ਪੈਰਾਂ ਸਿਰ ਕਰ ਸਕਦਾ ਹੈ। ਇਸ ਦੇ ਨਾਲ ਹੀ ਇਹ ਗੱਲ ਸਾਫ਼ ਹੈ ਕਿ ਕੋਈ ਵੀ ਪਰਿਵਾਰ ਨੂੰ ਮੁੜ ਸੁਰਜੀਤ ਕਰਨ ਦਾ ਰਾਹ ਨਹੀਂ ਫੜ ਸਕਦਾ।

ਕਿਸੇ ਨੂੰ ਜਾਪਦਾ ਹੈ ਕਿ ਉਸ ਨੂੰ ਕਿਸੇ ਨਵੇਂ ਵਿਖਿਆਨ ਅਤੇ ਵੱਖਰੀ ਤਰ੍ਹਾਂ ਨਾਲ ਆਪਣੀ ਗੱਲ ਕਹਿਣ ਦੀ ਲੋੜ ਹੈ। ਕਾਂਗਰਸ ਨੂੰ ਸਭ ਕਾਸੇ ਬਾਬਤ ਆਪਣੀ ਸੋਚ ਅਤੇ ਸੁਪਨੇ ਮੁੜ ਤੋਂ ਘੜਨੇ ਪੈਣਗੇ। ਇਸ ਨੂੰ ਭਾਰਤ ਦੇ ਬਹੁਲਤਾਵਾਦ ਅਤੇ ਇਸ ਦੀ ਸਭਨਾਂ ਨੂੰ ਨਾਲ ਲੈ ਕੇ ਚੱਲਣ ਦੀ ਸਹਿਹੋਂਦ ਵਾਲੀ ਭਾਵਨਾ ਨੂੰ ਮੁੜ ਸੁਰਜੀਤ ਕਰਨਾ ਹੋਵੇਗਾ, ਖ਼ਾਸਕਰ ਉਦੋਂ ਜਦੋਂ ਸਾਡੀ ਦੇਸ਼ ਭਗਤੀ ਦੀ ਭਾਵਨਾ ਇਕ-ਭਾਸ਼ੀ ਜਿਰ੍ਹਾ ਦਾ ਰੂਪ ਧਾਰ ਰਹੀ ਹੈ। ਏਕੇ ਰਾਮਾਨੁਜਨ ਦੇ ਕੀਤੇ 300 ਰਾਮਾਇਣਾਂ ਦੇ ਚਿਤਰਨ ਤੋਂ ਬਾਅਦ ਹੁਣ ਸਾਨੂੰ ਕਾਂਗਰਸ ਦੇ 300 ਬਿਰਤਾਂਤਾਂ ਦੀ ਕਾਢ ਕੱਢਣੀ ਪਵੇਗੀ ਜਿਹੜੇ ਅਮੀਰ ਸਮੁੱਚਤਾ ਸਿਰਜਣ ਵੱਲ ਅੱਗੇ ਵਧਣ। ਇਸ ਨੂੰ ਭਾਜਪਾ ਦੇ ਵਿਸ਼ਵਵਾਦ ਨੂੰ ਟੱਕਰ ਦੇਣੀ ਹੋਵੇਗੀ ਤੇ ਨਾਲ ਹੀ ਸੌੜੇਪਣ ਨੂੰ ਇਕ ਤਰ੍ਹਾਂ ਦੀ ਸੱਭਿਅਕ ਵਿਸ਼ਵ-ਵਿਆਪਕਤਾ ਨਾਲ ਖ਼ਤਮ ਕਰਨਾ ਹੋਵੇਗਾ। ਰਾਹੁਲ ਗਾਂਧੀ ਦੇ ਆਈਐੱਫਐੱਸ (ਭਾਰਤੀ ਵਿਦੇਸ਼ ਸੇਵਾ) ਉਤੇ ਕੀਤੇ ਹਮਲੇ ਅਤੇ ਘੜੀ-ਮੜਿ ਹੈਂਕੜ ਵਾਲੇ ਬਿਆਨਾਂ ਨਾਲ ਕੁਝ ਨਹੀਂ ਹੋਵੇਗਾ। ਕਾਂਗਰਸ ਨੂੰ ਇਹ ਦਿਖਾਉਣਾ ਪਵੇਗਾ ਕਿ ਭਾਜਪਾ ਆਪਣੀ ਬਹਿਰੂਨੀ ਅਤੇ ਅੰਦਰੂਨੀ, ਦੋਵੇਂ ਤਰ੍ਹਾਂ ਦੀ ਸਿਆਸਤ ਵਿਚ ਤੰਗ ਤੇ ਸੌੜਾ ਭਾਰਤ ਉਸਾਰ ਰਹੀ ਹੈ,



ਤੇ ਇਹ ਮੂਲ ਵਿਚਾਰਾਂ ਦਾ ਦੋਗਲਾਪਣ ਹੈ ਜਿਸ ਵਿਚ ਨਹਿਰੂਵਾਦੀ ਦੌਰ ਵਾਲੀ ਮਾਸੂਮੀਅਤ ਅਤੇ ਉਦਾਰਤਾ ਦੀ ਕਮੀ ਹੈ। ਇਸ ਨੂੰ ਦਿਖਾਉਣਾ ਪਵੇਗਾ ਕਿ ਨਹਿਰੂਵਾਦ ਕਿਵੇਂ ਆਲਮੀ ਸਿਆਸਤ ਨੂੰ ਮਸਲਿਆਂ ਦੇ ਹੱਲ ਲਈ ਗੁਰ-ਮੰਤਰ ਮੁਹੱਈਆ ਕਰਦਾ ਹੈ।

ਇਹ ਕੁਝ ਕਰਨ ਲਈ ਕਾਂਗਰਸ ਨੂੰ ਅਤੀਤ ਦੀ ਸ਼ਬਦਾਵਲੀ ਦੀ ਮੁੜ ਸਿਰਜਣਾ ਕਰਨੀ ਪਵੇਗੀ। ਸਾਇੰਸਦਾਨ ਸੀਵੀ ਸ਼ੇਸ਼ਾਧਰੀ ਨੇ ਮਜ਼ਾਕੀਆ ਢੰਗ ਨਾਲ ਦਾਅਵਾ ਕੀਤਾ ਕਿ ਇਸ ਦੌਰ ਦੇ ਭਾਰਤ ਨੂੰ ਅਜਿਹੇ ਸ਼ਬਦਕੋਸ਼ ਦੀ ਜ਼ਰੂਰਤ ਹੈ ਜਿਸ ਉਤੇ ਲਿਖਿਆ ਹੋਵੇ- ‘ਮੇਰੀ ਵਰਤੋਂ ਨਾ ਕਰੋ’। ਇਹ ਨੀਤੀ ਦੇ ਸ਼ਬਦਾਂ ਜਿਵੇਂ ਵਿਕਾਸ, ਗ਼ਰੀਬੀ, ਸੁਰੱਖਿਆ, ਸੀਮਾ ਦਾ ਸਾਰ ਸੀ। ਸ਼ੇਸ਼ਾਧਰੀ ਨੇ ਦਲੀਲ ਦਿੱਤੀ ਕਿ ਸਾਰੇ ਸ਼ਬਦਾਂ ਨੂੰ ਮੁੜ ਵਰਤਣ ਤੋਂ ਪਹਿਲਾਂ ਸੁਧਾਰਨ ਦੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਸ਼ਾ ਵੀ ਨੈਤਿਕ ਸੁਧਾਰ ਦਾ ਬਹੁਤ ਜ਼ਰੂਰੀ ਹਿੱਸਾ ਹੈ।

ਸਾਨੂੰ ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਜਦੋਂ ਕੋਈ ਬਹਿਸ-ਮੁਬਾਹਿਸੇ ਨੂੰ ਮੁੜ ਸੁਰਜੀਤ ਕਰਦਾ ਹੈ ਤਾਂ ਉਹ ਇਕ ਤਰ੍ਹਾਂ ਜਮਹੂਰੀਅਤ ਦੇ ਢਾਂਚੇ ਨੂੰ ਮੁੜ ਸੁਰਜੀਤ ਕਰਦਾ ਹੈ। ਅੱਜ ਕੋਈ ਵੀ ਚੁਣਾਵੀ ਜਮਹੂਰੀਅਤ ਦੇ ਪੁਰਾਣੇ ਢਾਂਚੇ ਉਤੇ ਭਰੋਸਾ ਨਹੀਂ ਕਰ ਸਕਦਾ ਜਿਹੜਾ ਜਮਹੂਰੀ ਢਾਂਚਾ ਗਿਣਤੀ ਅਤੇ ਨੁਮਾਇੰਦਗੀ ਵਾਲੇ ਰੂੜੀਵਾਦੀ ਸਿਧਾਂਤਾਂ ਉਤੇ ਆਧਾਰਿਤ ਹੈ। ਕਾਂਗਰਸ ਨੂੰ ਸਿੱਧੀ ਜਮਹੂਰੀਅਤ ਦੀ ਫ਼ੌਰੀ ਜ਼ਰੂਰਤ ਨੂੰ ਮੁੜ ਸੁਰਜੀਤ ਕਰਨਾ ਹੋਵੇਗਾ, ਜਿਵੇਂ ਦੁਨੀਆ ਭਰ ਵਿਚ ‘ਅਕਿਊਪਾਈ’ ਅੰਦੋਲਨ ਤਹਿਤ ਕੀਤਾ ਸੀ। ਗਿਣਤੀ ਆਧਾਰਿਤ ਚੋਣਾਂ ਦਾ ਸਿੱਟਾ ਬਹੁਗਿਣਤੀਵਾਦੀ ਜ਼ੁਲਮਾਂ ਦੇ ਰੂਪ ਵਿਚ ਨਿਕਲਦਾ ਹੈ ਅਤੇ ਇਸ ਦੌਰਾਨ ਬਹੁਗਿਣਤੀ ਵੱਲੋਂ ਦੇਸ਼ ਭਗਤੀ ਦੇ ਨਾਂ ਉਤੇ ਘੱਟਗਿਣਤੀਆਂ ਨੂੰ ਦਬਾਇਆ ਜਾਂਦਾ ਹੈ। ਘੱਟਗਿਣਤੀਆਂ ਦੀ ਰਾਜਨੀਤੀ ਵਿਚ ਖੜੋਤ ਦਾ ਇਹ ਵਿਚਾਰ ਇਕ ਵਿਦਵਾਨ ਨੇ ਹਾਲ ਹੀ ਵਿਚ ਇਕ ਸੈਮੀਨਾਰ ਦੌਰਾਨ ਢੁਕਵੇਂ ਰੂਪ ਵਿਚ ਪੇਸ਼ ਕੀਤਾ। ਉਨ੍ਹਾਂ ਕਿਹਾ, ‘‘ਮੈਂ ਕੋਈ ਘੱਟਗਿਣਤੀ ਨਹੀਂ ਬਣਨਾ ਚਾਹੁੰਦਾ ਜਿਸ ਨੂੰ ਚੰਗੇ ਵਤੀਰੇ ਲਈ ਦਬਾਇਆ ਜਾਵੇ। ਮੈਂ ਤਾਂ ਨਾਗਰਿਕ ਬਣਨਾ ਚਾਹੁੰਦਾ ਹਾਂ ਤਾਂ ਕਿ ਮੈਂ ਭਾਰਤ ਦਾ ਸਮੁੱਚਤਾ ਵਿਚ ਜਸ਼ਨ ਮਨਾ ਸਕਾਂ।’’

ਗ਼ੈਰ-ਰਸਮੀ ਅਰਥਚਾਰੇ ਵਿਚ ਬੇਸਹਾਰਾ ਤੇ ਹਾਸ਼ੀਆਗਤ ਹੋਣ ਦਾ ਵਿਚਾਰ ਜਿਸ ਨੂੰ ਕਾਂਗਰਸ ਨੇ ਵੋਟ ਬੈਂਕ ਵਜੋਂ ਕਾਇਮ ਕੀਤਾ ਸੀ, ਉਤੇ ਬੁਨਿਆਦੀ ਰੂਪ ਵਿਚ ਮੁੜ ਤੋਂ ਕੰਮ ਕਰਨਾ ਪਵੇਗਾ। ਹਾਸ਼ੀਆਗਤ ਲੋਕਾਂ ਨੂੰ ਰਚਨਾਤਮਕ ਬਹੁਲਤਾ ਦੇ ਹਿੱਸੇ ਵਜੋਂ ਦੇਖਣਾ ਪਵੇਗਾ ਜਿਸ ਤਰ੍ਹਾਂ ਲਾਤੀਨੀ ਅਮਰੀਕਾ ਦੇ ਮੂਲਵਾਸੀ ਅੰਦੋਲਨ ਕਰ ਰਹੇ ਹਨ। ਇਨ੍ਹਾਂ ਲੋਕਾਂ ਨੂੰ ਆਰਥਿਕ ਯੋਜਨਾਬੰਦੀ ਦੇ ਇਕ-ਭਾਸ਼ੀਵਾਦ ਨੂੰ ਚੁਣੌਤੀ ਦੇਣ ਵਾਲੀ ਬਦਲਵੀਂ ਸੋਚ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਅਜਿਹੇ ਅਰਥਚਾਰੇ ਲਈ ਅਹੁਲਣਾ ਪਵੇਗਾ ਜੋ ਗ਼ਰੀਬਾਂ ਨੂੰ ਗ਼ਰੀਬੀ ਤੋਂ ਛੁਟਕਾਰਾ ਦਿਵਾਏ।

ਇਸੇ ਤਰ੍ਹਾਂ ਕਬਾਇਲੀ ਭਾਈਚਾਰਿਆਂ ਨੂੰ ਜੰਗਲਾਂ ਦੇ ਸੰਵਿਧਾਨਕ ਟਰਸਟੀਆਂ ਵਜੋਂ ਵੰਨ-ਸਵੰਨਤਾ ਦੇ ਮਾਹਿਰਾਂ ਦੇ ਰੂਪ ਵਿਚ ਦੇਖਣਾ ਪਵੇਗਾ ਜਿਥੇ ਉਹ ਰੁੱਖਾਂ ਤੇ ਪੱਤਿਆਂ ਨੂੰ ਨਵੇਂ ਸੰਵਿਧਾਨਵਾਦ ਦੇ ਹਿੱਸੇ ਵਜੋਂ ਮੁੜ ਚਿਤਵ ਸਕਣ। ਇਸੇ ਤਰ੍ਹਾਂ ਦਲਿਤ ਦੇ ਵਿਚਾਰ ਨੂੰ ਦਲਿਤ ਦੇ ਵਿਗਿਆਨ ਬਾਰੇ ਵਿਚਾਰ, ਰਹਿੰਦ-ਖੂੰਹਦ ਬਾਰੇ ਵਿਚਾਰ ਅਤੇ ਪ੍ਰਦੂਸ਼ਣ ਬਾਰੇ ਵਿਚਾਰ ਵਜੋਂ ਲਿਆ ਜਾਣਾ ਚਾਹੀਦਾ ਹੈ। ਸਵੱਛਤਾ ਅਤੇ ਨਿਆਂ ਦਾ ਨਵਾਂ ਸੁਮੇਲ ਬਣਾਉਣ ਲਈ ਸਾਨੂੰ ਪ੍ਰਦੂਸ਼ਣ ਤੋਂ ਅਗਾਂਹ ਜਾਣਾ ਪਵੇਗਾ।

ਜੇ ਕਾਂਗਰਸ ਸਿਰਫ਼ ਕਮਜ਼ੋਰੀਆਂ ਦੀਆਂ ਬੋਲੀਆਂ ਦੀ ਸਮਝ ਹਾਸਲ ਕਰ ਲੈਂਦੀ ਹੈ, ਤਾਂ ਕੀ ਇਹ ਨਾ-ਬਰਾਬਰੀ ਦੇ ਵਿਚਾਰ ਅਤੇ ਇਸ ਦਾ ਟਾਕਰਾ ਕਰਨ ਦੇ ਤਰੀਕੇ ਦੀ ਭਾਵਨਾ ਮੁੜ ਹਾਸਲ ਕਰ ਸਕਦੀ ਹੈ। ਇਸ ਨੂੰ ਲਾਜ਼ਮੀ ਤੌਰ ’ਤੇ ਵਿਗਿਆਨਕ ਸੋਚ ਦਾ ਵਿਚਾਰ ਛੱਡਣਾ ਹੋਵੇਗਾ ਅਤੇ ਇਸ ਦੀ ਥਾਂ ਗਿਆਨ ਤੇ ਲੋਕਤੰਤਰ ਦਰਮਿਆਨ ਬਹੁਲਤਾਵਾਦੀ ਸਬੰਧਾਂ ਨੂੰ ਲਿਆਉਣਾ ਹੋਵੇਗਾ। ਇਸ ਨੂੰ ਐਂਥਰੋਪੋਸੀਨ (ਸਮੇਂ ਦਾ ਉਹ ਦੌਰ ਜਦੋਂ ਤੋਂ ਇਨਸਾਨੀ ਸਰਗਰਮੀਆਂ ਦਾ ਧਰਤੀ ਉਤੇ ਵਾਤਾਵਰਨ ਪੱਖੋਂ ਪ੍ਰਭਾਵ ਪੈਣ ਲੱਗਾ) ਦੀ ਵਿਸ਼ਵਵਿਆਪੀ ਮੂਲ-ਸਿਧਾਂਤਾਂ ਦੀ ਲੋੜ ਹੈ ਅਤੇ ਨਾਲ ਹੀ ਇਸ ਨੂੰ ਵਿਕਾਸ ਦਾ ਮੌਜੂਦਾ ਵਿਚਾਰ ਤਿਆਗਣਾ ਹੋਵੇਗਾ ਜਿਹੜਾ ਨਾਗਰਿਕਾਂ ਨੂੰ ਸ਼ਰਨ-ਾਰਥੀ ਬਣਾ ਦਿੰਦਾ ਹੈ। ਡੈਮ ਤੇ ਪ੍ਰਯੋਗਸ਼ਾਲਾਵਾਂ ਤਾਂ ਹੀ ਮੰਦਰ ਬਣ ਸਕਦੀਆਂ ਹਨ, ਜੇ ਇਨ੍ਹਾਂ ਵੱਲੋਂ ਭਾਜਪਾ ਦੇ ਰਾਸ਼ਟਰਵਾਦ ਤੇ ਵਿਕਾਸ ਦੇ ਇਕ-ਭਾਸ਼ੀਵਾਦ ਦੀ ਥਾਂ ਹੰਢਣਸਾਰਤਾ ਦਾ ਸਭ ਨੂੰ ਨਾਲ ਲੈ ਕੇ ਚੱਲਣ ਵਾਲਾ ਵਿਗਿਆਨ ਸਿਰਜਿਆ ਜਾਂਦਾ ਹੈ। ਅਜਿਹਾ ਕਰਨ ਲਈ ਯੂਨੀਵਰਸਿਟੀਆਂ ਨੂੰ ਵੋਟ ਬੈਂਕ ਵਜੋਂ ਵਰਤਣ ਵਾਲੀ ਕਾਂਗਰਸ ਨੂੰ ਬਦਲਵੀਂ ਯੂਨੀਵਰਸਿਟੀ ਦਾ ਵਿਚਾਰ ਮੁੜ ਸੁਰਜੀਤ ਕਰਨਾ ਹੋਵੇਗਾ। ਇਸ ਨੂੰ ਵਿਚਾਰਾਂ ਦੀ ਅਜਿਹੀ ਯੂਨੀਵਰਸਿਟੀ ਦਾ ਤਸੱਵੁਰ ਕਰਨਾ ਹੋਵੇਗਾ ਜਿਹੜੀ ਸੰਵਾਦਮੁਖੀ ਹੋਵੇ, ਨਾ ਕਿ ਵਿਕਾਸਮੁਖੀ ਜਿਥੇ ਅਸਹਿਮਤੀ ਕਾਰਨ ਕਿਸੇ ਸ਼ਾਨਦਾਰ ਕਰੀਅਰ ਨੂੰ ਸੂਲ਼ੀ ਉਤੇ ਨਾ ਚਾੜ੍ਹਿਆ ਜਾਵੇ। ਕਾਂਗਰਸ ਨੂੰ ਆਪਣੇ ਆਪ ਦਾ ਸੁਧਾਰ ਕਰਦੇ ਸਮੇਂ ਨਾਲ ਹੀ ਆਮ ਲੋਕਾਂ ਲਈ ਨਵੇਂ ਵਿਚਾਰ ਉਤੇ ਸੋਚਦਿਆਂ ਮੂਲ-ਸਾਰ ਅਤੇ ਸੰਵਿਧਾਨ ਉਤੇ ਵੀ ਨਵੇਂ ਸਿਰਿਉਂ ਕੰਮ ਕਰਨਾ ਹੋਵੇਗਾ। ਜਿਥੇ ਭਾਜਪਾ ਆਪਣੇ ਆਪ ਨੂੰ ਨੇਸ਼ਨ ਸਟੇਟ ਦੇ ਆਲੇ-ਦੁਆਲੇ ਉਸਾਰਦੀ ਹੈ, ਉਥੇ ਕਾਂਗਰਸ ਨੂੰ ਲਾਜ਼ਮੀ ਤੌਰ ’ਤੇ ਵਿਆਪਕ ਸੱਭਿਅਤਾ ਵਾਲੇ ਢਾਂਚੇ ਦੀ ਭਾਲ ਕਰਨੀ ਚਾਹੀਦੀ ਹੈ। ਇਸ ਨੂੰ ਵਿਚਾਰ ਹਾਸਲ ਕਰਨ ਲਈ ਹਰ ਹਾਲ ਸਿਵਿਲ ਸੁਸਾਇਟੀ ਵੱਲ ਮੁੜਨਾ ਚਾਹੀਦਾ ਹੈ, ਅਜਿਹੀਆਂ ਗਿਆਨਵਾਨ ਪੰਚਾਇਤਾਂ ਬਣਾਉਣੀਆਂ ਚਾਹੀਦੀਆਂ ਹਨ ਜਿਹੜੀਆਂ ਵਿਸ਼ਵਾਸ ਤੇ ਜ਼ਿੰਦਾਦਿਲੀ ਦੀ ਸਿਆਸਤ ਦੀ ਸਿਰਜਣਾ ਕਰਨ। ਇਸ ਨੂੰ ਅਜਿਹੇ ਵਾਤਾਵਰਨ ਦੀ ਲੋੜ ਹੈ ਜਿਥੇ ਕੁਦਰਤ ਸੰਵਿਧਾਨ ਦਾ ਹਿੱਸਾ ਹੋਵੇ, ਜਿਥੇ ਤਕਨਾਲੋਜੀ ਨੈਤਿਕਤਾ ਨਾਲ ਲਬਰੇਜ਼ ਹੋਵੇ। ਸਿਆਸਤ ਨੂੰ ਜ਼ਿੰਦਗੀ ਦੇਣ ਵਾਲੀ ਕਾਰਵਾਈ ਵਿਚ ਬਦਲ ਕੇ ਹੀ ਕਾਂਗਰਸ ਆਪਣੇ ਆਪ ਨੂੰ ਨਵੀਂ ਜਮਹੂਰੀ ਕਲਪਨਾ ਦੇ ਭਵਿੱਖ ਵਜੋਂ ਕਾਇਮ ਕਰ ਸਕਦੀ ਹੈ। ਇਸ ਟੀਚੇ ਨੂੰ ਕੋਈ ਜੀ-23 ਸਰ ਨਹੀਂ ਕਰ ਸਕਦਾ।


## Need Caretaker

Need a male person to take care of 88 year old man who has Alzheimer and is bed ridden. He requires hands on care. Applicant should have work permit or legal immigrant. $ 3000 plus board and lodging will be provided. If a couple wants to do it that will also be considered.

**Please call at 831 359 3562.**

## ਸਿੱਖ ਪਰਿਵਾਰ ਦੇ ਬਜ਼ੁਰਗ ਨੂੰ ਸੰਭਾਲਣ ਵਾਲੇ ਦੀ ਲੋੜ

ਇਕ 88 ਸਾਲਾ ਸਿੱਖ ਪਰਿਵਾਰ ਦੇ ਬਜ਼ੁਰਗ ਦੀ ਸੰਭਾਲ ਕਰਨ ਲਈ ਇਕ ਚੰਗੇ ਸੱਜਣ ਦੀ ਲੋੜ ਹੈ। ਤਨਖਾਹ $3000 ਡਾਲਰ ਹੋਵੇਗੀ ਅਤੇ ਰਿਹਾਇਸ਼ ਵੀ ਨਾਲ ਹੀ ਦਿੱਤੀ ਜਾਵੇਗੀ। ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ (ਪਰਮਿਟ) ਰੱਖਣ ਵਾਲੇ ਜਾਂ ਗ੍ਰੀਨ ਕਾਰਡ ਹੋਲਡਰ ਵਿਅਕਤੀ ਨੂੰ ਤਰਜੀਹ ਦਿੱਤੀ ਜਾਵੇਗੀ। ਪਤੀ-ਪਤਨੀ ਦੋਵੇਂ ਹੋਣ ਤਾਂ ਵੀ ਰਿਹਾਇਸ਼ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਨਵਦੀਪ ਜੀ ਨਾਲ 831 359 3562 ਸੇ ਸੰਪਰਕ ਕਰੋ।

# ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ



ਤਰਲੋਚਨ ਸਿੰਘ ਭੱਟੀ

'ਪੰਜਾਬ ਵਿਚ ਨਾਜਾਇਜ਼ ਕਬਜ਼ਿਆਂ ਦੀ ਭਰਮਾਰ', 'ਕਬਜ਼ੇ ਛੁਡਵਾਉਣ ਲਈ ਸਰਕਾਰ ਹੋ ਗਈ ਤਿਆਰ' ਆਦਿ ਸਿਰਲੇਖ ਵਾਲੀਆ ਖ਼ਬਰਾਂ ਦੀ ਮੀਡੀਆ ਵਿਚ ਭਰਮਾਰ ਹੈ। ਇਹ ਪੰਜਾਬ ਦੀ ਇਕ ਵੱਡੀ ਸਮੱਸਿਆ ਅਤੇ ਦੁਖਾਂਤ ਵੱਲ ਇਸ਼ਾਰਾ ਕਰਦੀਆਂ ਹਨ। ਪੰਚਾਇਤੀ ਅਤੇ ਸਰਕਾਰੀ ਜ਼ਮੀਨਾਂ, ਇਮਾਰਤਾਂ ਅਤੇ ਜਾਇਦਾਦਾਂ ਉੱਤੇ ਨਾਜਾਇਜ਼ ਕਬਜ਼ਾ ਕਰਨਾ ਅਤੇ ਫਿਰ ਉਸ ਨੂੰ ਬਣਾਈ ਰੱਖਣਾ ਪੰਜਾਬ ਵਿਚ ਅੱਤਵਾਦ ਦਾ ਇਕ ਨਵਾਂ ਰੂਪ ਹੈ। ਅੱਤਵਾਦ ਨੂੰ ਜੇਕਰ ਧੱਕੇਸ਼ਾਹੀ ਮੰਨ ਲਿਆ ਜਾਵੇ ਤਾਂ ਨਾਜਾਇਜ਼ ਕਬਜ਼ਾ ਵੀ ਧੱਕੇਸ਼ਾਹੀ ਹੀ ਹੈ ਜੋ ਪੈਸੇ ਅਤੇ ਬਾਹਾਂ ਦੇ ਜ਼ੋਰ ਨਾਲ ਲੈਂਡ ਮਾਫ਼ੀਆ ਸ਼ਰੇਆਮ ਚਲਾ ਰਿਹਾ ਹੈ।

ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਉਪਲਬਧ ਜਾਣਕਾਰੀ ਅਨੁਸਾਰ ਪੰਜਾਬ ਵਿਚ ਪੰਚਾਇਤਾਂ ਦਾ ਕੁੱਲ 6.68 ਲੱਖ ਏਕੜ ਰਕਬਾ ਹੈ ਜਿਸ ਵਿਚੋਂ 1.70 ਲੱਖ ਏਕੜ ਵਾਹੀਯੋਗ ਹੈ। ਇਕ ਤਿਹਾਈ ਹਿੱਸਾ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਵਾਸਤੇ ਰਾਖਵਾਂ ਰੱਖਿਆ ਗਿਆ ਹੈ। ਜੇਕਰ ਗੈਰ-ਕਾਸ਼ਤ ਰਕਬੇ ਦੀ ਬਾਜ਼ਾਰੀ ਕੀਮਤ ਦੀ ਗੱਲ ਕੀਤੀ ਜਾਵੇ ਤਾਂ ਔਸਤਨ ਬਾਜ਼ਾਰੀ ਕੀਮਤ 30 ਲੱਖ ਰੁਪਏ ਦੇ ਹਿਸਾਬ ਨਾਲ 5400 ਕਰੋੜ ਰੁਪਏ ਕੀਮਤ ਬਣਦੀ ਹੈ। ਕਾਸ਼ਤ ਅਧੀਨ ਪੰਚਾਇਤੀ ਜ਼ਮੀਨ ਦਾ ਔਸਤਨ ਸਾਲਾਨਾ ਠੇਕਾ 35000-40000 ਰੁਪਏ ਪ੍ਰਤੀ ਏਕੜ ਪੰਚਾਇਤਾਂ ਨੂੰ ਮਿਲ ਸਕਦਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ 14230 ਏਕੜ ਪੰਚਾਇਤੀ ਜ਼ਮੀਨ ਦੇ ਮੁਕੱਦਮੇ ਚੱਲ ਰਹੇ ਹਨ ਜਿਨ੍ਹਾਂ ਵਿਚੋਂ 3143 ਏਕੜ ਜ਼ਮੀਨ ਦੇ ਸੁਪਰੀਮ ਕੋਰਟ ਵਿਚ, 5853 ਏਕੜ ਦੇ ਹਾਈ ਕੋਰਟ ਵਿਚ ਪੈਂਡਿੰਗ ਹਨ। ਕਮਿਸ਼ਨਰਾਂ ਦੀ ਅਦਾਲਤਾਂ ਵਿਚ 2232 ਏਕੜ ਅਤੇ ਕੁ-ਲੈਕਟਰਾਂ ਦੀ ਅਦਾਲਤਾਂ ਵਿਚ 2547 ਏਕੜਾਂ ਦੇ ਕੇਸ ਚੱਲ ਰਹੇ ਹਨ। ਕੁੱਲ 1500 ਦੇ ਲਗਪਗ ਹੋਰ ਕੇਸ ਵੀ ਅਦਾਲਤਾਂ ਵਿਚ ਲੰਬਿਤ ਹਨ। ਪਿਛਲੇ 10 ਸਾਲਾਂ ਤੋਂ 2447 ਏਕੜ ਪੰਚਾਇਤੀ ਜ਼ਮੀਨ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ। ਪੰਜਾਬ ਵਿਚ ਵਿਜੀਲੈਂਸ ਬਿਊਰੋ ਅਨੁਸਾਰ 3700 ਏਕੜ ਤੋਂ ਵਧੇਰੇ ਸ਼ਾਮਲਾਤ (ਸ਼ਾਮਲਾਟ) ਦਿਹ ਗ਼ੈਰ-ਕਾਨੂੰਨੀ ਢੰਗ ਨਾਲ ਮੁਹਾਲੀ ਜ਼ਿਲ੍ਹੇ ਦੇ ਪਿੰਡਾਂ ਵਿਚ ਪ੍ਰਭਾਵਸ਼ਾਲੀ ਲੋਕਾਂ ਨੇ ਨਾਜਾਇਜ਼ ਤੌਰ 'ਤੇ ਹਥਿਆਈ ਹੋਈ ਹੈ। ਪੰਜਾਬ ਸਰਕਾਰ ਵੱਲੋਂ ਕਰੀਬ 36,000 ਏਕੜ ਪੰਚਾਇਤੀ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਸ 'ਤੇ ਲੰਬੇ ਸਮੇਂ ਤੋ ਪ੍ਰਭਾਵਸ਼ਾਲੀ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਆਪਣੇ ਹੱਕ ਵਿਚ ਉਨ੍ਹਾਂ ਨੇ ਮਾਲ ਰਿਕਾਰਡ ਵਿਚ ਭੰਨ-ਤੋੜ ਵੀ ਕਰਵਾਈ ਹੋਈ ਹੈ। 'ਦਿ ਈਸਟ ਪੰਜਾਬ ਹੋਲਡਿੰਗਜ਼ (ਕਨਸੋਲੀਡੇਸ਼ਨ ਐਂਡ ਪ੍ਰੀਵੈਂਸ਼ਨ ਆਫ ਫਰੈਗਮਾਸਟੇਸ਼ਨ) ਐਕਟ 1948' ਜਾਂ 'ਮੁਰੱਬਾਬੰਦੀ ਕਾਨੂੰਨ 1948' ਦਾ ਜ਼ਿਕਰ ਕਰਨਾ ਬਣਦਾ ਹੈ।

ਇਸ ਕਾਨੂੰਨ ਰਾਹੀਂ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਉਪਲਬਧ ਲੋਕਾਂ ਦੀਆਂ ਜ਼ਮੀਨਾਂ ਦੇ ਟੱਕਾਂ ਨੂੰ ਇਕ ਥਾਂ ਕਰਨ ਦੀ ਵਿਵਸਥਾ ਕੀਤੀ ਗਈ ਅਤੇ ਪਿੰਡ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਸਾਂਝੀਆਂ ਥਾਵਾਂ ਲਈ ਜ਼ਮੀਨ ਰਾਖਵੀਂ ਕੀਤੀ ਗਈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਇਸ ਕਾਨੂੰਨ ਰਾਹੀਂ ਪੰਜਾਬ ਵਿਚ ਪਿੰਡ ਵਸਾਉਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਗਈ। ਇਹ ਕੰਮ ਮਾਲ ਵਿਭਾਗ ਅਤੇ ਲੋਕਾਂ ਦੇ ਆਪਸੀ ਮਿਲਵਰਤਨ ਨਾਲ ਸਾਂਝੀਆਂ ਥਾਵਾਂ-ਪਿੰਡ ਦੀ ਆਬਾਦੀ, ਪਿੰਡ ਦੀ ਪੰਚਾਇਤ ਲਈ ਆਮਦਨ ਦਾ ਸਾਧਨ ਤਿਆਰ ਕਰਨਾ, ਸੜਕਾਂ ਗਲੀਆਂ-ਫਿਰਨੀਆਂ, ਖੂਹ, ਛੱਪੜਾਂ, ਖਾਲ, ਨਾਲੇ ਨਹਿਰਾਂ, ਡੰਗਰਾਂ ਲਈ ਚਰਾਂਦਾਂ, ਲੋਕਾਂ ਦੇ ਸਮਾਜਿਕ ਇਕੱਠ ਲਈ ਜਗ੍ਹਾ, ਮਾਲ ਡੰਗਰਾਂ ਲਈ ਮੰਡੀਆਂ, ਰੂੜੀਆਂ, ਮੜ੍ਹੀਆਂ, ਸਕੂਲ, ਹਸਪਤਾਲ, ਡਿਸਪੈਂਸਰੀਆਂ, ਜੰਞਘਰ, ਪੰਚਾਇਤ ਘਰ, ਪੂਜਾ ਸਥਾਨ,



ਖੇਡ ਮੈਦਾਨ ਆਦਿ ਲਈ ਸ਼ਾਮਲਾਤ ਜ਼ਮੀਨਾਂ ਦਾ ਪ੍ਰਬੰਧ ਕੀਤਾ ਗਿਆ ਜਿਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਪਿੰਡ ਦੀਆਂ ਗ੍ਰਾਮ ਪੰਚਾਇਤਾਂ ਨੂੰ ਸ਼ਾਮਲਾਤ ਦੇਹ ਦਾ ਮਾਲਕ ਅਤੇ ਕਸਟੋਰਡੀਅਨ ਬਣਾਇਆ ਗਿਆ ਹੈ। ਕਾਨੂੰਨੀ ਵਿਵਸਥਾ ਕੀਤੀ ਗਈ ਹੈ ਕਿ ਸ਼ਾਮਲਾਤ ਜ਼ਮੀਨ ਕਦੇ ਵੀ ਉਸ ਦੇ ਪਹਿਲੇ ਮਾਲਕ/ਕਾਬਜ਼ ਦੇ ਨਾਮ ਦੁਬਾਰਾ ਤਬਦੀਲ ਨਹੀਂ ਹੋ ਸਕੇਗੀ ਅਤੇ ਨਾ ਹੀ ਕਿਸੇ ਵਿਅਕਤੀ ਵਿਸ਼ੇਸ਼ ਦਾ ਇਸ ਉੱਤੇ ਕਬਜ਼ਾ ਹੋਵੇਗਾ। ਗ੍ਰਾਮ ਪੰਚਾਇਤ ਵੀ ਇਸ ਨੂੰ ਨਾ ਤਾਂ ਵੇਚ ਸਕਦੀ ਹੈ ਅਤੇ ਨਾ ਹੀ ਇਸ ਦੀ ਵੰਡ/ਤਬਾਦਲਾ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਦਿ ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਐਕਟ 1961 ਜਾਂ ਪੰਜਾਬ ਪੇਂਡੂ ਸ਼ਮਾਲਾਤ ਜ਼ਮੀਨਾਂ ਨੂੰ ਨਿਯਮਤ ਕਰਨ ਦਾ ਕਾਨੂੰਨ ਮੌਜੂਦ ਹੈ। ਇਸ ਕਾਨੂੰਨ ਅਨੁਸਾਰ ਮਾਲ ਰਿਕਾਰਡ ਵਿਚ ਦਰਜ ਸ਼ਮਲਾਤ 'ਦਿਹ' ਤੋਂ ਭਾਵ ਉਹ ਜ਼ਮੀਨਾਂ ਹਨ ਜੋ ਪਿੰਡ ਵਾਸੀਆਂ ਦੇ ਸਾਂਝੇ ਕੰਮਾਂ ਗਲੀਆਂ, ਸੜਕਾਂ, ਖੇਡ ਮੈਦਾਨ, ਡੰਗਰਾਂ ਦੀਆਂ ਚਰਾਂਦਾਂ, ਖੂਹੀਆਂ, ਟੋਭੇ, ਛੱਪੜ, ਪਸ਼ੂ ਮੇਲੇ ਵਾਲੀਆਂ ਥਾਵਾਂ, ਗ਼ੈਰ ਵਾਹੀਯੋਗ ਬੰਜਰ ਜ਼ਮੀਨ ਲਈ ਛੱਡੀਆਂ ਸਾਂਝੀਆਂ ਜ਼ਮੀਨਾਂ ਗ੍ਰਾਮ ਪੰਚਾਇਤਾਂ ਦੇ ਅਧਿਕਾਰ ਖੇਤਰਾਂ ਵਿਚ ਆਉਂਦੀਆਂ ਹਨ। ਹਾਈ ਕੋਰਟ ਅਤੇ ਸੁਪਰੀਮ ਕੋਰਟ ਤੋਂ ਇਲਾਵਾ ਹੋਰ ਕੋਈ ਵੀ ਅਦਾਲਤ ਸ਼ਾਮਲਾਤ (ਦਿਹ) ਦੇ ਕੇਸਾਂ ਨੂੰ ਨਹੀਂ ਸੁਣ ਸਕਦੀ। ਸ਼ਾਮਲਾਤ/ਸ਼ਾਮਲਾਟ ਅਰਬੀ ਮੂਲ ਦਾ ਸ਼ਬਦ ਹੈ। ਇਹ ਸ਼ਾਮਲ ਦਾ ਬਹੁਵਚਨ ਹੈ-ਭਾਵ, ਹਿੱਸੇਦਾਰੀ, ਸਾਂਝਾ, ਮੁਸ਼ਤਰਕਾ। ਪਿੰਡ ਦੀ ਸਾਂਝੀ ਜ਼ਮੀਨ ਨੂੰ 'ਸ਼ਾਮਲਾਤ-ਏ-ਦਿਹ' ਕਹਿੰਦੇ ਹਨ ਜਿਸ ਵਿਚ ਸਾਰੇ ਸ਼ਾਮਲ ਹੋਣ। ਸੁਪਰੀਮ ਕੋਰਟ ਦੇ ਡਬਲ ਬੈਂਚ (ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਵੀ। ਰਾਮਾ ਸੁਬਰਾਮਨੀਅਨ) ਵੱਲੋਂ 7 ਅਪ੍ਰੈਲ 2022 ਨੂੰ ਸਟੇਟ ਆਫ ਹਰਿਆਣਾ ਬਨਾਮ ਜੈ ਸਿੰਘ ਅਤੇ ਹੋਰ ਸਿਵਲ ਅਪੀਲ ਨੰ। 6990 ਸੰਨ 2014 ਅਤੇ ਸਿਵਲ ਅਪੀਲ ਨੰ। 1680 ਸੰਨ 2022 ਦੇ ਸਬੰਧ ਵਿਚ ਕੀਤੇ ਗਏ ਇਤਿਹਾਸਕ ਫ਼ੈਸਲੇ ਜੋ ਸਮੁੱਚੇ ਭਾਰਤ ਵਿਚ ਇਕ ਕਾਨੂੰਨ ਵਾਂਗ ਲਾਗੂ ਹੋਇਆ ਹੈ, ਅਨੁਸਾਰ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ 1961 ਜੋ ਹਰਿਆਣਾ ਸਰਕਾਰ ਵੱਲੋਂ 1992 ਵਿਚ ਸੋਧਿਆ ਗਿਆ ਹੈ, ਹਰ ਪੱਖੋਂ ਸੰਵਿਧਾਨਕ ਹੈ।

ਹਰਿਆਣਾ ਸਰਕਾਰ ਅਤੇ ਹਰਿਆਣਾ ਰਾਜ ਦੀਆਂ ਪੰਚਾਇਤਾਂ ਦੀ ਤਾਰੀਫ਼ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ ਸਾਲ 1992 ਤੋਂ ਲੈ ਕੇ 2022 ਤਕ ਲਗਪਗ 30 ਸਾਲ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿਚ ਪੰਜਾਬ ਰਾਜ ਕਾਮਨ ਲੈਂਡ (ਰੈਗੂਲੇਸ਼ਨ) ਸਮੇਤ ਹਰਿਆਣਾ ਸੋਧ ਐਕਟ 1992 ਅਤੇ ਸ਼ਾਮਲਾਤ ਜ਼ਮੀਨਾਂ ਦੀ ਹਿਫ਼ਾਜ਼ਤ ਕਰਨ ਲਈ ਇਕ ਠੋਸ ਨੀਤੀ ਅਤੇ ਨੀਅਤ ਅਪਣਾਈ ਹੈ। ਪੰਜਾਬ ਨੂੰ ਵੀ ਹਰਿਆਣਾ ਵਾਂਗ ਪੰਜਾਬ ਵਿਚ ਉਪਲਬਧ ਸ਼ਾਮਲਾਤ ਜ਼ਮੀਨਾਂ ਉੱਤੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਤੁਰੰਤ ਹਟਾ ਕੇ ਇਹ ਜ਼ਮੀਨਾਂ ਪੰਚਾਇਤਾਂ ਦੇ ਹਵਾਲੇ ਕਰਨੀਆਂ ਚਾਹੀਦੀਆਂ ਹਨ ਅਤੇ ਪੰਜਾਬ ਦੇ ਲੋਕਾਂ ਪੱਖੀ ਸਿਆਸੀ ਸੂਝ-ਬੂਝ ਅਤੇ ਠੋਸ ਨੀਤੀ ਦਾ ਸਬੂਤ ਦੇਣਾ ਚਾਹੀਦਾ ਹੈ। ਭਗਵੰਤ ਮਾਨ, ਮੁੱਖ ਮੰਤਰੀ, ਪੰਜਾਬ ਨੇ ਸਰਕ-ਾਰੀ/ ਪੰਚਾਇਤੀ ਜ਼ਮੀਨਾਂ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ੇ ਕਰਨ ਵਾਲਿਆਂ ਨੂੰ ਇਹ ਨਾਜਾਇਜ਼ ਕਬਜ਼ੇ 31 ਮਈ 2022 ਤਕ ਕਬਜੇ ਛੱਡਣ ਲਈ ਅਪੀਲ ਕੀਤੀ ਸੀ ਜਿਸ ਦੀ 'ਡੈੱਡਲਾਈਨ' ਖ਼ਤਮ ਹੋ ਗਈ ਹੈ। 'ਜਿਹੜੇ ਵਿਅਕਤੀਆਂ ਨੇ ਸਰਕਾਰੀ ਜਾਂ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹਨ, ਭਾਵੇਂ ਉਹ ਰਾਜਨੀਤਕ ਲੋਕ ਜਾਂ ਅਫ਼ਸਰ ਹਨ ਜਾਂ ਫਿਰ ਰਸੂਖ਼ਦਾਰ ਲੋਕ, ਉਨ੍ਹਾਂ ਨੂੰ ਮੈਂ ਅਪੀਲ ਕਰਦਾ ਹਾਂ ਕਿ ਜਿਨ੍ਹਾਂ ਨੇ ਅਜੇ ਵੀ ਕਬਜ਼ੇ ਨਹੀਂ ਛੱਡੇ, ਉਹ ਸਰਕਾਰ ਦੀ ਅਪੀਲ ਦੇ ਮੱਦੇ-ਨਜ਼ਰ ਸ਼ਾਮਲਾਤ ਜ਼ਮੀਨਾਂ ਪੰਚਾਇਤਾਂ ਨੂੰ ਦੇ ਦੇਣ। ਇਨ੍ਹਾਂ ਸਾਂਝੀਆਂ ਜ਼ਮੀਨਾਂ ਦਾ ਸਦ-ਉਪਯੋਗ ਕਰ ਕੇ ਲੋਕ ਕਲਿਆਣ ਦੇ ਕੰਮ ਵਿੱਢੇ ਜਾ ਸਕਦੇ ਹਨ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਫਿਰ ਕਾਨੂੰਨ ਆਪਣਾ ਰਸਤਾ ਅਖ਼ਤਿਆਰ ਕਰੇਗਾ। ਉਹ ਨਾਜਾਇਜ਼ ਕਬਜ਼ੇ ਛੱਡ ਕੇ ਜ਼ਮੀਨਾਂ ਸਰਕਾਰ ਨੂੰ ਦੇ ਦੇਣ, ਨਹੀ ਤਾਂ ਪੁਰਾਣੇ ਅਤੇ ਨਵੇਂ ਖ਼ਰਚੇ ਪਾਏ ਜਾ ਸਕਦੇ ਹਨ'।

ਪੰਜਾਬ ਸਰਕਾਰ ਨੇ ਸ਼ਾਮਲਾਤ ਜ਼ਮੀਨਾਂ ਉੱਤੇ ਨਾਜਾਇਜ਼ ਕਾਬਜ਼ਾਂ ਨੂੰ ਅਪੀਲ ਕਰਨ ਤੋਂ ਇਲਾਵਾ ਨਾਜਾਇਜ਼ ਕਬਜ਼ੇ ਹਟਾਉਣ ਲਈ ਵਿਸ਼ੇਸ਼ ਟਾਸਕ ਫੋਰਸ ਦਾ ਹੀ ਗਠਨ ਕੀਤਾ ਹੈ ਜਿਸ ਵਿਚ ਡਿਪਟੀ ਕਮਿਸ਼ਨਰ, ਐੱਸਡੀਐੱਮ, ਤਹਿਸੀਲਦਾਰ, ਮਾਲ ਅਫ਼ਸਰ, ਪੁਲਿਸ ਅਧਿਕਾਰੀ, ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਸ਼ਾਮਲ ਹਨ।

ਟਾਸਕ ਫੋਰਸ ਨਾਜਾਇਜ਼ ਕਾਬਜ਼ਾਂ ਕੋਲੋਂ ਜ਼ਮੀਨਾਂ ਛੁਡਵਾਉਣ ਲਈ ਕਾਨੂੰਨ ਅਨੁਸਾਰ ਲੋੜੀਂਦੀ ਕਾਗਜ਼ੀ ਕਾਰਵਾਈ ਕਰੇਗੀ ਅਤੇ ਲੋੜ ਪੈਣ 'ਤੇ ਤਾਕਤ ਦੀ ਵਰਤੋਂ ਵੀ ਕਰੇਗੀ। ਸ਼ਾਮਲਾਤ ਜ਼ਮੀਨਾਂ ਨੂੰ ਬਚਾਉਣ ਤੋਂ ਭਾਵ ਸਮੁੱਚੇ ਪਿੰਡ ਵਾਸੀਆਂ ਦੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਲਈ ਸ਼ਾਮਲਾਤ ਜ਼ਮੀਨਾਂ ਪੰਚਾਇਤਾਂ ਦੇ ਹਵਾਲੇ ਕਰਨੀਆਂ ਅਤਿ ਜ਼ਰੂਰੀ ਹਨ। ਸੁਪਰੀਮ ਕੋਰਟ ਦੇ 7 ਅਪ੍ਰੈਲ 2022 ਦੇ ਫ਼ੈਸਲੇ ਅਨੁਸਾਰ ਪੁਰਾਣੇ ਮਾਲਕਾਂ/ ਕਾਬਜ਼ਾਂ ਨੂੰ ਸ਼ਾਮਲਾਤ ਜ਼ਮੀਨ ਦੁਬਾਰਾ ਵੰਡੀ ਨਹੀਂ ਜਾ ਸਕਦੀ।

ਇਸ ਫ਼ੈਸਲੇ ਰਾਹੀਂ ਸੁਪਰੀਮ ਕੋਰਟ ਵੱਲੋਂ ਹਾਈ ਕੋਰਟਾਂ ਵਿਚ ਲੰਬਿਤ ਕੇਸਾਂ/ ਫ਼ੈਸਲਿਆਂ ਨੂੰ ਖ਼ਾਰਜ ਕੀਤਾ ਗਿਆ ਹੈ। ਸ਼ਾਮਲਾਤ ਦਿਹ ਵੇਚੀ ਜਾਂ ਅਦਲੀ-ਬਦਲੀ ਜਾਂ ਵੰਡੀ ਨਹੀਂ ਜਾ ਸਕਦੀ ਸਿਵਾਏ ਪਿੰਡ ਦੇ ਲੋਕਾਂ ਦੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਅਤੇ ਆਮਦਨ ਨੂੰ ਵਧਾਉਣ ਲਈ ਕੇਵਲ ਠੇਕੇ ਉੱਤੇ ਦਿੱਤੀਆਂ ਜਾ ਸਕਦੀਆਂ ਹਨ। ਸ਼ਾਮਲਾਤ ਦਿਹ, ਪੰਜਾਬ ਦੇ ਪਿੰਡਾਂ ਦਾ ਭਵਿੱਖ ਹਨ, ਨਿਰਸੰਦੇਹ।

# ਖ਼ੁਸ਼ਹਾਲ ਭਾਰਤ ਦੀ ਤਕੜੀ ਹੁੰਦੀ ਸੰਭਾਵਨਾ

ਹਰਸ਼ ਗੁਪਤਾ ਮਧੂਸੂਦਨ

ਸਾਡੇ ਇੱਥੇ ਇਕ ਵੱਡੀ ਮਸ਼ਹੂਰ ਕਹਾਵਤ ਹੈ-ਮੁੰਗੇਰੀ ਲਾਲ ਦੇ ਹੁਸੀਨ ਸੁਪਨੇ। ਅਸਲ ਵਿਚ ਕਿਸੇ ਉਮੀਦ ਦਾ ਮਖੌਲ ਉਡਾਉਣਾ ਅਤੇ ਉਸ ਨੂੰ ਸ਼ੰਕੇ ਦੀ ਦ੍ਰਿਸ਼ਟੀ ਨਾਲ ਦੇਖਣਾ ਬਹੁਤ ਆਸਾਨ ਹੈ। ਅਜਿਹੇ ਅੜਿੱਕਾ ਡਾਹੂ ਲੋਕ ਨਿਰਾਸ਼ਾ ਨਾਲ ਲਗਾਅ ਰੱਖਦੇ ਹਨ ਪਰ ਹਕੀਕਤ ਇਹੀ ਹੈ ਕਿ ਅੰਤ ਵਿਚ ਆਸ਼ਾਵਾਦ ਹੀ ਜੇਤੂ ਹੁੰਦਾ ਹੈ। ਆਸ਼ਾਵਾਦੀ ਅਤੇ ਨਿਰਾਸ਼ਾਵਾਦੀ ਦੀ ਇਹ ਬਹਿਸ ਕੁਝ ਅੱਗੇ ਜਾਵੇ, ਉਸ ਤੋਂ ਪਹਿਲਾਂ ਹੀ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੇਰਾ ਵਾਸਤਾ ਇਨ੍ਹਾਂ ਦੋਵਾਂ ਵਿਚੋਂ ਕਿਸੇ ਨਾਲ ਨਹੀਂ।

ਮੈਂ ਅਨੁਭਵਵਾਦੀ ਹਾਂ। ਇਸ ਵਿਚ ਤਜਰਬਿਆਂ ਅਤੇ ਸਬੂਤਾਂ ਦਾ ਮਿਸ਼ਰਣ ਹੁੰਦਾ ਹੈ। ਅਸਲ ਵਿਚ ਕਿਸੇ ਵੀ ਮੁਲਾਂਕਣ ਵਿਚ ਇਨ੍ਹਾਂ ਤੱਤਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਨ੍ਹੀਂ ਦਿਨੀਂ ਭਾਰਤ ਨੂੰ ਲੈ ਕੇ ਵੀ ਤਮਾਮ ਮੁਲਾਂਕਣ ਕੀਤੇ ਜਾ ਰਹੇ ਹਨ ਜੋ ਆਗਾਮੀ 15 ਅਗਸਤ ਨੂੰ ਆਪਣੀ ਸੁਤੰਤਰਤਾ ਦੇ 75 ਵਰ੍ਹੇ ਪੂਰੇ ਕਰ ਲਵੇਗਾ। ਫਿਰ ਅਗਲੇ 25 ਸਾਲਾਂ ਦੌਰਾਨ ਸੁਤੰਤਰਤਾ ਦੀ ਸੌਵੀਂ ਵਰ੍ਹੇਗੰਢ ਮਨਾਉਣ ਦੀ ਯਾਤਰਾ ਆਰੰਭ ਹੋਵੇਗੀ।

ਇਸ ਉਪਰੰਤ ਸਵੱਛ ਤਕਨੀਕ ਨਾਲ ਜੁੜੇ ਦੋ ਬਿੰਦੂਆਂ ਵਿਚ ਸਵੱਛ ਊਰਜਾ ਅਤੇ ਸੁਪਰ ਫਾਸਟ ਡਾਟਾ ਹਨ। ਇਸ ਫਰੇਮਵਰਕ ਦੇ ਤੀਜੇ ਸਤੰਭ ਲੋਕਤੰਤਰ ਵਿਚ ਚਾਰ ਬਿੰਦੂ ਸ਼ਾਮਲ ਹਨ। ਇਨ੍ਹਾਂ ਵਿਚ ਪਹਿਲਾ ਹੈ ਸਾਫਟ ਪਾਵਰ ਅਤੇ ਅੰਦਰੂਨੀ ਏਕਤਾ, ਸਾਡੇ ਇੱਥੇ ਇਕ ਵੱਡੀ ਮਸ਼ਹੂਰ ਕਹਾਵਤ ਹੈ-ਮੁੰਗੇਰੀ ਲਾਲ ਦੇ ਹੁਸੀਨ ਸੁਪਨੇ। ਅਸਲ ਵਿਚ ਕਿਸੇ ਉਮੀਦ ਦਾ ਮਖੌਲ ਉਡਾਉਣਾ ਅਤੇ ਉਸ ਨੂੰ ਸ਼ੰਕੇ ਦੀ ਦ੍ਰਿਸ਼ਟੀ ਨਾਲ ਦੇਖਣਾ ਬਹੁਤ ਆਸਾਨ ਹੈ। ਅਜਿਹੇ ਅੜਿੱਕਾ ਡਾਹੂ ਲੋਕ ਨਿਰਾਸ਼ਾ ਨਾਲ ਲਗਾਅ ਰੱਖਦੇ ਹਨ ਪਰ ਹਕੀਕਤ ਇਹੀ ਹੈ ਕਿ ਅੰਤ ਵਿਚ ਆਸ਼ਾਵਾਦ ਹੀ ਜੇਤੂ ਹੁੰਦਾ ਹੈ। ਆਸ਼ਾਵਾਦੀ ਅਤੇ ਨਿਰਾਸ਼ਾਵਾਦੀ ਦੀ ਇਹ ਬਹਿਸ ਕੁਝ ਅੱਗੇ ਜਾਵੇ, ਉਸ ਤੋਂ ਪਹਿਲਾਂ ਹੀ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੇਰਾ ਵਾਸਤਾ ਇਨ੍ਹਾਂ ਦੋਵਾਂ ਵਿਚੋਂ ਕਿਸੇ ਨਾਲ ਨਹੀਂ।

ਮੈਂ ਅਨੁਭਵਵਾਦੀ ਹਾਂ। ਇਸ ਵਿਚ ਤਜਰਬਿਆਂ ਅਤੇ ਸਬੂਤਾਂ ਦਾ ਮਿਸ਼ਰਣ ਹੁੰਦਾ ਹੈ। ਅਸਲ ਵਿਚ ਕਿਸੇ ਵੀ ਮੁਲਾਂਕਣ ਵਿਚ ਇਨ੍ਹਾਂ ਤੱਤਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਨ੍ਹੀਂ ਦਿਨੀਂ ਭਾਰਤ ਨੂੰ ਲੈ ਕੇ ਵੀ ਤਮਾਮ ਮੁਲਾਂਕਣ ਕੀਤੇ ਜਾ ਰਹੇ ਹਨ ਜੋ ਆਗਾਮੀ 15 ਅਗਸਤ ਨੂੰ ਆਪਣੀ





ਸੁਤੰਤਰਤਾ ਦੇ 75 ਵਰ੍ਹੇ ਪੂਰੇ ਕਰ ਲਵੇਗਾ। ਫਿਰ ਅਗਲੇ 25 ਸਾਲਾਂ ਦੌਰਾਨ ਸੁਤੰਤਰਤਾ ਦੀ ਸੌਵੀਂ ਵਰ੍ਹੇਗੰਢ ਮਨਾਉਣ ਦੀ ਯਾਤਰਾ ਆਰੰਭ ਹੋਵੇਗੀ।

ਇਸ ਨੂੰ 'ਅੰਮ੍ਰਿਤ ਕਾਲ' ਦਾ ਨਾਂ ਦਿੱਤਾ ਜਾ ਰਿਹਾ ਹੈ। ਇਸ ਮੌਕੇ 'ਤੇ ਆਪਣੇ ਵਿਸ਼ਲੇਸ਼ਣ ਦੇ ਆਧਾਰ 'ਤੇ ਮੈਂ ਇਹੀ ਕਹਾਂਗਾ ਕਿ ਹੁਣ ਭਾਰਤ ਦਾ ਸੁਨਹਿਰੀ ਦੌਰ ਸ਼ੁਰੂ ਹੋ ਗਿਆ ਹੈ। ਆਉਣ ਵਾਲੇ ਸਮੇਂ ਵਿਚ ਇਸ ਸੁਨਹਿਰੇ ਦੌਰ ਦੀ ਚਮਕ ਹੋਰ ਨਿਖਰ ਕੇ ਹੀ ਸਾਹਮਣੇ ਆਵੇਗੀ। ਭਾਰਤ ਤੇਜ਼ ਵਾਧੇ ਦੇ ਇਕ ਨਵੇਂ ਚੱਕਰ ਵਿਚ ਦਾਖ਼ਲ ਹੋਣ ਜਾ ਰਿਹਾ ਹੈ। ਭਾਰਤ ਨੂੰ ਲੈ ਕੇ ਮੇਰਾ ਮੁਲਾਂਕਣ ਮੁੱਖ ਤੌਰ 'ਤੇ ਤਿੰਨ ਵਿਆਪਕ ਸਤੰਭਾਂ 'ਤੇ ਆਧਾਰਤ ਹੈ। ਪਹਿਲਾ ਮਨੁੱਖੀ ਪੂੰਜੀ, ਦੂਜਾ ਕਲੀਨ ਟੈਕ ਅਰਥਾਤ ਸਵੱਛ ਤਕਨੀਕ ਅਤੇ ਤੀਜਾ ਲੋਕਤੰਤਰ। ਇਨ੍ਹਾਂ ਤਿੰਨਾਂ ਦੇ ਅੰਦਰ ਵੀ ਹੋਰ ਬਿੰਦੂ ਸਮਾਏ ਹੋਏ ਹਨ। ਮੈਂ ਇਸ ਨੂੰ 4-2-4 ਫਰੇਮਵਰਕ ਦਾ ਨਾਂ ਦਿੱਤਾ ਹੈ। ਇਨ੍ਹਾਂ ਵਿਚ ਆਰੰਭਕ ਚਾਰ ਦਾ ਸਬੰਧ ਮਨੁੱਖੀ ਪੂੰਜੀ ਨਾਲ ਹੈ ਜਿਸ ਵਿਚ ਭਾਰਤੀਆਂ ਦੀ ਗਿਣਤੀ, ਉਮਰ ਵੇਰਵਾ, ਕੰਮਕਾਜੀ ਔਰਤਾਂ ਅਤੇ ਨੌਜਵਾਨਾਂ ਵਿਚ ਸਾਖਰਤਾ ਵਰਗੇ ਪਹਿਲੂ ਸ਼ਾਮਲ ਹਨ।

ਇਸ ਉਪਰੰਤ ਸਵੱਛ ਤਕਨੀਕ ਨਾਲ ਜੁੜੇ ਦੋ ਬਿੰਦੂਆਂ ਵਿਚ ਸਵੱਛ ਊਰਜਾ ਅਤੇ ਸੁਪਰ ਫਾਸਟ ਡਾਟਾ ਹਨ। ਇਸ ਫਰੇਮਵਰਕ ਦੇ ਤੀਜੇ ਸਤੰਭ ਲੋਕਤੰਤਰ ਵਿਚ ਚਾਰ ਬਿੰਦੂ ਸ਼ਾਮਲ ਹਨ। ਇਨ੍ਹਾਂ ਵਿਚ ਪਹਿਲਾ ਹੈ ਸਾਫਟ ਪਾਵਰ ਅਤੇ ਅੰਦਰੂਨੀ ਏਕਤਾ, ਦੂਜਾ ਆਤਮ-ਨਿਰਭਰਤਾ ਖ਼ਾਸ ਤੌਰ 'ਤੇ ਰੱਖਿਆ ਖੇਤਰ ਵਿਚ ਸਵੈ-ਨਿਰਭਰਤਾ, ਤੀਜਾ ਸੁਧਾਰਾਂ ਦਾ ਰਾਹ ਅਤੇ ਜਨ ਧਨ-ਆਧਾਰ-ਮੋਬਾਈਲ ਦੀ ਤ੍ਰਿਵੇਣੀ ਅਤੇ ਚੌਥਾ ਭੌਤਿਕ ਸੰਰਚਨਾ ਨਾਲ ਸਬੰਧਤ ਹੈ।

ਕੁੱਲ ਮਿਲਾ ਕੇ ਇਹ ਦਸ ਕਾਰਕ ਹੋ ਜਾਂਦੇ ਹਨ। ਅਮੂਮਨ ਇਹ ਕਿਸੇ ਹੋਰ ਦੇਸ਼ ਲਈ ਉਲਟ ਵੀ ਸਿੱਧ ਹੋ ਸਕਦੇ ਹਨ ਪਰ ਭਾਰਤ ਦੇ ਮਾਮਲੇ ਵਿਚ ਇਹ ਅਨੁਕੂਲ ਪ੍ਰਤੀਤ ਹੋ ਰਹੇ ਹਨ। ਇਸ ਤੋਂ ਵੀ ਵਧ ਕੇ ਗੱਲ ਇਹ ਹੈ ਕਿ ਜੋ ਆਲਮੀ ਮਹਾਮਾਰੀ ਭਿਆਨਕ ਤ੍ਰਾਸਦੀ ਲਿਆਈ, ਜਿਸ ਨੇ ਭਾਰਤ ਸਮੇਤ ਪੂਰੀ ਦੁਨੀਆ ਨੂੰ ਭਾਰੀ ਨੁਕਸਾਨ ਪਹੁੰਚਾਇਆ, ਉਸ ਦੇ ਬਾਵਜੂਦ ਇਨ੍ਹਾਂ ਦਸ ਵਿਚੋਂ ਜ਼ਿਆਦਾਤਰ ਕਾਰਕਾਂ ਨੂੰ ਲੈ ਕੇ ਭਾਰਤ ਵਿਚ ਸੁਸਤੀ ਦੀ ਬਜਾਏ ਹੋਰ ਤੇਜ਼ੀ ਦਾ ਰੁਝਾਨ ਹੀ ਦਿਸਿਆ ਹੈ।

ਮੇਰੇ ਹਿਸਾਬ ਨਾਲ ਇਹ 'ਸ਼ਾਰਟ ਟਰਮ ਪੇਨ' ਅਤੇ 'ਲਾਂਗ ਟਰਮ ਗੇਨ' ਅਰਥਾਤ ਕੁਝ ਸਮੇਂ ਦੀ ਤਕਲੀਫ਼ ਅਤੇ ਲੰਬੇ ਸਮੇਂ ਵਿਚ ਮਿਲਣ ਵਾਲੇ ਲਾਭ ਵਰਗਾ ਹੈ। ਜਿਵੇਂ-ਜਿਵੇਂ ਸੁਤੰਤਰਤਾ ਦੇ 75 ਸਾਲ ਪੂਰੇ ਕਰਨ ਦੇ ਕਰੀਬ ਪਹੁੰਚ ਰਹੇ ਹਨ, ਤਿਵੇਂ-ਤਿਵੇਂ ਤਕਲੀਫ਼ ਦਾ ਪਹਿਲੂ ਕਮਜ਼ੋਰ ਪੈਂਦਾ ਦਿਸ ਰਿਹਾ ਹੈ। ਓਥੇ ਲਾਭ ਵਾਲਾ ਹਿੱਸਾ ਹੋਰ ਤੇਜ਼ੀ ਨਾਲ ਉੱਭਰਤਾ ਹੋਇਆ ਦਿਖਾਈ ਦੇਵੇਗਾ। ਅੰਕੜਿਆਂ ਦੀ ਗੱਲ ਕਰੀਏ ਤਾਂ ਅੱਜ ਭਾਰਤ ਦਾ ਅਰਥਚਾਰਾ ਅਮਰੀਕੀ ਡਾਲਰ ਬਾਜ਼ਾਰ ਵਟਾਂਦਰਾ ਦਰਾਂ ਦੇ ਲਿਹਾਜ਼ ਨਾਲ ਤਿੰਨ ਟ੍ਰਿਲੀਅਨ (ਲੱਖ ਕਰੋੜ) ਡਾਲਰ ਤੋਂ ਵੱਧ ਦਾ ਹੈ। ਇਸ ਪੈਮਾਨੇ 'ਤੇ ਅਮਰੀਕੀ ਅਰਥਚਾਰਾ ਅੱਠ ਗੁਣਾ ਵੱਡਾ ਹੈ। ਹਾਲਾਂਕਿ ਜੇਕਰ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਅਮਰੀਕਾ ਜਿੰਨੀ ਹੁੰਦੀ ਤਾਂ ਉਸ ਸਥਿਤੀ ਵਿਚ ਭਾਰਤੀ ਅਰਥਚਾਰਾ ਕਰੀਬ 100 ਟ੍ਰਿਲੀਅਨ ਡਾਲਰ ਦਾ ਹੁੰਦਾ। ਫ਼ਿਲਹਾਲ ਜੋ ਆਸਾਰ ਦਿਸ

(ਬਾਕੀ ਸਫਾ 22 'ਤੇ)

# ਬੱਚਿਆਂ ਦੀ ਰਾਖੀ ਕਰਨ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਅਧਿਆਪਕ

"ਸਾਡੇ ਅੱਗੇ ਇੱਕ ਸ਼ਾਨਦਾਰ ਸਾਲ ਹੈ!" ਸਕੂਲ ਦੇ ਸਾਲ ਦੀ ਸ਼ੁਰੂਆਤ ਵਿੱਚ ਚੌਥੀ ਜਮਾਤ ਦੀ ਅਧਿਆਪਕਾ ਈਵਾ ਮਿਰਲੇਸ ਵੱਲੋਂ ਲਿਖੀ ਗਈ ਇਹ ਪਿਆਰੀ ਅਤੇ ਸਧਾਰਨ ਲਾਈਨ, ਹੁਣ ਪਰੇਸ਼ਾਨ ਕਰ ਰਹੀ ਹੈ। ਵੀਰਵਾਰ ਨੂੰ ਸਕੂਲ ਦੇ ਆਖ਼ਰੀ ਦਿਨ, ਉਸ ਨੂੰ ਅਤੇ ਉਸ ਦੀ ਸਾਥੀ ਅਧਿਆਪਕ ਇਰਮਾ ਗਾਰਸੀਆ ਨੂੰ ਛੋਟੇ ਟੈਕਸਨ ਕਸਬੇ ਉਵਾਲਡੇ ਵਿੱਚ ਰੌਬ ਐਲੀਮੈਂਟਰੀ ਸਕੂਲ ਦੇ ਆਪਣਾ ਸਾਂਝੇ ਕਲਾਸਰੂਮ ਵਿੱ-ਚੋਂ ਸਾਮਾਨ ਪੈਕ ਕਰਨਾ ਚਾਹੀਦਾ ਸੀ, ਅਤੇ ਗਰਮੀਆਂ ਦੀਆਂ ਛੁੱਟੀਆਂ ਲਈ ਤਿਆਰੀ ਕਰਨੀ ਚਾਹੀਦੀ ਸੀ।

ਪਰ ਇਸ ਦੀ ਬਜਾਇ, ਉਸ ਦਾ ਪਰਿਵਾਰ ਉਸ ਦੇ ਅੰਤਿਮ ਸੰਸਕਾਰ ਦਾ ਪ੍ਰਬੰਧ ਕਰ ਰਿਹਾ ਸੀ ਕਿਉਂਕਿ ਉਸ ਨੂੰ ਸਮੂਹਿਕ ਗੋਲੀਬਾਰੀ ਵਿੱਚ ਗੋਲੀ ਮਾਰ ਦਿੱਤੀ ਗਈ। ਇਸ ਵਿੱਚ ਉਸ ਦੇ 19 ਵਿਦਿਆਰਥੀ ਵੀ ਮਾਰੇ ਗਏ ਸਨ। ਮੰਗਲਵਾਰ ਦੇ ਹਮਲੇ ਤੋਂ ਬਾਅਦ ਦੇ ਦਿਨਾਂ ਵਿੱਚ ਗਾਰਸੀਆ ਅਤੇ ਮਿਰਲੇਸ ਦੀ ਬਹਾਦਰੀ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ, ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਨੂੰ ਗੋਲੀਆਂ ਤੋਂ ਬਚਾਉਣ ਦੀ ਕੋਸ਼ਿਸ਼ ਕਰਦੇ ਦੇਖਿਆ ਗਿਆ।

ਉਸ ਦੇ ਭਤੀਜੇ ਜੌਹਨ ਮਾਰਟੀਨੇਜ਼ ਨੇ 'ਨਿਊਯਾਰਕ ਟਾਈਮਜ਼' ਨੂੰ ਦੱਸਿਆ ਕਿ ਗਾਰਸੀਆ ਨੂੰ ਅਧਿਕਾਰੀਆਂ ਨੇ "ਉਸ ਦੇ ਆਖਰੀ ਸਾਹ ਤੱਕ ਬੱਚਿਆਂ ਨੂੰ ਆਪਣੀਆਂ ਬਾਹਾਂ ਵਿੱਚ ਗਲੇ ਲਗਾਉਂਦੇ ਹੋਏ ਦੇਖਿਆ।" ਉਸ ਨੇ ਇੱਕ ਫੰਡਰੇਜ਼ਿੰਗ ਪੇਜ 'ਤੇ ਲਿਖਿਆ, "ਉਸ ਨੇ ਆਪਣੇ ਕਲਾਸਰੂਮ ਵਿੱਚ ਬੱਚਿਆਂ ਦੀ ਰਾਖੀ ਕਰਨ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ। ਉਹ ਇੱਕ ਹੀਰੋ ਸਨ।" ਠੀਕ ਦੋ ਦਿਨ ਬਾਅਦ ਉਸ ਦੇ ਪਰਿਵਾਰ ਨੂੰ ਇੱਕ ਹੋਰ ਦੁਖਾਂਤ ਦਾ ਸਾਹਮਣਾ ਕਰਨਾ ਪਿਆ ਜਦੋਂ ਗਾਰਸੀਆ ਦੇ ਪਤੀ, ਜੋਏ ਗਾਰਸੀਆ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮਾਰਟੀਨੇਜ਼ ਨੇ ਲਿਖਿਆ ਕਿ ਉਨ੍ਹਾਂ ਦਾ "ਸਦਮੇ ਕਾਰਨ ਦੇਹਾਂਤ ਹੋ ਗਿਆ"।

ਗਾਰਸੀਆ ਅਤੇ ਮਿਰਲੇਸ ਪੰਜ ਸਾਲਾਂ ਲਈ ਇੱਕ ਅਧਿਆਪਨ ਟੀਮ ਵਿੱਚ ਸਨ ਅਤੇ ਉਨ੍ਹਾਂ ਕੋਲ 40 ਸਾਲਾਂ ਦਾ ਅਨੁਭਵ ਸੀ। ਪਿਛਲੇ ਮਹੀਨੇ ਲਈ ਗਈ ਇੱਕ ਤਸਵੀਰ ਵਿੱਚ ਇਹ ਅਧਿਆਪਕਾਂ ਦੀ ਜੋੜੀ ਆਪਣੇ ਕਲਾ-ਸਰੂਮ ਵਿੱਚ ਵਿਦਿਆਰਥੀਆਂ ਨੂੰ ਆਈਪੈਡ 'ਤੇ ਕੰਮ ਕਰਦੇ ਹੋਏ ਦੇਖਦੀ ਹੈ, ਇੱਕ ਖੁਸ਼ਨੁਮਾ ਕਲਾਸ ਸੀ, ਉਹ ਸ਼ਾਇਦ ਜਾਣਦੀਆਂ ਹੋਣ ਕਿ ਫੋਟੋ ਖਿੱਚੀ ਜਾ ਰਹੀ ਹੈ। ਉਵਾਲਡੇ ਵਿੱਚ ਰਹਿਣ ਵਾਲੀ ਸਿੱਖਿਆ ਮਾਹਿਰ ਨਤਾਲੀ ਅਰਿਅਸ ਨੇ ਲਿਖਿਆ, "ਈਵਾ ਮਿਰਲੇਸ ਅਤੇ ਇਰਮਾ ਗਾਰਸੀਆ ਦੋ ਸਭ ਤੋਂ ਮਹਾਨ ਅਧਿਆਪਿਕਾਵਾਂ ਸਨ, ਜਿਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।"

"ਉਨ੍ਹਾਂ ਦਾ ਕਲਾਸਰੂਮ ਮਸਤੀ, ਵਿਕਾਸ, ਹਾਸਾ, ਟੀਮ ਵਰਕ ਅਤੇ ਸਭ ਤੋਂ ਵਧ ਕੇ ਪਿਆਰ ਨਾਲ ਭਰਿਆ ਹੋਇਆ ਸੀ।" ਜਿਵੇਂ-ਜਿਵੇਂ ਸੋਗ ਦਾ ਸਿਲਸਿਲਾ ਜਾਰੀ ਹੈ, ਉੱਥੇ ਇਸ ਗੱਲ 'ਤੇ ਵੀ ਗੁੱਸਾ ਹੈ ਕਿ ਇੱਕ ਹੋਰ ਸਕੂਲ 'ਤੇ ਘਾਤਕ ਗੋਲੀਬਾਰੀ ਹੋਣ ਦਿੱਤੀ ਗਈ। ਟੈਕਸਸ ਵਿੱਚ 18 ਸਾਲ ਦੀ ਉਮਰ ਵਿੱਚ ਬੰਦੂਕ ਖਰੀਦਣਾ ਕਾਨੂੰਨੀ ਹੈ ਅਤੇ ਅਮਰੀਕੀ ਮੀਡੀਆ ਅਨੁਸਾਰ, ਹਮਲਾਵਰ ਨੇ ਪਿਛਲੇ ਹਫ਼ਤੇ ਆਪਣੇ ਜਨਮਦਿਨ ਤੋਂ ਅਗਲੇ ਦਿਨ ਦੋ ਏਆਰ-15 ਸ਼ੈਲੀ ਦੀਆਂ ਸੈਮੀ-ਆਟੋਮੈਟਿਕ ਰਾਈਫਲਾਂ ਅਤੇ 375 ਰਾਊਂਡ ਗੋਲਾ ਬਾਰੂਦ ਖਰੀਦਿਆ ਸੀ। ਈਵਾ ਮਿਰਲੇਸ ਦੀ ਚਾਚੀ, ਲਿਡੀਆ ਮਾਰਟੀਨੇਜ਼ ਡੇਲਗਾਡੋ ਨੇ ਇੱਕ ਬਿਆਨ ਵਿੱਚ ਕਿਹਾ, "ਮੈਨੂੰ ਬਹੁਤ ਗੁੱਸਾ ਹੈ ਕਿ ਇਹ ਗੋਲੀਬਾਰੀ ਜਾਰੀ ਹੈ, ਇਹ ਬੱਚੇ ਬੇਕਸੂਰ ਹਨ, ਰਾਈਫਲਾਂ ਸਾਰਿਆਂ ਲਈ ਆਸਾਨੀ ਨਾਲ ਉਪਲੱਬਧ ਨਹੀਂ ਹੋਣੀਆਂ ਚਾਹੀਦੀਆਂ।"





ਉਨ੍ਹਾਂ ਨੇ ਲਿਖਿਆ, "ਇਹ ਮੇਰਾ ਜੱਦੀ ਸ਼ਹਿਰ ਹੈ, 20,000 ਤੋਂ ਘੱਟ ਦਾ ਇੱਕ ਛੋਟਾ ਜਿਹਾ ਭਾਈਚਾਰਾ ਹੈ। ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਅਜਿਹਾ ਹੋਵੇਗਾ, ਖਾਸ ਕਰਕੇ ਸਾਡੇ ਅਜ਼ੀਜ਼ਾਂ ਨਾਲ।" ਮਿਰਲੇਸ ਦੇ ਪਤੀ, ਰੂਬੇਨ ਰੂਇਜ਼, ਇੱਕ ਸਕੂਲ ਪੁਲਿਸ ਅਧਿਕਾਰੀ ਹਨ। ਦੋ ਮਹੀਨੇ ਪਹਿਲਾਂ ਉਨ੍ਹਾਂ ਨੇ ਉਵਾਲਡੇ ਹਾਈ ਸਕੂਲ ਵਿੱਚ ਇੱਕ ਐਕ-ਟਿਵ ਸ਼ੂਟਰ ਡ੍ਰਿਲ ਕੀਤੀ ਸੀ ਜੋ ਕਿ ਅਮਰੀਕਾ ਦੇ ਸਕੂਲਾਂ ਵਿੱਚ ਆਮ ਹੈ।

ਉਸ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਕੁਝ ਹਫ਼ਤਿਆਂ ਬਾਅਦ, ਉਸ ਦੀ ਆਪਣੀ ਪਤਨੀ ਇਸ ਦਾ ਸ਼ਿਕਾਰ ਹੋਵੇਗੀ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਅਨੁਸਾਰ ਮਿਸਟਰ ਰੁਇਜ਼ ਖ਼ਬਰ ਸੁਣਦੇ ਹੀ ਰੌਬ ਐਲੀਮੈਂਟਰੀ ਸਕੂਲ ਵੱਲ ਦੌੜੇ, ਪਰ ਦੂਜੇ ਅਫ਼ਸਰਾਂ ਨੇ ਉਸ ਨੂੰ ਰੋਕਿਆ ਕਿਉਂਕਿ ਉਹ ਆਪਣੀ ਪਤਨੀ ਕੋਲ ਜਾਣ ਦੀ ਕੋਸ਼ਿਸ਼ ਵਿੱਚ ਸੀ। ਵਾਸ਼ਿੰਗਟਨ ਪੋਸਟ ਦੇ ਅੰਕੜਿਆਂ ਅਨੁਸਾਰ, 1999 ਦੇ ਕੋਲੰਬਾਈਨ ਹਾਈ ਸਕੂਲ ਦੇ ਕਤਲੇਆਮ ਤੋਂ ਬਾਅਦ ਅਮਰੀਕਾ ਦੇ ਸਕੂਲ ਹਮਲਿਆਂ ਵਿੱਚ ਘੱਟੋ ਘੱਟ 185 ਬੱਚੇ, ਅਧਿਆਪਕ ਅਤੇ ਹੋਰ ਲੋਕ ਮਾਰੇ ਗਏ ਹਨ। ਕੰਸਾਸ ਵਿੱਚ "ਮ੍ਰਿਤਕ ਅਧਿਆਪਕਾਂ" ਲਈ ਇੱਕ ਵਿਲੱਖਣ ਯਾਦਗਾਰ ਵੀ ਹੈ ਜੋ "ਉਨ੍ਹਾਂ ਲੋਕਾਂ ਦਾ ਸਨਮਾਨ ਕਰਦੀ ਹੈ ਜਿਨ੍ਹਾਂ ਨੇ ਡਿਊਟੀ ਦੌਰਾਨ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ।" ਇਹ ਸ਼ਬਦ, ਸੈਨਿਕਾਂ ਬਾਰੇ ਗੱਲ ਕਰਦੇ ਹੋਏ ਵਧੇਰੇ ਜਾਣੇ ਜਾਂਦੇ ਹਨ, ਪਰ ਇੱਥੇ ਮਾਰੇ ਗਏ ਅਧਿਆਪਕਾਂ ਦਾ ਵਰਣਨ ਕਰਨ ਲਈ ਵਰਤੇ ਜਾਂਦੇ ਹਨ। ਹੁਣ ਦੋ ਹੋਰ ਨਾਮ ਯਾਦਗਾਰ ਵਾਲੀ ਕੰਧ 'ਤੇ ਅੰਕਿਤ ਹਨ।

**ਈਵਾ ਮਿਰਲੇਸ**

17 ਸਾਲਾਂ ਤੋਂ ਅਧਿਆਪਕਾ, ਮਿਰਲੇਸ (44) ਨੇ ਸਕੂਲ ਜ਼ਿਲ੍ਹੇ ਦੀ ਵੈੱਬਸਾਈਟ 'ਤੇ ਪੋਸਟ ਕੀਤੀ ਇੱਕ ਛੋਟੀ ਜੀਵਨੀ ਵਿੱਚ ਦੌੜਨ ਅਤੇ ਲੰਬੀ ਪੈਦਲ ਯਾਤਰਾ ਦੇ ਆਪਣੇ ਪਿਆਰ ਦਾ ਵਰਣਨ ਕੀਤਾ। ਉਸ ਨੇ ਇਹ ਵੀ ਕਿਹਾ ਕਿ ਉਸ ਦਾ "ਇੱਕ ਸਹਾਇਕ, ਮਜ਼ੇਦਾਰ ਅਤੇ ਪਿਆਰ ਕਰਨ ਵਾਲਾ ਪਰਿਵਾਰ" ਹੈ, ਉਸ ਦਾ ਪਤੀ, ਉਸ ਦੀ ਕਾਲਜ ਗ੍ਰੈਜੂਏਟ ਧੀ ਅਤੇ "ਤਿੰਨ ਪਿਆਰੇ ਦੋਸਤ"। ਉਸ ਦੀ ਧੀ ਐਡਲਿਨ ਰੂਇਜ਼ ਨੇ ਟਵਿੱਟਰ 'ਤੇ ਆਪਣੀ "ਪਿਆਰੀ ਮਾਂ" ਨੂੰ ਦਿਲ ਨੂੰ ਚੀਰ ਦੇਣ ਵਾਲੀ ਸ਼ਰਧਾਂਜਲੀ ਲਿਖੀ। 'ਉਸ ਨੇ ਲਿਖਿਆ 'ਮੈਂ ਬਹੁਤ ਖੁਸ਼ ਹਾਂ ਕਿ ਲੋਕ ਤੁਹਾਡਾ ਨਾਮ ਅਤੇ ਤੁਹਾਡੇ ਉਸ ਸੁੰਦਰ ਚਿਹਰੇ ਨੂੰ ਜਾਣਦੇ ਹਨ ਅਤੇ ਉਹ ਜਾਣਦੇ ਹਨ ਕਿ ਇੱਕ ਹੀਰੋ ਕਿਹੋ ਜਿਹਾ ਦਿਖਾਈ ਦਿੰਦਾ ਹੈ।" "ਈਵਾ ਮਿਰਲੇਸ, ਚੌਥੀ ਕਲਾਸ ਦੀ ਅਧਿਆਪਕਾ, ਜੋ ਆਪਣੇ ਵਿਦਿਆਰਥੀਆਂ ਦੀ ਜਾਨ ਬਚਾਉਣ ਲਈ ਨਿਰਸਵਾਰਥ ਭਾਵਨਾ ਨਾਲ ਉਨ੍ਹਾਂ ਦੇ ਅੱਗੇ ਆ ਗਈ।"

ਮਿਰਲੇਸ ਨੂੰ ਵਿਸ਼ੇਸ਼ ਸਿੱਖਿਆ ਵਿੱਚ ਸਿਖਲਾਈ ਦਿੱਤੀ ਗਈ ਸੀ ਅਤੇ ਇੱਕ ਬੱਚੇ ਦੀ ਮਾਂ ਔਡਰੇ ਗਾਰਸੀਆ (ਇਰਮਾ ਗਾਰਸੀਆ ਨਾਲ ਕੋਈ ਸਬੰਧ ਨਹੀਂ) ਨੇ ਇੱਕ ਅਧਿਆਪਕ ਦੇ ਰੂਪ ਵਿੱਚ ਉਸ ਨੂੰ "ਆਪਣੇ ਵਿਦਿਆਰਥੀਆਂ ਲਈ ਕੁਝ ਵੀ ਕਰ ਜਾਣ ਵਾਲੀ" ਵਜੋਂ ਯਾਦ ਕੀਤਾ ਗਿਆ। ਇਹ ਕੁਝ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਉਵਾਲਡੇ ਖੇਤਰ ਦੇ ਸਕੂਲਾਂ ਨੇ ਘੱਟ ਵਿਕਾਸ ਵਾਲੇ ਬੱਚਿਆਂ ਨੂੰ ਨਿਯਮਤ ਕਲਾਸਰੂਮਾਂ ਵਿੱਚ ਸ਼ਾਮਲ ਕਰਨਾ ਸ਼ੁਰੂ ਕੀਤਾ ਸੀ, ਅਤੇ ਮਿਰਲੇਸ ਉਨ੍ਹਾਂ ਅਧਿਆਪਕਾਂ ਵਿੱਚੋਂ ਇੱਕ ਸੀ ਜੋ ਉਨ੍ਹਾਂ ਨੂੰ ਪੜ੍ਹਾਉਂਦੀਆਂ ਸਨ। ਗਾਰਸੀਆ ਨੇ ਟਵਿੱਟਰ 'ਤੇ ਲਿਖਿਆ, "ਉਹ ਇੱਕ ਸੁੰਦਰ ਵਿਅਕਤੀ ਅਤੇ ਸਮਰਪਿਤ ਅਧਿਆਪਕ ਸੀ। ਉਹ ਗੈਬੀ 'ਤੇ ਵਿਸ਼ਵਾਸ ਕਰਦੀ ਸੀ ਅਤੇ ਉਸ ਨੂੰ ਸਿਖਾਉਣ ਲਈ ਸਭ ਕੁਝ ਕਰਦੀ ਸੀ।"

**ਇਰਮਾ ਗਾਰਸੀਆ**

ਇਰਮਾ ਗਾਰਸੀਆ (48) 23 ਸਾਲਾਂ ਦੀ ਇੱਕ ਅਨੁਭਵੀ ਅਧਿਆਪਕਾ ਸੀ, ਉਸ ਦਾ ਅਧਿਆਪਨ ਦਾ ਸਾਰਾ ਤਜਰਬਾ ਰੋਬ ਐਲੀਮੈਂਟਰੀ ਸਕੂਲ ਦਾ ਹੀ ਸੀ ਅਤੇ 2019 ਵਿੱਚ ਉਹ ਸਕੂਲ ਦੀ 'ਟੀਚਰ ਆਫ ਦਿ ਈਯਰ' ਰਹੀ ਸੀ। ਉਸ ਨੇ ਜ਼ਿਲ੍ਹੇ ਦੀ ਵੈੱਬਸਾਈਟ 'ਤੇ ਆਪਣੀ ਜੀਵਨੀ ਵਿੱਚ ਲਿਖਿਆ ਸੀ, "ਮੈਂ ਇਸ ਨਵੇਂ ਸਕੂਲੀ ਸਾਲ ਨੂੰ ਸ਼ੁਰੂ ਕਰਨ ਲਈ ਬਹੁਤ ਉਤਸ਼ਾਹਿਤ ਹਾਂ!" ਅਧਿਕਾਰੀਆਂ ਨੇ ਉਸ ਦੇ ਪਰਿਵਾਰ ਨੂੰ ਦੱਸਿਆ ਕਿ ਗਾਰਸੀਆ ਨੂੰ ਕਾਨੂੰਨ ਲਾਗੂ ਕਰਨ ਵਾਲੇ ਦਸਤੇ ਦੇ ਇੱਕ ਮੈਂਬਰ ਨੇ ਆਪਣੇ ਵਿਦਿਆਰਥੀਆਂ ਨੂੰ ਗੋਲੀਬਾਰੀ ਤੋਂ ਬਚਾਉਣ ਦੀ ਕੋਸ਼ਿਸ਼ ਕਰਦਿਆਂ ਦੇਖਿਆ ਸੀ।

ਉਸ ਦੇ ਭਤੀਜੇ ਜੌਹਨ ਮਾਰਟੀਨੇਜ਼ ਨੇ ਵਾਸ਼ਿੰਗਟਨ ਪੋਸਟ ਨੂੰ ਦੱਸਿਆ, "ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕਿਸੇ ਅਜਿਹੇ ਵਿਅਕਤੀ ਵਜੋਂ ਯਾਦ ਕੀਤਾ ਜਾਵੇ ਜਿਨ੍ਹਾਂ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਆਪਣੇ ਬੱਚਿਆਂ ਲਈ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ।" "ਉਹ ਸਿਰਫ਼ ਉਸ ਦੇ ਵਿਦਿਆਰਥੀ ਨਹੀਂ ਸਨ। ਉਹ ਉਨ੍ਹਾਂ ਦੇ ਬੱਚੇ ਸਨ ਅਤੇ ਉਨ੍ਹਾਂ ਨੇ ਆਪਣਾ ਜੀਵਨ ਦਾਅ 'ਤੇ ਲਗਾ ਦਿੱਤਾ, ਉਨ੍ਹਾਂ ਨੇ ਉਨ੍ਹਾਂ ਦੀ ਰੱਖਿਆ ਲਈ ਆਪਣੀ ਜਾਨ ਗੁਆ ਦਿੱਤੀ। ਉਹ ਇਸ ਕਿਸਮ ਦੀ ਵਿਅਕਤੀ ਸਨ।"

ਗਾਰਸੀਆ ਵਿਆਹੀ ਹੋਈ ਸੀ ਅਤੇ ਉਸ ਦੇ ਚਾਰ ਬੱਚੇ ਸਨ, ਦੋ ਮੁੰਡੇ ਅਤੇ ਦੋ ਕੁੜੀਆਂ ਜਿਨ੍ਹਾਂ ਦੀ ਉਮਰ 12 ਤੋਂ 23 ਸਾਲ ਵਿਚਕਾਰ ਹੈ। ਉਸ ਦਾ ਫੇਸਬੁੱਕ ਪੇਜ ਉਸ ਦੇ ਬੱਚਿਆਂ ਲਈ ਪਰਿਵਾਰਕ ਯਾਦਾਂ ਅਤੇ ਮਾਣ ਦੀ ਇੱਕ ਐਲਬਮ ਹੈ। ਉਸ ਨੇ ਪਰਿਵਾਰ ਦੀ ਮੱਛੀਆਂ ਫੜਨ ਦੀ ਯਾਤਰਾ ਦੀ ਇੱਕ ਫੋਟੋ ਦੇ ਹੇਠਾਂ ਲਿਖਿਆ, "ਮੇਰੇ ਪਿਆਰੇ ਪਤੀ ਅਤੇ ਮੇਰੇ ਬੱਚਿਆਂ ਲਈ ਜੀਸਸ ਤੁਹਾਡਾ ਧੰਨਵਾਦ।" ਅਧਿਆਪਕ ਦਾ ਸੋਸ਼ਲ ਮੀਡੀਆ ਵੀ ਆਪਣੇ ਕਰੀਅਰ ਅਤੇ ਵਿਦਿਆਰਥੀਆਂ ਪ੍ਰਤੀ ਉਸ ਦੇ ਸਮਰਪਣ ਨੂੰ ਦਰਸਾਉਂਦਾ ਹੈ। ਉਸ ਨੇ ਅਧਿਆਪਨ ਕੋਰਸ ਲਈ ਸਰਟੀਫਿਕੇਟ ਦਿਖਾਉਂਦਿਆਂ ਆਪਣੀ ਇੱਕ ਪੋਸਟ ਵਿੱਚ ਲਿਖਿਆ, "ਆਪਣੇ ਭਵਿੱਖ ਦੇ ਵਿਦਿਆਰਥੀਆਂ ਨੂੰ ਸੁਤੰਤਰ ਸਿਖਿਆਰਥੀ ਬਣਨ ਲਈ ਚੁਣੌਤੀ ਦੇਣ ਦੇ ਬਹੁਤ ਸਾਰੇ ਨਵੇਂ ਤਰੀਕੇ ਸਿੱਖੇ।"

# ਅਮਰੀਕਾ ਵਿੱਚ ਕਿਉਂ ਨਹੀਂ ਰੁਕਦੀ ਬੰਦੂਕਾਂ ਨਾਲ ਹੁੰਦੀ ਗੋਲੀਬਾਰੀ

ਅਮਰੀਕਾ ਵਿੱਚ ਲਗਭਗ 50 ਸਾਲ ਪਹਿਲਾਂ ਰਾਸ਼ਟਰਪਤੀ ਲਿੰਡਨ ਬੇਨਜ਼ ਜੌਨਸਨ ਨੇ ਕਿਹਾ ਸੀ-"ਅਮਰੀਕਾ ਵਿੱਚ ਅਪਰਾਧਾਂ ਵਿੱਚ ਜਿੰਨੇ ਲੋਕਾਂ ਦੀ ਜਾਨ ਜਾਂਦੀ ਹੈ, ਉਨ੍ਹਾਂ ਵਿੱਚ ਮੁੱਖ ਕਾਰਨ ਹਥਿਆਰ ਹੁੰਦੇ ਹਨ। ਇਹ ਮੁੱਖ ਤੌਰ 'ਤੇ ਹਥਿਆਰਾਂ ਨੂੰ ਲੈ ਕੇ ਸਾਡੀ ਸੰਸਕ੍ਰਿਤੀ ਵਿੱਚ ਲਾਪਰਵਾਹੀ ਭਰੇ ਰਵੱਈਏ ਅਤੇ ਉਸ ਵਿਰਾਸਤ ਦਾ ਨਤੀਜਾ ਹੈ ਜਿਸ ਵਿੱਚ ਸਾਡੇ ਨਾਗਰਿਕ ਹਥਿਆਰਬੰਦ ਅਤੇ ਆਤਮ ਨਿਰਭਰ ਰਹਿੰਦੇ ਰਹੇ ਹਨ।"

ਉਸ ਵੇਲੇ ਅਮਰੀਕਾ ਵਿੱਚ ਤਕਰੀਬਨ 9 ਕਰੋੜ ਬੰਦੂਕਾਂ ਸਨ। ਅੱਜ ਤਕਰੀਬਨ 50 ਸਾਲ ਬਾਅਦ ਅਮਰੀਕਾ ਵਿੱਚ ਹੋਰ ਵੀ ਜ਼ਿਆਦਾ ਬੰਦੂਕਾਂ ਹਨ ਅਤੇ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ ਵੀ ਲਗਾਤਾਰ ਵਧਦੀ ਜਾ ਰਹੀ ਹੈ। ਮੰਗਲਵਾਰ ਨੂੰ ਹੀ ਟੈਕਸਸ ਦੇ ਪ੍ਰਾਇਮਰੀ ਸਕੂਲਾਂ 'ਚ ਇੱਕ ਹਥਿਆਰਬੰਦ ਨੇ 21 ਲੋਕਾਂ ਨੂੰ ਮਾਰ ਦਿੱਤਾ। ਇਨ੍ਹਾਂ ਵਿੱਚ 19 ਬੱਚੇ ਸ਼ਾਮਿਲ ਸਨ। ਬੰਦੂਕ ਅਤੇ ਇਸ ਤਰ੍ਹਾਂ ਦੇ ਹਥਿਆਰਾਂ ਨਾਲ ਅਮਰੀਕਾ ਵਿੱਚ ਹੋਣ ਵਾਲੀ ਗੋਲੀਬਾਰੀ ਨਾਲ ਸਮੂਹਿਕ ਹੱਤਿਆਵਾਂ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਅਮਰੀਕਾ ਵਿੱਚ ਸਿਰਫ ਇਸ ਸਾਲ ਸਕੂਲਾਂ ਵਿੱਚ ਹੋਈ ਗੋਲਾਬਾਰੀ ਦੀਆਂ 27 ਘਟਨਾਵਾਂ ਸਾਹਮਣੇ ਆਈਆਂ ਹਨ। ਤਕਰੀਬਨ 10 ਦਿਨ ਪਹਿਲਾਂ ਨਿਊਯਾਰਕ ਵਿੱਚ ਸਮੂਹਿਕ ਗੋਲੀਬਾਰੀ ਦੀ ਘਟਨਾ ਵਾਪਰੀ ਸੀ ਜਿਸ ਵਿੱਚ 10 ਲੋਕਾਂ ਦੀ ਮੌਤ ਹੋਈ ਸੀ। ਜਦੋਂ ਵੀ ਅਮਰੀਕਾ ਵਿੱਚ ਅਜਿਹੀ ਕਿਸੇ ਗੋਲੀਬਾਰੀ ਦੀ ਘਟਨਾ ਦੀ ਖ਼ਬਰ ਆਉਂਦੀ ਹੈ ਤਾਂ ਹਰ ਵਾਰ ਸਵਾਲ ਉੱਠਦੇ ਹਨ ਕਿ ਅਮਰੀਕਾ ਵਿੱਚ ਅਜਿਹੀਆਂ ਘਟਨਾਵਾਂ ਕਿਉਂ ਹੁੰਦੀਆਂ ਹਨ।

**ਦੁਨੀਆਂ ਵਿੱਚ ਸਭ ਤੋਂ ਵੱਧ ਹਥਿਆਰ ਅਮਰੀਕੀਆਂ ਕੋਲ**

ਦੁਨੀਆਂ ਭਰ ਵਿੱਚ ਲੋਕਾਂ ਕੋਲ ਕਿੰਨੀਆਂ ਬੰਦੂਕਾਂ ਹਨ, ਇਹ ਦੱਸਣਾ ਔਖਾ ਹੈ। ਸਵਿਟਜ਼ਰਲੈਂਡ ਦੀ ਇੱਕ ਨਾਮੀ ਰਿਸਰਚ ਸੰਸਥਾ ਨੇ ਸਮਾਲ ਆਰਮ ਸਰਵੇ ਨਾਮ ਦੇ ਇੱਕ ਅਧਿਐਨ ਵਿੱਚ ਅੰਦਾਜ਼ਾ ਲਗਾਇਆ ਸੀ ਕਿ 2018 ਵਿੱਚ ਦੁਨੀਆਂ ਭਰ ਵਿੱਚ ਤਕਰੀਬਨ 39 ਕਰੋੜ ਬੰਦੂਕਾਂ ਸਨ। ਅਮਰੀਕਾ ਵਿੱਚ ਪ੍ਰਤੀ 100 ਨਾਗਰਿਕਾਂ ਦੇ ਕੋਲ ਤਕਰੀਬਨ 120।5 ਹਥਿਆਰ ਹਨ ਜਦੋਂਕਿ 2011 ਵਿੱਚ ਇਹ ਅੰਕੜਾ 88 ਸੀ। ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਅਮਰੀਕਾ ਦੇ ਲੋਕਾਂ ਕੋਲ ਸਭ ਤੋਂ ਜ਼ਿਆਦਾ



ਹਥਿਆਰ ਹਨ। ਹਾਲ ਦੇ ਦਿਨਾਂ ਵਿੱਚ ਜੋ ਅੰਕੜੇ ਸਾਹਮਣੇ ਆਏ ਹਨ ਉਸ ਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਅਮ-ਰੀਕਾ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਬੰਦੂਕ ਰੱਖਣ ਵਾ-ਲਿਆਂ ਦੀ ਸੰਖਿਆ ਵਿੱਚ ਭਾਰੀ ਵਾਧਾ ਹੋਇਆ ਹੈ। ਇੱਕ ਰਿਪੋਰਟ ਮੁਤਾਬਕ ਜਨਵਰੀ 2019 ਤੋਂ ਅਪਰੈਲ 2021 ਦੇ ਵਿੱਚ ਤਕਰੀਬਨ 75 ਲੱਖ ਅਮਰੀਕੀ ਲੋਕਾਂ ਨੇ ਪਹਿਲੀ ਵਾਰ ਬੰਦੂਕ ਖ਼ਰੀਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਅਮਰੀਕਾ ਵਿੱਚ ਇੱਕ ਕਰੋੜ ਤੋਂ ਵੱਧ ਲੋਕਾਂ ਦੇ ਘਰ ਵਿੱਚ ਬੰਦੂਕ ਆ ਗਈ ਜਿਨ੍ਹਾਂ ਵਿੱਚ ਗਈਆਂ 50 ਲੱਖ ਬੱਚੇ ਵੀ ਸ਼ਾਮਲ ਸਨ। ਬੰਦੂਕ ਖ਼ਰੀਦਣ ਵਾਲੇ ਇਨ੍ਹਾਂ ਲੋਕਾਂ ਵਿੱਚ ਅੱਧੀ ਸੰਖਿਆ ਔਰਤਾਂ ਦੀ ਸੀ। ਇੱਕ ਹੋਰ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਕੋਰੋਨਾ ਮਹਾਂਮਾਰੀ ਦੇ ਦੌਰ ਵਿੱਚ ਬੰਦੂਕ ਦੇ ਕਾਰਨ ਬੱਚਿਆਂ ਦੇ ਹੱਥੋਂ ਗੋਲੀਬਾਰੀ ਹੋਣ ਦੀਆਂ ਘਟਨਾਵਾਂ ਅਤੇ ਬੱਚਿਆਂ ਦੇ ਜ਼ਖ਼ਮੀ ਹੋਣ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਸ ਦਾ ਸਬੰਧ ਵੀ ਬੰਦੂਕਾਂ ਦੀ ਵਧੀ ਖ਼ਰੀਦ ਨਾਲ ਹੀ ਹੈ। ਅਮਰੀਕਾ ਵਿੱਚ ਸਾਲ 1968 ਤੋਂ ਲੈ ਕੇ ਸਾਲ 2017 ਤੱਕ ਬੰਦੂਕਾਂ ਕਰਕੇ ਕਰੀਬ 15 ਲੱਖ ਲੋਕਾਂ ਦੀ ਜਾਨ ਗਈ ਹੈ। ਇਹ ਗਿਣਤੀ ਅਮਰੀਕਾ ਵਿੱਚ 1775 ਦੀ ਆਜ਼ਾਦੀ ਦੀ ਲੜਾਈ ਤੋਂ ਬਾਅਦ ਜਿੰਨੀਆਂ ਵੀ ਲੜਾਈਆਂ ਹੋਈਆਂ ਹਨ, ਉਸ ਵਿੱਚ ਮਾਰੇ ਗਏ ਫੌਜੀਆਂ ਦੀ ਗਿਣਤੀ ਤੋਂ ਕਿਤੇ ਜ਼ਿਆਦਾ ਹੈ। ਅਮਰੀਕਾ ਦੇ ਯੂਐਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀਡੀਸੀ) ਮੁਤਾਬਕ 2020 ਵਿੱਚ ਅਮਰੀਕਾ ਵਿੱਚ 45000 ਤੋਂ ਜ਼ਿਆਦਾ ਲੋਕ ਬੰਦੂਕ ਦੇ ਕਾਰਨ ਮਾਰੇ ਗਏ। ਇਨ੍ਹਾਂ ਵਿੱਚ ਹੱਤਿਆਵਾਂ ਵੀ ਸ਼ਾਮਲ ਹਨ ਅਤੇ ਆਤਮਹੱਤਿਆਵਾਂ ਵੀ। ਹਾਲਾਂਕਿ ਅਮਰੀਕਾ ਵਿੱਚ ਗੋਲੀਬਾਰੀ ਕਾਰਨ ਹੋਈਆਂ ਸਮੂਹਿਕ ਹੱਤਿਆਵਾਂ ਜ਼ਿਆਦਾ ਚਰਚਾ ਵਿੱਚ ਰਹਿੰਦੀਆਂ ਹਨ ਪਰ ਅਸਲ ਵਿੱਚ 45000 ਵਿੱਚੋਂ 54% ਮੌਤਾਂ ਮਤਲਬ 24300 ਆਤਮਹੱਤਿਆਵਾਂ ਸਨ। 2016 ਵਿੱਚ ਹੋਏ ਇੱਕ ਅਧਿਐਨ ਵਿੱਚ ਆਖਿਆ ਗਿਆ ਸੀ ਕਿ ਆਤਮਹੱਤਿਆ ਦਾ ਇੱਕ ਕਾਰਨ ਲੋਕਾਂ ਕੋਲ ਹਥਿਆਰਾਂ ਦਾ ਹੋਣਾ ਵੀ ਹੈ।

**ਬੰਦੂਕਾਂ ਅਮਰੀਕਾ ਵਿੱਚ ਰਾਜਨੀਤਕ ਮੁੱਦਾ**

ਅਕਸਰ ਸਵਾਲ ਉੱਠਦਾ ਹੈ ਕਿ ਅਮਰੀਕਾ ਬੰਦੂਕਾਂ ਉੱਤੇ ਲਗਾਮ ਕਿਉਂ ਨਹੀਂ ਲਗਾ ਪਾ ਰਿਹਾ। ਇਸ ਦਾ ਸਿੱਧਾ ਜਵਾਬ ਹੈ ਕਿ ਅਮਰੀਕਾ ਵਾਸਤੇ ਇਹ ਇੱਕ ਰਾਜਨੀਤਕ ਮੁੱਦਾ ਹੈ। ਇਸ ਵਿੱਚ ਹੁੰਦੀ ਬਹਿਸ ਵਿੱਚ ਇੱਕ ਪਾਸੇ ਉਹ ਲੋਕ ਹਨ ਜੋ ਹਥਿਆਰਾਂ ਉੱਤੇ ਰੋਕ ਲਾਉਣ ਦੀ ਹਮਾਇਤ ਕਰਦੇ ਹਨ ਜਦੋਂਕਿ ਦੂਜੇ ਪਾਸੇ ਉਹ ਲੋਕ ਹਨ ਜੋ ਹਥਿਆਰ ਰੱਖਣ ਦੇ ਉਸ ਹੱਕ ਨੂੰ ਬਚਾਉਣਾ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਅਮਰੀਕੀ ਸੰਵਿਧਾਨ ਵਿੱਚ ਮਿਲਿਆ। ਬੰਦੂਕਾਂ ਉੱਤੇ ਕਾਬੂ ਲਈ ਕੀ ਕਾਨੂੰਨ ਵਿੱਚ ਸਖ਼ਤੀ ਕਰਨ ਦੀ ਲੋੜ ਹੈ - ਇਸ ਬਾਰੇ 2020 ਵਿੱਚ ਇੱਕ ਸਰਵੇ ਕੀਤਾ ਗਿਆ ਸੀ। 52 ਫ਼ੀਸਦ ਲੋਕਾਂ ਨੇ ਸਮਰਥਨ ਕੀਤਾ ਜਦੋਂਕਿ 35 ਫੀਸਦ ਲੋਕਾਂ ਦਾ ਮੰਨਣਾ ਸੀ ਕਿ ਇਸ ਵਿੱਚ ਕੋਈ ਬਦਲਾਅ ਦੀ ਲੋੜ ਨਹੀਂ ਹੈ। 11 ਫੀਸਦ ਲੋਕ ਅਜਿਹੇ ਵੀ ਹਨ ਜਿਨ੍ਹਾਂ ਦਾ ਮੰਨਣਾ ਸੀ ਕਿ ਫਿਲਹਾਲ ਜੋ ਵੀ ਕਾਨੂੰਨ ਹੈ ਉਸ ਨੂੰ ਹੋਰ ਨਰਮ ਬਣਾਉਣਾ ਚਾਹੀਦਾ ਹੈ। ਇਸ ਸਰਵੇ ਵਿੱਚ ਇਹ ਵੀ ਦੇਖਿਆ ਗਿਆ ਕਿ ਡੈਮੋਕਰੇਟਿਕ ਪਾਰਟੀ ਦੇ 91 ਫ਼ੀਸਦ ਸਮਰਥਕਾਂ ਨੇ ਲਗਭਗ ਇੱਕੋ ਰਾਏ ਦਿੱਤੀ ਸੀ ਅਤੇ ਉਨ੍ਹਾਂ ਨੇ ਕਾਨੂੰਨ ਨੂੰ ਸਖਤ ਕਰਨ ਦੀ ਹਮਾਇਤ ਕੀਤੀ ਸੀ। 24 ਫ਼ੀਸਦ ਰਿਪਬਲਿਕਨ ਪਾਰਟੀ ਦੇ ਸਮਰਥਕ ਇਸ ਦੇ ਪੱਖ ਵਿੱਚ ਸਨ।

**ਬੰਦੂਕਾਂ ਉੱਤੇ ਸਖ਼ਤੀ ਦੇ ਵਿਰੋਧੀ ਕੌਣ ਹਨ**

ਅਮਰੀਕਾ ਵਿੱਚ ਬੰਦੂਕਾਂ ਦਾ ਸਮਰਥਨ ਕਰਨ ਵਾਲੀ ਇੱਕ ਵੱਡੀ ਲਾਬੀ ਹੈ ਜਿਸ ਦਾ ਨਾਮ ਹੈ ਨੈਸ਼ਨਲ ਰਾਈਫਲ ਐਸੋਸੀਏਸ਼ਨ ਯਾਨੀ ਐਨਆਰਏ। ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਕੋਲ ਐਨਾ ਪੈਸਾ ਹੈ ਕਿ ਉਹ ਅਮਰੀਕਾ ਦੇ ਸੰਸਦ ਮੈਂਬਰਾਂ ਨੂੰ ਪ੍ਰਭਾਵਿਤ ਕਰ ਲੈਂਦੇ ਹਨ। ਪਿਛਲੀਆਂ ਕਈ ਚੋਣਾਂ ਵਿੱਚ ਐਨਆਰਏ ਅਤੇ ਇਨ੍ਹਾਂ ਵਰਗੇ ਹੋਰ ਸੰਗਠਨਾਂ ਨੇ ਬੰਦੂਕਾਂ ਉੱਤੇ ਰੋਕ ਲਗਾਉਣ ਵਾਲੇ ਗੁੱਟਾਂ ਦੀ ਤੁਲਨਾ ਵਿੱਚ ਬੰਦੂਕਾਂ ਦੇ ਸਮਰਥਨ ਨੂੰ ਲੈ ਕੇ ਬਹੁਤ ਜ਼ਿਆਦਾ ਪੈਸਾ ਖਰਚਿਆ ਹੈ।

# ਪੰਜਾਬ ਵਿਚ ਬੇਲਗਾਮ ਹੁੰਦੇ ਜਾ ਰਹੇ ਨੇ ਅਪਰਾਧੀ

ਪੰਜਾਬ ਨੂੰ ਇਕ ਵਾਰ ਫਿਰ ਹਿੰਸਾ ਦੇ ਕਾਲ਼ੇ ਦੌਰ ਵੱਲ ਧੱਕਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਸਮੁੱਚੇ ਸੂਬੇ ’ਚ ਸਮਾਜ-ਵਿਰੋਧੀ ਅਨਸਰ ਇਸ ਵੇਲੇ ਪੂਰੀ ਤਰ੍ਹਾਂ ਸਰਗਰਮ ਹਨ। ਇਹ ਗੈਂਗਸਟਰ ਆਪਣੇ ਕੋਲ ਸ਼ਰੇਆਮ ਅਤਿ-ਆਧੁਨਿਕ ਹਥਿਆਰ ਵੀ ਰੱਖਦੇ ਹਨ ਤੇ ਸਮੁੱਚੇ ਪੰਜਾਬ ’ਚ ਖੁੱਲ੍ਹੇ ਘੁੰਮ ਰਹੇ ਹਨ। ਕੋਈ ਵੀ ਵਿਅਕਤੀ, ਸ਼ਾਇਦ ਕਿਸੇ ਬਦਲਾ-ਲਊ ਕਾਰਵਾਈ ਦੇ ਡਰੋਂ ਉਨ੍ਹਾਂ ਦੀ ਸੂਹ ਵੀ ਨਹੀਂ ਦਿੰਦਾ। ਰਾਜ ’ਚ ਪਿਛਲੇ ਕੁਝ ਸਮੇਂ ਤੋਂ ਜਿਸ ਤਰੀਕੇ ਨਾਲ ਇਕ ਤੋਂ ਬਾਅਦ ਇਕ ਅਪਰਾਧਕ ਘਟਨਾਵਾਂ ਵਾਪਰ ਰਹੀਆਂ ਹਨ, ਉਹ ਚਿੰਤਾਜਨਕ ਹਨ। ਮਾਰਚ ਮਹੀਨੇ ਜਲੰਧਰ ਦੇ ਪਿੰਡ ਮੱਲੀਆਂ ’ਚ ਕੌਮਾਂਤਰੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੀ ਕਬੱਡੀ ਟੂਰਨਾਮੈਂਟ ਦੌਰਾਨ ਹੱਤਿਆ, ਅਪ੍ਰੈਲ ਮਹੀਨੇ ਪਟਿਆਲਾ ’ਚ ਸ਼ਿਵ ਸੈਨਾ ਤੇ ਖ਼ਾਲਿਸਤਾਨ ਦੇ ਹਮਾਇਤੀਆਂ ਵਿਚਾਲੇ ਫ਼ਿਰਕੂ ਵਿਵਾਦ ਤੇ 10 ਮਈ ਨੂੰ ਮੁਹਾਲੀ ’ਚ ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿਭਾਗ ਦੇ ਮੁੱਖ ਦਫ਼ਤਰ ’ਤੇ ਗ੍ਰਨੇਡ ਹਮਲੇ ਤੋਂ ਬਾਅਦ 29 ਮਈ ਨੂੰ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਅਜਿਹਾ ਹੀ ਜਾਪਦਾ ਹੈ ਕਿ ਪੰਜਾਬ ਅੰਦਰ ਅਪਰਾਧੀ ਅਨਸਰ ਹੁਣ ਪੂਰੀ ਤਰ੍ਹਾਂ ਬੇਲਗਾਮ ਹੋ ਚੁੱਕੇ ਜਾਪਦੇ ਹਨ। ਬੁੱਧਵਾਰ 1 ਜੂਨ ਨੂੰ ਅੰਮ੍ਰਿਤਸਰ ’ਚ ਵੀ ਖ਼ਾਲਸਾ ਕਾਲਜ ਕੋਲ ਗੋ.ਲੀਬਾਰੀ ਦੀ ਘਟਨਾ ਵਾਪਰੀ ਜਿਸ ਵਿਚ ਬਟਾਲਾ ਦੇ ਇਕ ਨੌਜਵਾਨ ਦੀ ਜਾਨ ਚਲੀ ਗਈ। ਇਹ ਘਟਨਾ ਤਦ ਵਾਪਰੀ ਜਦੋਂ ਆਪ੍ਰੇਸ਼ਨ ਬਲੂ-ਸਟਾਰ ਦੀ ਬਰਸੀ ਦੇ ਚੱਲਦਿਆਂ ਸ਼ਹਿਰ ’ਚ ਨੀਮ-ਫ਼ੌਜੀ ਬਲਾਂ ਦੀਆਂ ਨੌਂ ਕੰਪਨੀਆਂ ਤਾਇਨਾਤ ਕੀਤੀਆਂ ਹੋਈਆਂ ਹਨ। ਅਜਿਹਾ ਦ੍ਰਿਸ਼ ਲਗਪਗ ਸਮੁੱਚੇ ਮਾਝਾ ਖੇਤਰ ਦੇ ਪ੍ਰਮੁੱਖ ਸ਼ਹਿਰਾਂ ਤੇ ਕਸਬਿਆਂ ’ਚ ਹੈ। ਇੰਨੀ ਜ਼ਿਆਦਾ ਸੁਰੱਖਿਆ ਦੇ ਬਾਵਜੂਦ ਹੱਤਿਆ ਜਿਹੀ ਘਟਨਾ ਨੂੰ ਅੰਜਾਮ ਦੇਣਾ ਬੇਸ਼ੱਕ ਅਪਰਾਧੀਆਂ, ਖ਼ਾਸ ਕਰਕੇ ਗੈਂਗਸਟਰਾਂ ਦੇ ਵਧਦੇ ਜਾ ਰਹੇ ਹੌਸਲੇ ਦਾ ਹੀ ਨਤੀਜਾ ਹੈ। ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਹੁਣ ‘ਇੱਕ-ਦੂਜੇ ਨੂੰ ਵੇਖ ਲੈਣ’, ਬਦਲਾ ਲੈਣ ਤੇ ਧਮਕੀਆਂ ਦੇਣ ਦੀ ਖੇਡ ਜਾਰੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਭ ਸੂਬੇ ’ਚ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਓਧਰ ਪੁਲਿਸ ਦੀ ਹਾਲਤ ਇਹ ਹੈ ਕਿ ਉਸ ਦੇ ਆਪਣੇ ਖ਼ੁਫ਼ੀਆ ਵਿਭਾਗ ਦਾ ਮੁੱਖ ਦਫ਼ਤਰ ਤਕ ਵੀ ਸੁਰੱਖਿਅਤ ਨਹੀਂ ਹੈ। ਜੋ ਗੈਂਗਸਟਰ ਜੇਲ੍ਹਾਂ ’ਚ ਬੰਦ ਹਨ, ਉਹ ਵੀ ਕਾਨੂੰਨ ਤੇ ਜੇਲ੍ਹ ਪ੍ਰਸ਼ਾਸਨ ਨੂੰ ਚੁਣੌਤੀ ਦਿੰਦੇ ਰਹਿੰਦੇ ਹਨ ਅਤੇ ਉੱਥੇ ਬੈਠ ਕੇ ਆਪਣੇ ਪੂਰੇ ਗਿਰੋਹ ਤਕ ਚਲਾਉਂਦੇ ਰਹਿੰਦੇ ਹਨ। ਹੁਣ ਤਾਂ ਚਿੰਤਾ ਹੋਰ ਵੀ ਵਧ ਗਈ ਹੈ ਕਿਉਂਕਿ ਕੁਝ ਗੈਂਗਸਟਰਾਂ ਦਾ ਸੰਪਰਕ ਵਿਦੇਸ਼ਾਂ ’ਚ ਬੈਠੇ ਕੁਝ ਸਮਾਜ-ਵਿਰੋਧੀ ਅਨਸਰਾਂ ਨਾਲ ਵੀ ਹੋ ਗਿਆ ਹੈ। ਉਹ ਅਨਸਰ ਸਿਰਫ਼ ਲੋਕ-ਦਿਖਾਵੇ ਲਈ ਪੰਜਾਬ ਦੇ ਹਿਤੂ ਹੋਣ ਦਾ ਦਮ ਭਰਦੇ ਹਨ ਪਰ ਅਸਲ ’ਚ ਉਹੀ ਸਾਡੇ ਖ਼ੁਸ਼ਹਾਲ ਸੂਬੇ ਦੇ ਵੱਡੇ ਦੋਖੀ ਹਨ। ਉਹੀ ਪੰਜਾਬ ਦੇ ਗੈਂਗਸਟਰਾਂ ਨੂੰ ਮਾਲੀ ਇਮਦਾਦ, ਨਸ਼ੇ ਤੇ ਹਥਿਆਰ ਸਪਲਾਈ ਕਰਵਾ ਰਹੇ ਹਨ। ਇਸ ਤੋਂ ਅਜਿਹੇ ਅਨੁਮਾਨ ਵੀ ਨਹੀਂ ਲਾ ਲੈਣੇ ਚਾਹੀਦੇ ਕਿ ਕੇਵਲ ਪੰਜਾਬ ਦੇ ਹਾਲਾਤ ਪੂਰੀ ਤਰ੍ਹਾਂ ਬੇਕਾਬੂ ਹੋ ਚੁੱਕੇ ਹਨ ਕਿਉਂਕਿ ਅੰਕੜੇ ਕੁਝ ਹੋਰ ਹੀ ਬਿਆਨ ਕਰ ਰਹੇ ਹਨ। ‘ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ’ (ਐੱਨਸੀਆਰਬੀ) ਦੇ ਅੰਕੜਿਆਂ ਮੁਤਾਬਕ ਪੰਜਾਬ ’ਚ ਸਾਲ 2016 ਤੇ 2020 ਦੌਰਾਨ 2,073 ਅਜਿਹੇ ਕੇਸ ਦਰਜ ਹੋਏ ਜਿਨ੍ਹਾਂ ’ਚ ਹਥਿਆਰਾਂ ਦੀ ਸ਼ਮੂਲੀਅਤ ਰਹੀ। ਇਸ ਦੇ ਮੁਕਾਬਲੇ ਉੱਤਰ ਪ੍ਰਦੇਸ਼ ਦੇ ਸਿਰਫ਼ ਇਕ ਜ਼ਿਲ੍ਹੇ ਗਾਜ਼ੀਆਬਾਦ ’ਚ ਇਸੇ ਸਮੇਂ ਦੌਰਾਨ 6,204 ਅਜਿਹੇ ਮਾਮਲੇ ਦਰਜ ਹੋਏ ਸਨ। ਇਸ ਦੇ ਬਾਵਜੂਦ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੂੰ ਨਵੇਂ ਸਿਰੇ ਤੋਂ ਰਣਨੀਤੀ ਉਲੀਕ ਕੇ ਅਪਰਾਧੀਆਂ ਨੂੰ ਨੱਥ ਪਾਉਣ ਲਈ ਠੋਸ ਕਦਮ ਚੁੱਕਣੇ ਹੋਣਗੇ। ਤਦ ਹੀ ਹਾਲਾਤ ਸੁਖਾਵੇਂ ਹੋਣ ਦੀ ਆਸ ਕੀਤੀ ਜਾ ਸਕਦੀ ਹੈ।



# ਵਾਤਾਵਰਨ ਬਹੁਪੱਖੀ ਤੇ ਬਹੁਪਰਤੀ ਸਮੱਸਿਆ



ਡਾ ਸ਼ਿਆਮ ਸੁੰਦਰ ਦੀਪਤੀ

ਜਦੋਂ ਵਾਤਾਵਰਨ ਦੀ ਗੱਲ ਹੁੰਦੀ ਹੈ ਤਾਂ ਧਿਆਨ ਹਵਾ-ਪਾਣੀ ’ਤੇ ਚਲਾ ਜਾਂਦਾ ਹੈ ਅਤੇ ਅਸੀਂ ਹਵਾ-ਪਾਣੀ ਦੇ ਪ੍ਰਦੂਸ਼ਣ ਬਾਰੇ ਚਿੰਤਾ ਜ਼ਾਹਿਰ ਕਰਦੇ ਹਾਂ। ਵਾਤਾਵਰਨ ਨਾਲ ਜੁੜੇ ਵਿਗਿਆਨੀ ਅਤੇ ਮਾਹਿਰ ਵਧ ਰਹੀ ਕਾਰਬਨ ਡਾਇਆਕਸਾਈਡ ਦੀ ਮਾਤਰਾ ਕਾਰਨ ਧਰਤੀ ਉਤੇ ਪੈ ਰਹੇ ਮਾਰੂ ਅਸਰਾਂ ਬਾਰੇ ਪੇਸ਼ੀਨਗੋਈ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਵਧ ਰਹੇ ਤਾਪਮਾਨ ’ਤੇ ਨਜ਼ਰ ਰੱਖ ਰਹੇ ਵਿਗਿਆਨੀ ਗਲੇਸ਼ੀਅਰਾਂ ਦੇ ਪਿਘਲਣ ਅਤੇ ਸਮੁੰਦਰ ਪੱਧਰ ਉੱਚਾ ਹੋਣ ਕਾਰਨ ਹੋਣ ਵਾਲੇ ਨੁਕਸਾਨ, ਕਈ ਟਾਪੂਆਂ ਦੇ ਲੋਪ ਹੋਣ ਅਤੇ ਸਮੁੰਦਰੀ ਕਿਨਾਰਿਆਂ ’ਤੇ ਵਸੀ ਆਬਾਦੀ ਬਾਬਤ ਚਿੰਤਾ ਪ੍ਰਗਟਾਉਂਦੇ ਹਨ। ਓਜ਼ੋਨ ਪਰਤ ਵਿਚ ਹੋ ਰਹੇ ਸੁਰਾਖ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਖਤਰੇ ਪ੍ਰਗਟਾਏ ਜਾ ਰਹੇ ਹਨ। ਸਿਹਤ ਮਾਹਿਰ ਬਦਲ ਰਹੇ ਮੌਸਮ, ਮੀਂਹ ਅਤੇ ਨਮੀ ਨਾਲ ਤਾਪਮਾਨ ਦੀ ਤਬਦੀਲੀ ਦੇ ਮੱਦੇਨਜ਼ਰ ਮਲੇਰੀਆ, ਡੇਂਗੂ ਬਾਰੇ ਫ਼ਿਕਰ ਜਤਾ ਰਹੇ ਹਨ। ਕਰੋਨਾ ਮਹਾਮਾਰੀ ਨੇ ਸੰਸਾਰ ਨੂੰ ਝੰਜੋੜਿਆ ਹੈ ਤੇ ਉਸ ਦੇ ਕਾਰਨਾਂ ਵਿਚ ਵੀ ਕਿਤੇ ਨਾ ਕਿਤੇ ਵਾਤਾਵਰਨ ’ਤੇ ਉਂਗਲ ਟਿਕਦੀ ਹੈ। ਵਾਤਾਵਰਨ ਬਾਰੇ ਬਹੁਤਿਆਂ ਦੀ ਸਮਝ ਇਹੀ ਹੈ।

ਸਵੀਡਨ ਦੀ ਵਿਦਿਆਰਥਣ ਗਰੇਟਾ ਥਨਬਰਗ ਨੇ 2015 ਵਿਚ ਆਪਣੇ ਸਕੂਲ ਦੇ ਵਿਦਿਆਰਥੀਆਂ ਨਾਲ ਵਾਤਾਵਰਨ ਦੇ ਮੁੱਦੇ ਨੂੰ ਲੈ ਕੇ ਸਰਕਾਰ ਨੂੰ ਖ਼ਬਰਦਾਰ ਕੀਤਾ। ਉਸ ਨੂੰ ਕਿਸੇ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੇ ਕੰਮਾਂ ਵਿਚ ਕਿਉਂ ਪੈ ਰਹੀ ਹੈ; ਉਹ ਪੜ੍ਹੇ, ਆਪਣਾ ਕੈਰੀਅਰ ਬਣਾਵੇ। ਉਸ ਦਾ ਜਵਾਬ ਸੀ, ਜੇ ਇਹ ਧਰਤੀ ਹੀ ਨਾ ਰਹੀ ਤਾਂ ਕੁਝ ਬਣ ਕੇ ਵੀ ਕੀ ਕਰਾਂਗੇ। ਇਹ ਨਿਰਾਸ਼ਾ ਭਰੇ ਬੋਲ ਹਨ ਪਰ ਇਨ੍ਹਾਂ ਵਿਚ ਸਾਰਥਕ ਸੁਨੇਹਾ ਹੈ ਕਿ ਅਸੀਂ ਆਪਣੀਆਂ ਹਰਕਤਾਂ ਨਾਲ, ਇਸ ਜਿਊਣ ਜੋਗੀ ਧਰਤੀ ਨੂੰ ਮੁਕਾਉਣ ’ਤੇ ਲੱਗੇ ਹੋਏ ਹਨ।

ਸਾਰੀ ਦੁਨੀਆ ਦੇ ਮੁਲਕ ਵਾਤਾਵਰਨ ਬਾਰੇ ਆਪਣੀ ਫ਼ਿਕਰ ਦੇ ਮੱਦੇਨਜ਼ਰ ਹਰ ਸਾਲ ਕਿਸੇ ਨਾ ਕਿਸੇ ਮੁਲਕ ਵਿਚ ਇਕੱਠੇ ਹੋ ਕੇ ਵਿਚਾਰ-ਚਰਚਾ ਕਰਦੇ ਹਨ। 2022 ਵਿਚ ਉਹ ਮਿਸਰ ਵਿਚ ਇਕੱਠੇ ਹੋ ਰਹੇ ਹਨ। ਸਾਰੇ ਮਿਲ ਕੇ ਵਾਤਾਵਰਨ ਬਚਾਉਣ ਲਈ ਟੀਚੇ ਮਿੱਥਦੇ ਹਨ ਅਤੇ ਸਭ ਤੋਂ ਵੱਡਾ ਟੀਚਾ ਹੁੰਦਾ ਹੈ ਕਾਰਬਨ ਡਾਇਆਕਸਾਇਡ ਦੀ ਮਾਤਰਾ ਘੱਟ ਕਰਨਾ। 2021 ਵਿਚ ਕਾਨਫਰੰਸ ਗਲਾਸਗੋ ਵਿਚ ਹੋਈ ਜੋ ਨਿਰੋਲ ਕਾਰਬਨ ਦੇ ਮੁੱਦੇ ’ਤੇ ਕੇਂਦਰਿਤ ਸੀ ਪਰ ਵੱਡੇ ਸਰਮਾਏਦਾਰ ਮੁਲਕ ਜੋ ਇਨ੍ਹਾਂ ਵਿਗਾੜਾਂ ਵਿਚ ਸਭ ਤੋਂ ਵੱਧ ਹਿੱਸਾ ਪਾ ਰਹੇ ਹਨ (ਜਿਵੇਂ ਅਮਰੀਕਾ), ਅਕਸਰ ਪਿੱਛੇ ਹਟ ਜਾਂਦੇ ਹਨ; ਇਹ ਵੀ ਕਿਹਾ ਜਾ ਸਕਦਾ ਹੈ ਕਿ ਪਾਸ ਕੀਤੀਆਂ ਗੱਲਾਂ ਨੂੰ ਅੰਗੂਠਾ ਦਿਖਾ ਜਾਂਦੇ ਹਨ।

ਵਾਤਾਵਰਨ ਸਹੀ ਅਰਥਾਂ ਵਿਚ ਬਹੁਤ ਵਸੀਹ ਪਹਿਲੂ ਹੈ। ਜੇ ਹੋਰ ਸਾਧਾਰਨ ਸ਼ਬਦਾਂ ਵਿਚ ਕਹੀਏ ਅਤੇ ਸਮਝੀਏ ਤਾਂ ਵਾਤਾਵਰਨ ਸਾਡਾ ਆਲਾ-ਦੁਆਲਾ ਹੈ। ਆਲੇ ਦੁਆਲੇ ਵਿਚ ਸਭ ਤੋਂ ਅਹਿਮ ਅਤੇ ਮਹਿਸੂਸ ਹੋਣ ਵਾਲੀ ਹਵਾ ਹੈ ਜੋ ਜ਼ਿੰਦਗੀ ਨਾਲ ਸਿੱਧੀ ਜੁੜਦੀ ਹੈ; ਦੂਸਰਾ ਸਭਿਅਤਾ ਦਾ ਇਤਿਹਾਸ ਪਾਣੀ ਦੇ ਇਰਦ-ਗਿਰਦ ਉਸਰਿਆ ਹੈ।

ਇਕ ਹੋਰ ਅਹਿਮ ਪਹਿਲੂ ਹੈ ਲੋਕ, ਸਾਡੇ ਆਲੇ-ਦੁਆਲੇ ਵਿਚ ਵਸੇ ਲੋਕ, ਸਮਾਜ।

ਫਿਰ ਹੌਲੀ ਹੌਲੀ ਸਿਹਤ ਦੀ ਗੱਲ ਆਈ ਅਤੇ ਬਿਮਾਰੀਆਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਹੋਣ ਲੱਗੀ। ਬਿਮਾਰੀ ਨਾਲ ਜੁੜੇ ਤਾਂ ਵਾਤਾਵਰਨ ਨੂੰ ਭੌਤਿਕ, ਰਸਾਇਣਕ ਜੀਵਕ ਵਜੋਂ ਸਮਝਿਆ ਗਿਆ। ਮਨੁੱਖਾਂ ਨਾਲ ਰਹਿੰਦਿਆਂ ਆਪਸੀ ਰਿਸ਼ਤਿਆਂ ਨੂੰ ਵੀ ਇਸ ਪ੍ਰਸੰਗ ਵਿਚ ਦੇਖਿਆ। ਮਾਨਸਿਕ ਵਿਕਾਰਾਂ ਅਤੇ ਰੋਗਾਂ ਲਈ ਕਾਰਨਾਂ ਦੀ ਨਿਸ਼ਾਨਦੇਹੀ ਹੋਈ ਤਾਂ ਫਿਰ ਸਮਾਜਿਕ ਅਤੇ ਮਨੋਵਿਗਿਆਨਕ ਵਾਤਾਵਰਨ ਵੀ ਇਸ ਸਮਝ ਦਾ ਹਿੱਸਾ ਬਣੇ।

ਸਮਾਜਿਕ ਵਾਤਾਵਰਨ ਵਿਚ ਜੇ ਸਮਾਜ ਹੈ, ਰਿਸ਼ਤੇ ਹਨ ਤਾਂ ਮਨੁੱਖ ਅਲਗ ਅਲਗ ਵਰਗਾਂ ਵਿਚ ਰਹਿੰਦੇ ਹਨ। ਮਨੁੱਖੀ ਰਿਸ਼ਤਿਆਂ ਵਿਚ ਸਾਵਾਂਪਣ ਬਣਿਆ ਰਹੇ, ਇਸ ਲਈ ਹੋਰ ਕਈ ਪੱਖ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ; ਜਿਵੇਂ ਆਰਥਿਕਤਾ, ਵਿਅਕਤੀ ਦੀ ਖਰੀਦ ਸ਼ਕਤੀ ਜੋ ਸਿੱਧੇ ਅਸਿੱਧੇ ਤੌਰ ’ਤੇ ਸਿਹਤ ਨਾਲ ਜੁੜਦੀ ਹੈ। ਖਰੀਦ ਸ਼ਕਤੀ ਦਾ ਇਕ ਪਹਿਲੂ ਖੁਰਾਕ ਹੈ ਜੋ ਪਹਿਲੀ ਲੋੜ ਹੈ। ਫਿਰ ਕੱਪੜਾ ਅਤੇ ਮਕਾਨ ਆਉਂਦੇ ਹਨ; ਜੇ ਗਿਣਨੇ ਸ਼ੁਰੂ ਕਰੀਏ ਤਾਂ ਸੂਚੀ ਨਾ ਮੁੱਕਣ ਵਾਲੀ ਹੈ।

ਆਰਥਿਕਤਾ ਸਮਾਜ ਵਿਚ ਅਮੀਰੀ ਗਰੀਬੀ ਨਾਲ ਜੁੜਦੀ ਹੈ ਤੇ ਫਿਰ ਲੋਕਾਂ ਵਿਚ ਪਾੜੇ ਦੀ ਗੱਲ ਆਉਂਦੀ ਹੈ। ਸਮਾਜ ਵਿਚ ਚੰਗਾ ਵਾਤਾਵਰਨ ਬਣਿਆ ਰਹੇ ਤਾਂ ਕੋਸ਼ਿਸ਼ ਹੁੰਦੀ ਹੈ ਕਿ ਇਹ ਪਾੜਾ ਘੱਟ ਤੋਂ ਘੱਟ ਹੋਵੇ। ਇਹ ਹਾਲਤ ਪਰਿਵਾਰਕ ਪੱਧਰ ਤੋਂ ਲੈ ਕੇ, ਕਬੀਲੇ ਅਤੇ ਵੱਡੇ ਪ੍ਰਸੰਗ ਵਿਚ ਰਾਜ/ਸ਼ਾਸਨ ਤਕ ਜਾਂਦੀ ਹੈ। ਫਿਰ ਇਕ ਹੋਰ ਪਹਿਲੂ ਅਹਿਮ ਹੋ ਜਾਂਦਾ ਹੈ ਜੋ ਸਿਆਸੀ ਵਾਤਾਵਰਨ ਦਾ ਹੁੰਦਾ ਹੈ। ਇਸ ਵਾਤਾਵਰਨ ਤਹਿਤ ਸਮਾਜ ਨੂੰ ਨੇਮਾਂ ਹੇਠ ਚਲਾਉਂਦੇ ਰੱਖਣ ਦੀ ਗੱਲ ਹੁੰਦੀ ਹੈ। ਫਿਰ ਕਾਨੂੰਨ, ਨੀਤੀਆਂ ਅਤੇ ਲੋਕਾਂ ਲਈ ਪ੍ਰੋਗਰਾਮ ਤੇ ਪ੍ਰਾਜੈਕਟ ਬਣਦੇ ਹਨ ਜਿਨ੍ਹਾਂ ਦਾ ਮਕਸਦ ਮੁਲਕ ਜਾਂ ਰਾਜ ਵਿਚ ਇਕਸਾਰਤਾ ਬਣਾਈ ਰੱਖਣਾ ਹੁੰਦਾ ਹੈ। ਵਾਤਾਵਰਨ ਦੀ ਅਹਿਮੀਅਤ ਸਮਝਣ ਲਈ ਮਨੁੱਖ ਨੂੰ ਕੇਂਦਰ ਵਿਚ ਰੱਖ ਕੇ ਉਸ ਦੇ ਕਿਰਦਾਰ, ਵਿਹਾਰ ਨੂੰ ਸਮਝਣਾ ਜ਼ਰੂਰੀ ਹੈ। ਆਖ਼ਿਰ ਮਕਸਦ ਤਾਂ ਇਹੀ ਹੈ ਕਿ ਮਨੁੱਖ ਸਿਹਤਮੰਦ ਰਹੇ। ਸਿਹਤ ਵਿਚ ਸਰੀਰਕ, ਮਾਨਸਿਕ ਅਤੇ ਸਮਾਜਿਕ ਸਿਹਤ ਵੀ ਸ਼ਾਮਿਲ ਹੈ। ਇਸ ਲਈ ਆਲੇ-ਦੁਆਲੇ ਭਾਵੇਂ ਤਪਸ਼ ਵਧ ਰਹੀ ਹੈ ਜਾਂ ਕੜਾਕੇ ਦੀ ਠੰਢ ਹੈ, ਹਵਾ ਵਿਚ ਧੂੜ ਤੇ ਧੂੰਆਂ ਹਨ ਜਾਂ ਵਾਇਰਸ ਤੇ ਬੈਕਟੀਰੀਆ ਹਨ, ਫੈਕਟਰੀਆਂ ਵਿਚ ਤਿਆਰ ਹੋ ਰਹੇ ਸਮਾਨ ਦੌਰਾਨ ਫੈਕਟਰੀ ਦੇ ਮਾਹੌਲ ਵਿਚ ਰਸਾਇਣ ਕਣ ਹਨ ਜਾਂ ਸਮਾਜ ਵਿਚ ਆਪਸੀ ਰਿਸ਼ਤਿਆਂ ਨੂੰ ਲੈ ਕੇ ਤਣਾਅ ਹੈ। ਇਸੇ ਤਰ੍ਹਾਂ ਪਰਿਵਾਰ ਵਿਚ ਜਾਂ ਕੰਮ ਵਾਲੀ ਥਾਂ ’ਤੇ ਆਪਸੀ ਰਿਸ਼ਤਿਆਂ ਵਿਚ ਸਾਵਾਂਪਨ ਨਹੀਂ ਹੈ। ਇਸ ਤੋਂ ਵੀ ਅੱਗੇ, ਅੱਜ ਦੇ ਸਰਮਾਏਦਾਰੀ ਯੁੱਗ ਵਿਚ ਪੈਸੇ ਦੀ ਅੰਨ੍ਹੀ ਦੌੜ ਕਾਰਨ ਮੁਕਾਬਲੇ ਦਾ ਜੋ ਆਲਮ ਹੈ, ਉਹ ਮਾਨਸਿਕ ਰੋਗਾਂ ਨੂੰ ਜਨਮ ਦੇ ਰਿਹਾ ਹੈ। ਅਜਿਹੀ ਹਾਲਤ ਦੇ ਮੱਦੇਨਜਰ ਮਾਨਸਿਕ ਰੋਗਾਂ ਦੇ ਕਾਰਨ ਵੀ ਸਪਸ਼ਟ ਉਲੀਕੇ ਨਹੀਂ ਜਾ ਰਹੇ।

ਬੰਦੇ ਦੀ ਹਾਲਤ ਦੇ ਮੱਦੇਨਜ਼ਰ ਮਾਹਿਰ ਡਾਕਟਰ ਦੱਸਦੇ ਹਨ ਕਿ ਧੂੰਏਂ ਨੇ ਫੇਫੜੇ ਖਰਾਬ ਕੀਤੇ ਹਨ ਤੇ ਵਾਇਰਸ ਨਾਲ ਕਰੋਨਾ ਹੋ ਗਿਆ ਹੈ ਜਾਂ ਕੋਈ ਹੋਰ ਅਜਿਹੀ ਬਿਮਾਰੀ। ਮਨੁੱਖੀ ਵਿਕਾਸ ਦਰ ਦੀ ਗੱਲ ਕਰੀਏ ਤਾਂ ਇਸ ਦੇ ਮਾਪਦੰਡ ਵਿਚ ਸਿਹਤ, ਸਿਖਿਆ, ਪ੍ਰਤੀ ਵਿਅਕਤੀ ਆਮਦਨ ਨਾਲ ਸਾਰਿਆਂ ਦੇ ਕੁਲ ਜੋੜ ਤੋਂ ਪਤਾ ਲਗਦਾ ਹੈ ਕਿ ਕੋਈ ਵੀ ਮੁਲਕ ਕਿਸ ਪਾਸੇ ਜਾ ਰਿਹਾ ਹੈ। ਇਹ ਮੁਲਕ ਦੇ ਸਮਾਜਿਕ ਅਤੇ ਸਿਆਸੀ ਵਾਤਾਵਰਨ ਵੱਲ ਇਸ਼ਾਰਾ ਕਰਦੇ ਹਨ। ਪਿਛਲੇ ਕਾਫ਼ੀ ਸਮੇਂ ਤੋਂ ਦਰਜਾਬੰਦੀ ਮੁਤਾਬਿਕ ਸਾਡਾ ਮੁਲਕ 130 ਦੇ ਨੇੜੇ-ਤੇੜੇ ਰਹਿੰਦਾ ਹੈ। ਦੁਨੀਆ ਦੇ 189 ਮੁਲਕਾਂ ਵਿਚ ਭਾਰਤ ਦੀ ਇਹ ਥਾਂ ਮੁਲਕ ਦੇ ਵਾਤਾਵਰਨ ਬਾਰੇ ਕਈ ਸਵਾਲ ਖੜ੍ਹੇ ਕਰਦੀ ਹੈ।

ਇਸ ਮਨੁੱਖੀ ਵਿਕਾਸ ਸੂਚਕ ਅੰਕ ਨਾਲ ਜੇ ਗਲੋਬਲ ਭੁੱਖਮਰੀ ਸੂਚਕ ਅੰਕ ਜੋੜ ਕੇ ਦੇਖੀਏ ਤਾਂ ਹਾਲਤ ਹੋਰ ਸਾਫ਼ ਹੋਵੇਗੀ ਅਤੇ ਕਈ ਅਹਿਮ ਪਹਿਲੂ ਸਾਹਮਣੇ ਆਉਣਗੇ। ਹਾਲਤ ਇਹ ਹੈ ਕਿ ਦੁਨੀਆ ਦੇ 116 ਮੁਲਕਾਂ ਵਿਚੋਂ ਅਸੀਂ 102ਵੇਂ ਨੰਬਰ ’ਤੇ ਹਾਂ। ਵਾਤਾਵਰਨ ਦੀ ਬਦਲ ਰਹੀ ਹਾਲਤ ਸਦਕਾ ਇਸ ਦੇ ਹੋਰ ਗੰਭੀਰ ਸਿੱਟੇ ਆਉਣ ਦਾ ਖ਼ਦਸ਼ਾ ਹੈ। ਮਨੁੱਖ ਇਸ ਧਰਤੀ ’ਤੇ ਵਿਕਸਿਤ ਹੋਇਆ ਤੇ ਅੱਜ ਆਪਣੇ ਜੀਵ ਜਗਤ ਵਿਚੋਂ ਸਿਖਰ ’ਤੇ ਹੈ। ਉਸ ਕੋਲ ਸੂਝਵਾਨ, ਤਰਕਸ਼ੀਲ ਦਿਮਾਗ ਵੀ ਹੈ। ਉਸ ਨੂੰ ਫੈਸਲੇ ਕਰਨ, ਸੋਚਣ ਅਤੇ ਚੰਗੇ ਬੁਰੇ ਵਿਚ ਫ਼ਰਕ ਕਰਨ ਦੀ ਦੀ ਜਾਚ ਹੈ। ਉਹ ਜੋ ਵੀ ਕਰਦਾ ਹੈ, ਆਖ਼ਿਰੀ ਮਕਸਦ ਖੁਸ਼ੀ ਅਤੇ ਸੰਤੁਸ਼ਟੀ ਹੈ। ਹੁਣ ਤਾਂ ਖੁਸ਼ੀ ਦਾ ਸੂਚਕ ਅੰਕ ਵੀ ਕੱਢਿਆ ਜਾਂਦਾ ਹੈ। ਇਸੇ ਸਾਲ 2022 ਦੀ ਰਿਪੋਰਟ ਮੁਤਾਬਕ ਅਸੀਂ ਦੁਨੀਆ ਵਿਚੋਂ 156 ਵਿਚੋਂ 136ਵੇਂ ਥਾਂ ’ਤੇ ਹਾਂ। ਕੌਮਾਂਤਰੀ ਪੱਧਰ ’ਤੇ ਜਦੋਂ ਖੁਸ਼ੀ ਦਾ ਸੂਚਕ ਅੰਕ ਤਿਆਰ ਕੀਤਾ ਜਾਂਦਾ ਹੈ ਤਾਂ ਉਸ ਵਿਚ ਮਾਨਸਿਕ ਤੌਰ ’ਤੇ ਸੰਤੁਸ਼ਟੀ ਸਰੀਰਕ ਸਿਹਤ, ਸਿੱਖਿਆ, ਸਮੇਂ ਦਾ ਸਹੀ ਇਸਤੇਮਾਲ, ਸਭਿਆਚਾਰਕ ਵੰਨ-ਸਵੰਨਤਾ ਦੀ ਇੱਜ਼ਤ, ਸਰਕਾਰੀ ਤੰਤਰ ਦਾ ਲੋਕ ਹਿੱਤ ਵਿਚ ਇਸਤੇਮਾਲ, ਮੁਲਕ ਦੇ ਵਾਤਾਵਰਨ ਦੀ ਜੈਵਿਕ ਵੰਨ-ਸਵੰਨਤਾ, ਭ੍ਰਿਸ਼ਟਾਚਾਰ, ਸਮਾਜਿਕ ਸੁਰੱਖਿਆ ਦਾ ਵਧੀਆ ਤੰਤਰ ਆਦਿ ਸ਼ਾਮਿਲ ਕੀਤੇ ਜਾਂਦੇ ਹਨ।

ਜੋ ਚੀਜ਼ ਦਿਸਦੀ ਹੈ ਤੇ ਫੌਰੀ ਤੌਰ ’ਤੇ ਤੰਗ ਕਰਦੀ ਹੈ, ਉਹ ਅਹਿਮ ਹੋ ਜਾਂਦੀ ਹੈ ਤੇ ਲਾਜ਼ਮੀ ਤੌਰ ’ਤੇ ਧਿਆਨ ਵੀ ਮੰਗਦੀ ਹੈ ਪਰ ਜਦੋਂ ਅਸੀਂ ਵਾਤਾਵਰਨ ਦੀ ਗੱਲ ਕਰ ਰਹੇ ਹਾਂ, ਆਪਣੇ ਆਲੇ-ਦੁਆਲੇ ਵੀ ਤਾਂ ਕੁਝ ਡੂੰਘਾਈ ਨਾਲ ਝਾਤ ਮਾਰ ਕੇ ਦੇਖੀਏ ਕਿ ਇਹ ਕਿਵੇਂ ਸਾਡੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ, ਤੇ ਕਿਵੇਂ ਇਹ ਕਈ ਪੱਖਾਂ ਤੋਂ ਸਾਡੀ ਜ਼ਿੰਦਗੀ ਨੂੰ ਪ੍ਰਭਾਵਿਤ ਵੀ ਕਰ ਰਿਹਾ ਹੈ। ਜੇ ਕਹੀਏ ਕਿ ਸਰੀਰਕ ਤੌਰ ’ਤੇ ਬਦਹਾਲ ਤੇ ਬਿਮਾਰ ਅਤੇ ਮਾਨਸਿਕ ਤੌਰ ’ਤੇ ਉਦਾਸ ਤੇ ਨਿਰਾਸ਼।

ਇਸ ਤਰ੍ਹਾਂ ਜੇ ਮਨੁੱਖ ਦਾ ਅੰਤਮ ਨਿਸ਼ਾਨਾ ਸੰਤੁਸ਼ਟੀ ਅਤੇ ਖੁਸ਼ੀ ਹੈ, ਜੇ ਮਨੁੱਖ ਨੇ ਆਪਣੇ ਆਲੇ-ਦੁਆਲੇ ਨੂੰ ਸਮਝਣਾ ਤੇ ਉਸ ਮੁਤਾਬਿਕ ਬਣਾਉਣਾ ਹੈ ਤਾਂ ਇਹ ਬਹੁਪਰਤੀ ਅਤੇ ਬਹੁਪੱਖੀ ਹੈ। ਇਸ ਲਈ ਵਾਤਾਵਰਨ ਨੂੰ ਸਾਵਾਂ, ਸਿਹਤਮੰਦ ਅਤੇ ਜਿਊਣ ਜੋਗਾ ਬਣਾਉਣ ਲਈ ਜਿਥੇ ਹਰ ਵਿਅਕਤੀ ਦਾ ਕੰਮ ਹੈ, ਉਥੇ ਸਰਕਾਰਾਂ ਨੂੰ ਮੁਲਕ ਪੱਧਰ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਸੰਜੀਦਗੀ ਨਾਲ ਕੰਮ ਕਰਨ ਦੀ ਲੋੜ ਹੈ।



# ਮਾਨਸਾ ਦੇ ਨਿੱਕੇ ਜਿਹੇ ਪਿੰਡ ਤੋਂ ਕੌਮਾਂਤਰੀ ਪ੍ਰਸਿੱਧੀ ਹਾਸਲ ਕਰਨ ਵਾਲੇ ਸਿੱਧੂ ਮੂਸੇਵਾਲਾ

ਪੰਜਾਬੀ ਗਾਇਕ ਅਤੇ ਅਦਾਕਾਰ ਤੋਂ ਸਿਆਸਤਦਾਨ ਬਣੇ ਸਿੱਧੂ ਮੂਸੇਵਾਲਾ ਉੱਤੇ ਮਾਨਸਾ ਵਿਚ ਗੋਲੀਆਂ ਚੱਲੀਆਂ ਹਨ। ਜਿਸ ਤੋਂ ਬਾਅਦ ਉਨ੍ਹਾਂ ਨੂੰ ਮਾਨਸਾ ਦੇ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤਾ। ਮਾਨਸਾ ਦੇ ਐੱਸਐੱਸਪੀ ਗੌਰਵ ਤੂਰਾ ਨੇ ਬੀਬੀਸੀ ਸਹਿਯੋਗੀ ਸੁਰਿੰਦਰ ਮਾਨ ਕੋਲ ਸਿੱਧੂ ਮੂਸੇਵਾਲਾ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਮਾਨਸਾ ਦੇ ਸਿਵਲ ਸਰਜਨ ਡਾਕਟਰ ਰਣਜੀਤ ਰਾਇ ਨੇ ਵੀ ਮੀਡੀਆ ਨੂੰ ਦੱਸਿਆ ਕਿ ਜਦੋਂ ਸਿੱਧੂ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। ਪਿਛਲੇ ਸਾਲ ਦਸੰਬਰ ਵਿਚ ਸਿੱਧੂ ਮੂਸੇਵਾਲਾ 2022 ਦੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸਤ ਵਿਚ ਦਾਖਲ ਹੋਏ ਸਨ। ਉਨ੍ਹਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਮਾਨਸਾ ਹਲਕੇ ਤੋਂ ਚੋਣ ਲੜੀ ਸੀ ਅਤੇ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਿਜੇ ਸਿੰਗਲਾ ਤੋਂ ਹਾਰ ਗਏ ਸਨ।

ਸਿੱਧੂ ਮੂਸੇਵਾਲਾ ਪੰਜਾਬੀ ਦਾ ਕੌਮਾਂਤਰੀ ਪੱਧਰ ਦਾ ਪੌਪ ਸਟਾਰ ਸੀ। ਉਸ ਨੂੰ ਘੇਰ ਕੇ ਦਿਨ-ਦਿਹਾੜੇ ਅਤਿਆਧੁਨਿਕ ਹਥਿਆਰਾਂ ਨਾਲ ਕਤਲ ਕੀਤਾ ਜਾਣਾ ਸਮੁੱਚੇ ਸਮਾਜ ਲਈ ਦੁੱਖਦਾਇਕ ਅਤੇ ਪ੍ਰੇਸ਼ਾਨੀ ਵਾਲਾ ਹੈ। ਸਿੱਧੂ ਮੂਸੇਵਾਲਾ ਦੇ ਕਤਲ ਨੂੰ ਪੰਜਾਬ ਪੁਲਿਸ ਨੇ ਜਿਵੇਂ ਗੈਂਗਵਾਰ ਨਾਲ ਜੋੜਿਆ ਹੈ, ਉਸ ਨੇ ਪਿਛਲੇ ਕੁਝ ਸਮੇਂ ਤੋਂ ਹੋ ਰਹੀਆਂ ਹਿੰਸਕ ਵਾਰਦਾਤਾਂ ਪ੍ਰਤੀ ਲੋਕਾਂ ਦੀ ਚਿੰਤਾਂ ਨੂੰ ਸਿਖਰਾਂ ਉੱਤੇ ਪਹੁੰਚਾ ਦਿੱਤਾ ਹੈ। ਪੰਜਾਬ ਨੇ ਲੰਬਾ ਸਮਾਂ ਹਿੰਸਕ ਦੌਰ ਦੇਖਿਆ ਹੈ ਅਤੇ ਕਬੱਡੀ ਖਿਡਾਰੀ ਨੰਗਲ ਅੰਬੀਆਂ ਅਤੇ ਸਿੱਧੂ ਮੂਸੇਵਾਲਾ ਵਰਗੇ ਕਤਲਾਂ ਨੇ ਪੰਜਾਬ ਦੇ ਲੋਕਾਂ ਅੱਗੇ ਉਸੇ ਵਰਗਾ ਦੌਰ ਮੁੜਨ ਦਾ ਡਰ ਤੇ ਸਹਿਮ ਪਾ ਦਿੱਤਾ ਹੈ।

ਦਸੰਬਰ 2021 ਵਿਚ ਸਿੱਧੂ ਮੂਸੇਵਾਲਾ ਦੇ ਕਾਂਗਰਸ ਵਿਚ ਸ਼ਾਮਲ ਹੋਣ ਸਮੇਂ ਬੀਬੀਸੀ ਪੰਜਾਬੀ ਵਲੋਂ ਉਨ੍ਹਾਂ ਦੀ ਜ਼ਿੰਦਗੀ ਬਾਰੇ ਵਿਸ਼ੇਸ਼ ਰਿਪੋਰਟ ਛਾਪੀ ਸੀ। ਜਿਸ ਨੂੰ ਹੁਬਹੂ ਪੇਸ਼ ਕੀਤਾ ਜਾ ਰਿਹਾ ਹੈ।




'ਸਾਡਾ ਚੱਲਦਾ ਹੈ ਧੱਕਾ ਅਸੀਂ ਤਾਂ ਕਰਦੇ'
'ਗੱਭਰੂ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ'
'ਡਾਲਰਾਂ ਵਾਗੂੰ ਨੀਂ ਨਾਮ ਸਦਾ ਚੱਲਦਾ, ਅਸੀਂ ਪੁੱਤ ਡਾਕੂਆਂ ਦੇ।।।'

ਅਜਿਹੇ ਕਈ ਹਿੱਟ ਗਾਣੇ ਗਾਉਣ ਵਾਲੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਸੰਬਰ 2021 ਦੌਰਾਨ ਕਾਂਗਰਸ ਵਿੱਚ ਸ਼ਾਮਲ ਹੋਏ ਤਾਂ ਇਸ ਖ਼ਬਰ ਦੀ ਚਰਚਾ ਚਾਰੇ ਪਾਸੇ ਹੋਈ। ਗਨ ਕਲਚਰ ਨੂੰ ਗੀਤਾਂ ਰਾਹੀ ਉਤਸ਼ਾਹਿਤ ਕਰਨ ਦੇ ਇਲਜ਼ਾਮਾਂ ਨੂੰ ਝੱਲਦੇ ਰਹੇ ਮੂਸੇਵਾਲਾ ਦੇ ਖਿਲਾਫ਼ ਅਤੇ ਹੱਕ ਵਿੱਚ ਸੋਸ਼ਲ ਮੀਡੀਆ 'ਤੇ ਵੀ ਖਾਸੀ ਚਰਚਾ ਹੋਈ।

ਤਿੰਨ ਦਸੰਬਰ 2021 ਨੂੰ ਪੰਜਾਬ ਕਾਂਗਰਸ ਦੇ ਤਤਕਾਲੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਤਤਕਾਲੀ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਹਾਜ਼ਰੀ 'ਚ ਸਿੱਧੂ ਮੂਸੇਵਾਲਾ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ ਗਿਆ।

ਸਿੱਧੂ ਮੂਸੇਵਾਲਾ ਨੇ ਸਿਆਸੀ ਐਂਟਰੀ ਬਾਰੇ ਕੀ ਕਿਹਾ ਸੀ। ਕਾਂਗਰਸ ਦਾ ਹੱਥ ਫੜ੍ਹਨ ਵੇਲੇ ਸਿੱਧੂ ਮੂਸੇਵਾਲਾ ਨੇ ਕਿਹਾ ਸੀ, "ਅੱਜ ਤੋਂ 3-4 ਸਾਲ ਪਹਿਲਾਂ ਮੈਂ ਸੰਗੀਤ ਸ਼ੁਰੂ ਕੀਤਾ ਸੀ। ਅੱਜ ਚਾਰ ਸਾਲਾਂ ਬਾਅਦ ਮੈਂ ਆਪਣੀ ਜ਼ਿੰਦਗੀ ਵਿੱਚ ਇੱਕ ਨਵਾਂ ਕਦਮ ਚੁੱਕਣ ਜਾ ਰਿਹਾ ਹਾਂ, ਇੱਕ ਨਵਾਂ ਕਿੱਤਾ, ਇੱਕ ਨਵੀਂ ਦੁਨੀਆਂ, ਜਿਸ ਵਿੱਚ ਮੇਰੀ ਸ਼ੁਰੂਆਤ ਹੈ।"



"ਮੇਰਾ ਜੁੜਾਅ ਪਿੰਡ ਨਾਲ ਰਿਹਾ, ਅਸੀਂ ਆਮ ਪਰਿਵਾਰਾਂ 'ਚੋਂ ਉੱਠੇ ਹੋਏ ਲੋਕ ਹਾਂ। ਮੇਰੇ ਪਿਤਾ ਜੀ ਫੌਜ ਵਿੱਚ ਰਹੇ ਹਨ, ਪਰਮਾਤਮਾ ਨੇ ਬਹੁਤ ਤਰੱਕੀ ਦਿੱਤੀ ਤੇ ਅਜੇ ਵੀ ਅਸੀਂ ਉਸੇ ਪਿੰਡ ਵਿੱਚ ਰਹਿ ਰਹੇ ਹਾਂ।" "ਕਾਂਗਰਸ 'ਚ ਸ਼ਾਮਲ ਹੋਣ ਬਹੁਤ ਵੱਡਾ ਕਾਰਨ ਹੈ। ਪਹਿਲੀ ਗੱਲ ਇਹ ਕਿ ਜਿਹੜੀ ਪੰਜਾਬ ਕਾਂਗਰਸ ਹੈ ਜਾਂ ਕਾਂਗਰਸ ਹੈ, ਇਸ ਵਿੱਚ ਉਹ ਲੋਕ ਨੇ ਜਿਹੜੇ ਆਮ ਘਰਾਂ ਤੋਂ ਉੱਠੇ ਹੋਏ ਹਨ।" "ਮੁੱਖ ਵਜ੍ਹਾ ਇਹ ਹੈ ਕਿ ਇੱਥੇ ਕੋਈ ਵੀ ਮਿਹਨਤਕਸ਼ ਆਦਮੀ ਆਪਣੀ ਆਵਾਜ਼ ਬੁਲੰਦ ਕਰ ਸਕਦਾ ਹੈ ਤੇ ਵਿਕਾਸ ਕਰ ਸਕਦਾ ਹੈ।"

### ਸਿੱਧੂ ਮੂਸੇਵਾਲਾ ਕੌਣ ਸੀ

ਤਕਰੀਬਨ ਚਾਰ ਸਾਲ ਪਹਿਲਾਂ ਪੰਜਾਬੀ ਮਨੋਰੰਜਨ ਜਗਤ ਵਿੱਚ ਆਏ ਸ਼ੁਭਦੀਪ ਸਿੰਘ ਸਿੱਧੂ ਬੜੀ ਤੇਜ਼ੀ ਨਾਲ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੋਏ। ਇੱਕ ਵਾਰ ਕਾਲਜ ਦੇ ਕੈਂਪਸ ਵਿੱਚ ਇੱਕ ਚੈਨਲ ਦੇ ਹੋਸਟ ਵੱਲੋਂ ਸਟੂਡੈਂਟਸ ਨਾਲ ਗੱਲਬਾਤ ਜਾਰੀ ਸੀ ਕਿ ਉਸੇ ਵਿਚਾਲੇ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਭੀੜ 'ਚੋਂ ਨਿਕਲ ਕੇ ਆਇਆ। ਐਂਕਰ ਨੇ ਸਿੱਧੂ ਤੋਂ ਉਸਦਾ ਨਾਂ ਪੁੱਛਿਆ, ਉਹ ਵੀ ਦੋ ਵਾਰ, ਝਕਦੇ ਹੋਏ ਸਿੱਧੂ ਨੇ ਆਪਣਾ ਨਾਂ ਸ਼ੁਭਦੀਪ ਸਿੰਘ ਸਿੱਧੂ ਦੱਸਿਆ, ਐਂਕਰ ਨੇ ਫਿਰ ਪੁੱਛਿਆ ਤਾਂ ਫਿਰ ਕਿਹਾ, ਸ਼ੁਭਦੀਪ ਸਿੰਘ ਸਿੱਧੂ। ਕੈਂਪਸ ਵਿੱਚ ਸ਼ੁਭਦੀਪ ਨੇ ਗਾਣਾ ਗਾਇਆ ਤਾਂ ਸਾਰਿਆਂ ਨੇ ਤਾੜੀਆਂ ਵਜਾਈਆਂ। ਇੱਕ ਉਹ ਦੌਰ ਸੀ ਜਦੋਂ ਉਸ ਨੂੰ ਆਪਣੇ ਬਾਰੇ ਦੱਸਣਾ ਪੈਂਦਾ ਸੀ ਅਤੇ ਇੱਕ ਹੁਣ ਦਾ ਦੌਰ ਹੈ ਜਦੋਂ ਸ਼ੁਭਦੀਪ ਸਿੰਘ ਸਿੱਧੂ ਮਨੋਰੰਜਨ ਦੀ ਦੁਨੀਆਂ ਤੋਂ ਲੈ ਕੇ ਸਿਆਸੀ ਪਿੜਾਂ ਵਿੱਚ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੈ। ਸਿੱਧੂ ਮੂਸੇਵਾਲਾ ਦਾ ਪਿੰਡ ਜ਼ਿਲ੍ਹਾ ਮਾਨਸਾ ਵਿੱਚ ਪੈਂਦਾ ਮੂਸਾ ਹੈ। ਸਿੱਧੂ ਮੂਸੇਵਾਲਾ ਦੀ ਚਰਚਾ ਸਾਲ 2018 ਤੋਂ ਜ਼ਿਆਦਾ ਹੋਣ ਲੱਗੀ ਜਦੋਂ ਬੰਦੂਕ ਸੱਭਿਆਚਾਰ ਸਬੰਧੀ ਕਈ ਗੀਤ ਆਏ।

ਸਿੱਧੂ ਮੂਸੇਵਾਲਾ ਦੀ ਮਾਤਾ ਚਰਨਜੀਤ ਕੌਰ ਮੂਸਾ ਪਿੰਡ ਦੇ ਸਰਪੰਚ ਹਨ। ਸਰਪੰਚੀ ਦੀਆਂ ਚੋਣਾਂ ਦੌਰਾਨ ਸਿੱਧੂ ਮੂਸੇਵਾਲਾ ਨੇ ਆਪਣੀ ਮਾਂ ਲਈ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕੀਤਾ ਸੀ। ਹੁਣ ਸਮਾਂ ਅਜਿਹਾ ਆ ਗਿਆ ਹੈ ਕਿ ਸਿੱਧੂ ਮੂਸੇਵਾਲਾ ਨੇ ਆਪ ਸਿਆਸਤ ਵਿੱਚ ਪੈਰ ਧਰ ਲਿਆ ਹੈ। ਸਿੱਧੂ ਨੇ ਸਰਦਾਰ ਚੇਤਨ ਸਿੰਘ ਸਰਵਹਿਤਕਾਰੀ ਵਿੱਦਿਆ ਮੰਦਰ ਮਾਨਸਾ ਤੋਂ ਬਾਰ੍ਹਵੀਂ ਤੱਕ ਦੀ ਪੜ੍ਹਾਈ ਨਾਨ ਮੈਡੀਕਲ ਨਾਲ ਕੀਤੀ ਹੈ। ਇਸ ਮਗਰੋਂ ਉਨ੍ਹਾਂ ਨੇ ਗ੍ਰੈਜੂਏਸ਼ਨ ਕੀਤੀ ਅਤੇ ਬਾਅਦ ਵਿੱਚ ਇੱਕ ਸਾਲ ਦਾ ਡਿਪਲੋਮਾ ਕੈਨੇਡਾ ਵਿਚ ਕੀਤਾ।

### ਸਿੱਧੂ ਮੂਸੇਵਾਲਾ ਦੇ ਗਾਣੇ ਅਤੇ ਫਿਲਮਾਂ

ਸਿੱਧੂ ਮੂਸੇਵਾਲਾ ਦੇ ਕਈ ਗੀਤ ਸੁਪਰਹਿਟ ਹੋਏ। ਸੋ ਹਾਈ, ਧੱਕਾ, ਓਲਡ ਸਕੂਲ, ਸੰਜੂ ਵਰਗੇ ਗਾਣੇ ਤਾਂ ਯੂਟਿਊਬ ਉੱਤੇ ਕਰੋੜਾਂ ਵਾਰ ਦੇਖੇ ਗਏ। ਇਨ੍ਹਾਂ ਗਾਣਿਆਂ ਰਾਹੀਂ ਬੰਦੂਕ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣ ਦੇ ਇਲਜ਼ਾਮਾਂ ਤਹਿਤ ਮੂਸੇਵਾਲਾ ਦੀ ਆਲੋਚਨਾ ਵੀ ਹੋਈ ਅਤੇ ਕੇਸ ਵੀ ਦਰਜ ਹੋਏ। ਸਿੱਧੂ ਮੂਸੇਵਾਲਾ ਨੇ ਗਾਇਕੀ ਤੋਂ ਬਾਅਦ ਫਿਲਮਾਂ ਵਿੱਚ ਵੀ ਪੈਰ ਧਰਿਆ। ਮੂਸੇਵਾਲਾ ਦੀਆਂ ਫਿਲਮਾਂ ਹਨ 'ਯਸ ਆਈ ਐਮ ਸਟੂਡੈਂਟ' , 'ਤੇਰੀ ਮੇਰੀ ਜੋੜੀ', 'ਗੁਨਾਹ', 'ਮੂਸਾ ਜੱਟ' ਅਤੇ ਆਉਣ ਵਾਲੀ ਫਿਲਮ ਹੈ 'ਜੱਟਾਂ ਦਾ ਮੁੰਡਾ ਗਾਉਣ ਲੱਗਾ'। ਸਿੱਧੂ ਮੂਸੇਵਾਲਾ ਦੇ ਗਾਣਿਆਂ ਦੀ ਧਮਕ ਬਾਲੀਵੁੱਡ ਤੱਕ ਵੀ ਹੈ। ਫਿਲਮ ਸਟਾਰ ਰਣਵੀਰ ਸਿੰਘ ਅਤੇ ਵਿੱਕੀ ਕੌਸ਼ਲ ਨੇ ਸੋਸ਼ਲ ਮੀਡੀਆ 'ਤੇ ਸਿੱਧੂ ਦੇ ਗਾਣਿਆਂ ਦੀਆਂ ਸਟੋਰੀਆਂ ਵੀ ਪਾਈਆਂ।



### ਸਿੱਧੂ ਮੂਸੇਵਾਲਾ 'ਤੇ ਪਏ ਕੇਸ ਅਤੇ ਵਿਵਾਦ

ਸਿੱਧੂ ਮੂਸੇਵਾਲਾ ਦੇ ਫਾਇਰਿੰਗ ਕਰਨ ਦੇ ਦੋ ਵੀਡੀਓ ਵਾਇਰਲ ਹੋਏ ਸਨ। ਇਨ੍ਹਾਂ ਵਿੱਚੋਂ ਇੱਕ ਵੀਡੀਓ ਸਿੱਧੂ ਮੂਸੇਵਾਲਾ ਵੱਲੋਂ ਬਰਨਾਲਾ ਦੀ ਬਡਬਰ ਫਾਇਰਿੰਗ ਰੇਂਜ ਵਿੱਚ ਕਥਿਤ ਤੌਰ 'ਤੇ ਅਸਾਲਟ ਰਾਈਫਲ ਨਾਲ ਫਾਇਰਿੰਗ ਕਰਦੇ ਦੀ ਸੀ। ਸਿੱਧੂ ਮੂਸੇਵਾਲਾ ਸਣੇ 9 ਲੋਕਾਂ ਖ਼ਿਲਾਫ ਸੰਗਰੂਰ ਅਤੇ ਬਰਨਾਲਾ ਵਿੱਚ ਮਈ 2020 ਵਿੱਚ ਮਾਮਲਾ ਦਰਜ ਕੀਤਾ ਗਿਆ ਸੀ। ਇੱਕ ਹੋਰ ਵੀਡੀਓ ਵਿੱਚ ਸਿੱਧੂ ਮੂਸੇਵਾਲਾ ਸੰਗਰੂਰ ਦੀ ਲੱਡਾ ਕੋਠੀ ਰੇਂਜ ਵਿੱਚ ਇੱਕ ਪਿਸਟਲ ਨਾਲ ਫਾਇਰਿੰਗ ਕਰਦੇ ਵੇਖੇ ਗਏ ਸੀ। ਇਹ ਦੋਵੇਂ ਵੀਡੀਓ ਲੌਕਡਾਊਨ ਵੇਲੇ ਦੇ ਸਨ। ਪੁਲਿਸ ਨੇ ਪਹਿਲਾਂ ਆਪਦਾ ਪ੍ਰਬੰਧਨ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਬਾਅਦ ਵਿੱਚ ਇਨ੍ਹਾਂ ਦੋਵੇਂ ਮਾਮਲਿਆਂ ਵਿੱਚ ਆਰਮਜ਼ ਐਕਟ ਵੀ ਜੋੜਿਆ ਗਿਆ।

ਇਸ ਤੋਂ ਪਹਿਲਾਂ ਵੀ ਹਥਿਆਰਾਂ ਨੂੰ ਵਧਾਵਾ ਦੇਣ ਵਾਲੇ ਗੀਤਾਂ ਕਾਰਨ ਮੂਸੇਵਾਲਾ 'ਤੇ ਫ਼ਰਵਰੀ 2020 ਵਿੱਚ ਮਾਨਸਾ ਪੁਲਿਸ ਵੱਲੋਂ ਕੇਸ ਦਰਜ ਕੀਤਾ ਗਿਆ ਸੀ। ਆਪਣੇ ਗੀਤ "ਗੱਭਰੂ'ਤੇ ਕੇਸ ਜਿਹੜਾ ਸੰਜੇ ਦੱਤ 'ਤੇ" ਕਰਕੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵਿਵਾਦਾਂ ਵਿੱਚ ਆਏ। ਇਸ ਗੀਤ ਕਰਕੇ ਪੰਜਾਬ ਦੀ ਕ੍ਰਾਈਮ ਬਰਾਂਚ ਨੇ ਬੰਦੂਕ ਕਲਚਰ ਅਤੇ ਹਿੰਸਾ ਨੂੰ ਵਧਾਵਾ ਦੇਣ ਕਰਕੇ ਮਾਮਲਾ ਦਰਜ ਕੀਤਾ ਸੀ।

'ਸੰਜੂ' ਟਾਈਟਲ ਹੇਠਾਂ 16 ਜੁਲਾਈ 2020 ਨੂੰ ਰਿਲੀਜ਼ ਹੋਏ ਇਸ ਗੀਤ ਵਿੱਚ ਸਿੱਧੂ ਮੂਸੇਵਾਲਾ ਆਪਣੇ ਉੱਤੇ ਆਰਮਜ਼ ਐਕਟ ਦੇ ਤਹਿਤ ਦਰਜ ਹੋਏ ਕੇਸ ਦੀ ਤੁਲਨਾ ਬਾਲੀਵੁੱਡ ਅਦਾਕਾਰ ਸੰਜੇ ਦੱਤ ਉੱਤੇ ਲੱਗੇ ਕੇਸ ਨਾਲ ਕੀਤੀ ਸੀ। ਉਸ ਵੇਲੇ ਓਲੰਪਿਕ ਨਿਸ਼ਾਨੇਬਾਜ਼ ਅਤੇ ਸੀਨੀਅਰ ਪੁਲਿਸ ਅਫ਼ਸਰ ਅਵਨੀਤ ਕੌਰ ਸਿੱਧੂ ਵੱਲੋਂ ਆਪਣੇ ਫੇਸਬੁੱਕ ਅਕਾਊਂਟ ਰਾਹੀਂ ਸਿੱਧੂ ਮੂਸੇਵਾਲਾ ਨੂੰ ਨਸੀਹਤ ਵੀ ਦਿੱਤੀ ਗਈ ਸੀ।

ਅਵਨੀਤ ਨੇ ਆਪਣੀ ਫੇਸਬੁੱਕ ਪੋਸਟ 'ਚ ਲਿਖਿਆ, "ਲੰਘੇ ਦਿਨੀਂ ਜੋ ਗੀਤ ਸਿੱਧੂ ਮੂਸੇਵਾਲਾਂ ਵੱਲੋਂ ਪੇਸ਼ ਕੀਤਾ ਗਿਆ ਹੈ ਉਸ ਵਿੱਚ ਉਹ ਖ਼ੁਦ ਨੂੰ ਸੰਜੇ ਦੱਤ ਨਾਲ ਜੋੜ ਰਿਹਾ ਹੈ। ਉਹ ਆਪਣੇ ਉੱਤੇ ਲੱਗੇ ਕੇਸਾਂ ਨੂੰ ਬਹੁਤ ਮਾਣ ਵਾਲੀ ਗੱਲ ਸਮਝ ਰਿਹਾ ਹੈ। ਸਿੱਧੂ ਗੀਤ ਵਿੱਚ ਕਹਿ ਰਿਹਾ ਹੈ ਕਿ ਜਿਨ੍ਹਾਂ ਉੱਤੇ ਕੇਸ ਹੁੰਦਾ ਹੈ ਉਹੀ ਮਰਦ ਹੁੰਦਾ ਹੈ ਬਾਕੀ ਤਾਂ ਐਵੇਂ ਹੀ।"

ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਪੱਤਰਕਾਰਾਂ ਨੇ ਸਿੱਧੂ ਮੂਸੇਵਾਲਾ ਦੇ ਗਨ ਕਲਚਰ ਵਾਲੇ ਗਾਣਿਆਂ ਬਾਰੇ ਸਵਾਲ ਕੀਤੇ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਫ਼ੈਸਲਾ ਪੰਜਾਬ ਦੇ ਲੋਕ ਕਰਨਗੇ। ਸਿੱਧੂ ਮੂਸੇਵਾਲਾ 'ਤੇ ਚੱਲਦੇ ਕੇਸਾਂ ਬਾਰੇ ਨਵਜੋਤ ਸਿੱਧੂ ਨੇ ਕਿਹਾ, "ਇਸ ਗੱਲ ਨੂੰ ਸਮਝੋ ਕਿ ਕੇਸ ਪੈਣ ਦਾ ਮਤਲਬ ਇਹ ਨਹੀਂ ਹੁੰਦਾ ਕਿ ਬੰਦਾ ਗਿਲਟੀ (ਦੋਸ਼ੀ) ਹੋ ਗਿਆ। ਮੇਰੇ 'ਤੇ ਕੇਸ ਪਏ ਸੀ, ਫਿਰ ਲੋਕਾਂ ਨੇ ਛੇ ਚੋਣਾਂ ਜਿੱਤਵਾ ਦਿੱਤੀਆਂ।"

"ਫਿਰ ਵੀ ਜੇ ਤੁਸੀਂ ਸਵਾਲ ਪੁੱਛਿਆ ਹੈ, ਤਾਂ ਜਿਹੜੇ ਰੁੱਖ 'ਤੇ ਅੰਬ ਲੱਗਦੇ ਹਨ ਰੋੜੇ ਵੀ ਉਸੇ ਨੂੰ ਵੱਜਦੇ ਹਨ। ਫਰਵਰੀ 2020 ਵਿੱਚ ਇੱਕ ਸਟੇਜ ਸ਼ੋਅ ਦੌਰਾਨ ਸਿੱਧੂ ਮੂਸੇਵਾਲਾ ਨੇ ਕਿਹਾ ਸੀ, "ਕੀ ਅੱਜ ਤੱਕ ਮੇਰੇ ਕਿਸੇ ਗਾਣੇ ਵਿੱਚ ਨਸ਼ੇ ਦਾ ਜ਼ਿਕਰ ਆਇਆ, ਵੈੱਬ ਸੀਰੀਜ਼ਾਂ ਵਿੱਚ ਹੁੰਦੀ ਹਿੰਸਾ ਦੇਖੋ ਤੁਸੀਂ, ਅਸੀਂ ਵੀ ਗਾਉਣਾ ਬੰਦ ਕਰਦੇ ਹਾਂ, ਲਾਈਸੈਂਸ ਦੇਣੇ ਬੰਦ ਕਰੋ, ਠੇਕੇ ਬੰਦ ਕਰੋ।"

### ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਵੀ ਮੂਸੇਵਾਲਾ ਚਰਚਾ ਵਿੱਚ

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਬੰਗਾ ਨੇੜੇ ਪੈਂਦਾ ਪਿੰਡ ਪਠਲਾਵਾ ਮਾਰਚ 2020 ਵਿੱਚ ਅਚਾਨਕ ਚਰਚਾ ਵਿੱਚ ਆ ਗਿਆ। 18 ਮਾਰਚ ਤੋਂ ਬਾਅਦ ਇਹ ਪਿੰਡ ਚਰਚਾ ਵਿੱਚ ਉਸ ਸਮੇਂ ਆ ਗਿਆ ਜਦੋਂ ਇੱਥੋਂ ਦੇ ਇੱਕ 70 ਸਾਲਾ ਬਜ਼ੁਰਗ ਦੀ ਅਚਾਨਕ ਮੌਤ ਹੋ ਗਈ। ਮੌਤ ਤੋਂ ਬਾਅਦ ਪਤਾ ਲੱਗਾ ਕਿ ਮ੍ਰਿਤਕ ਕੋਰੋਨਾਵਾਇਰਸ ਨਾਲ ਪੀੜਤ ਸੀ। ਇਸ ਤੋਂ ਬਾਅਦ ਪੂਰੇ ਪਿੰਡ ਨੂੰ ਸੀਲ ਕਰ ਦਿੱਤਾ ਗਿਆ। ਇਸ ਪਿੰਡ ਨੂੰ ਪੰਜਾਬ ਵਿਚ ਕੋਰੋਨਾਵਾਇਰਸ ਦੇ ਧੁਰੇ ਵਾਂਗ ਪੇਸ਼ ਕਰ ਦਿੱਤਾ ਗਿਆ। ਇਸ ਗਾਣੇ ਨੂੰ ਪੰਜਾਬ ਦੇ ਸਾਬਕਾ ਡੀਜੀਪੀ ਦਿਨਕਰ ਗੁਪਤਾ ਨੇ ਵੀ ਆਪਣੇ ਟਵਿੱਟਰ ਹੈਂਡਲ ਤੋਂ ਸ਼ੇਅਰ ਕੀਤਾ ਸੀ। ਇਸ ਗਾਣੇ ਨੂੰ ਲੈ ਕੇ ਪਠਲਾਵਾ ਪਿੰਡ ਦੇ ਲੋਕਾਂ ਨੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਪਿੰਡ ਨੂੰ ਬਦਨਾਮ ਕਰਨ ਦਾ ਇਲਜ਼ਾਮ ਲਗਾਇਆ ਸੀ। ਪਿੰਡ ਵਾਸੀਆਂ ਨੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਵੀ ਲਿਖੀ ਸੀ।

### ਪੰਜਾਬ ਪੁਲਿਸ ਦੀ ਮੁਹਿੰਮ ਦਾ ਹਿੱਸਾ

ਲੌਕਡਾਊਨ ਦੌਰਾਨ ਸਿੱਧੂ ਮੂਸੇਵਾਲਾ ਨੇ ਪੰਜਾਬ ਪੁਲਿਸ ਦੀ ਡਾਕਟਰਾਂ ਨੂੰ ਸਨਮਾਨਿਤ ਕਰਨ ਦੀ ਮੁਹਿੰਮ ਦਾ ਹਿੱਸਾ ਵੀ ਰਹੇ ਸਨ। ਅਪ੍ਰੈਲ ਵਿੱਚ ਉਨ੍ਹਾਂ ਨੇ ਪੰਜਾਬ ਪੁਲਿਸ ਨਾਲ ਮਿਲ ਕੇ ਮਾਨਸਾ ਦੇ ਇੱਕ ਡਾਕਟਰ ਦਾ ਜਨਮ ਦਿਨ ਮਨਾਇਆ ਸੀ। ਉਸ ਦੇ ਲਈ ਬਕਾਇਦਾ ਸਿੱਧੂ ਮੂਸੇਵਾਲਾ ਉਨ੍ਹਾਂ ਦੇ ਘਰ ਗਏ ਤੇ ਸਨਮਾਨ ਵਿੱਚ ਗੀਤ ਵੀ ਗਾਏ ਸਨ। ਖ਼ੈਰ, ਸਿੱਧੂ ਮੂਸੇਵਾਲਾ ਦੀ ਮੁਖਾਲਫ਼ਤ ਅਤੇ ਸਿਫ਼ਤਾਂ ਕਰਨ ਵਾਲਿਆਂ ਦੀ ਵੱਡੀ ਗਿਣਤੀ ਸੀ, ਪਰ ਤਿੰਨ ਦਸੰਬਰ ਨੂੰ ਦਿੱਲੀ ਵਿੱਚ ਰਾਹੁਲ ਗਾਂਧੀ ਨਾਲ ਜਦੋਂ ਸਿੱਧੂ ਮੂਸੇਵਾਲਾ ਦੀ ਮੁਲਾਕਾਤ ਕਰਵਾ ਕੇ ਨਵਜੋਤ ਸਿੱਧੂ ਨਿਕਲੇ ਤਾਂ ਉਨ੍ਹਾਂ ਕਿਹਾ ਸੀ- "ਭਾਈ (ਰਾਹੁਲ ਗਾਂਧੀ) ਨੇ ਸਿੱਧੂ ਮੂਸੇਵਾਲਾ ਦੀ ਬਹੁਤ ਸਰਹਨਾ ਕੀਤੀ ਹੈ, ਸਿੱਧੂ ਮੂਸੇਵਾਲਾ ਦੇ ਮਿਲੀਅਨ ਵਿੱਚ ਗਾਣੇ ਚਲਦੇ ਹਨ, ਮੈਨੂੰ ਤਾਂ ਐਨੀਆਂ ਜ਼ੀਰੋਆਂ ਵੀ ਨਹੀਂ ਆਉਂਦੀਆਂ, ਵੋ ਰੌਕਸਟਾਰ ਹੈ, ਭਾਈ ਅਬ ਪੋਲੀਟੀਸ਼ੀਅਨ ਬਣ ਚੁਕਾ ਹੈ।"



Cosmetic & Family Dentistry

UPPAL DENTAL CARE

50 % Discount for Cash Patients



Charanjit S Uppal D.D.S.

INVISALIGN

Call for Details

Straighten Teeth Without Wires

FREE TEETH WHITENING WITH PAID EXAM, X-RAY & CLEANING. YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards Most Insurance Plans Accepted

1191 W Tennyson Rd. # 4, Hayward. (CA) 94544
510-786-1780

1750 CLEAR LAKE AVE Milpitas, CA 95035
408-942-4400

www.uppaldental.com




Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# Moon Indian Cuisine
# 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

## Fish Pakora

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net



# Raja

New Introducing Chaat Corner

King of Sweets Now Presents

Come and Enjoy Mouth Watering Chaat All Day





ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE


31583 Alvarado Blvd. Union City, CA 94587
Phone : (510) 489-9100



# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644

510-538-2983




# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

### ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

## KASH FABRICS

29576 Mission Blvd
Hayward,CA 94544
510-538-1138

# ਭਾਰਤ ਵਿਚ ਮੋਟਾਪਾ ਬਣ ਰਹੀ ਹੈ ਨਵੀਂ ਮੁਸੀਬਤ, ਪੰਜਾਬ ਸਭ ਤੋਂ ਅੱਗੇ

ਭਾਰਤ ਦੇ ਲੋਕ ਮੋਟੇ ਹੋ ਰਹੇ ਹਨ ਅਤੇ ਇਸ ਦੀ ਪੁਸ਼ਟੀ ਭਾਰਤ ਸਰਕਾਰ ਦੇ ਨਵੇਂ ਸਰਵੇ ਨੇ ਕੀਤੀ ਹੈ। ਮਾਹਿਰਾਂ ਮੁਤਾਬਕ ਜੇ ਵਧ ਰਹੇ ਮੋਟਾਪੇ ਉੱਤੇ ਛੇਤੀ ਕਾਬੂ ਨਾ ਕੀਤਾ ਗਿਆ ਤਾਂ ਇਹ ਆਉਣ ਵਾਲੇ ਦਿਨਾਂ ਵਿੱਚ ਸਿਹਤ ਐਮਰ-ਜੈਂਸੀ ਵਰਗੇ ਹਾਲਾਤ ਪੈਦਾ ਕਰ ਸਕਦਾ ਹੈ। ਇੱਕ ਸਮੇਂ ਮੋਟਾਪੇ ਨੂੰ ਕੇਵਲ ਪੱਛਮੀ ਦੇਸ਼ਾਂ ਦੀ ਸਮੱਸਿਆ ਸਮਝਿਆ ਜਾਂਦਾ ਸੀ । ਪਿਛਲੇ ਕੁਝ ਸਾਲਾਂ ਤੋਂ ਇਹ ਭਾਰਤ ਵਰਗੇ ਦੇਸ਼ਾਂ ਵਿੱਚ ਵੀ ਤੇਜ਼ੀ ਨਾਲ ਫੈਲ ਰਹੀ ਹੈ।

ਭਾਰਤ ਇੱਕ ਸਮੇਂ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਿਲ ਸੀ ਜਿੱਥੇ ਜ਼ਿਆਦਾਤਰ ਲੋਕ ਕੁਪੋਸ਼ਣ ਦਾ ਸ਼ਿਕਾਰ ਸਨ। ਹੁਣ ਭਾਰਤ ਉਨ੍ਹਾਂ 5 ਦੇਸ਼ਾਂ ਵਿੱਚ ਆ ਗਿਆ ਹੈ ਜਿੱਥੇ ਪਿਛਲੇ ਕਈ ਸਾਲਾਂ ਵਿੱਚ ਮੋਟਾਪੇ ਦਾ ਸ਼ਿਕਾਰ ਲੋਕਾਂ ਵਿੱਚ ਵਾਧਾ ਹੋਇਆ ਹੈ।

ਇੱਕ ਅੰਦਾਜ਼ੇ ਮੁਤਾਬਕ 2016 ਦੌਰਾਨ 13।5 ਕਰੋੜ ਲੋਕ ਮੋਟਾਪੇ ਦਾ ਸ਼ਿਕਾਰ ਹੋਏ ਹਨ। ਸਿਹਤ ਮਾਹਰਾਂ ਮੁਤ-ਾਬਿਕ ਦੇਸ਼ ਵਿੱਚ ਤੇਜ਼ੀ ਨਾਲ ਮੋਟੇ ਲੋਕਾਂ ਦੀ ਗਿਣਤੀ ਵਧ ਰਹੀ ਹੈ। ਭਾਰਤ ਸਰਕਾਰ ਵੱਲੋਂ ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਦੇ ਤਾਜ਼ਾ ਅੰਕੜਿਆਂ ਮੁਤਾਬਕ ਤਕਰੀਬਨ 23 ਫ਼ੀਸਦ ਆਦਮੀ ਅਤੇ 24 ਫ਼ੀਸਦ ਔਰਤਾਂ ਮੋਟਾਪੇ ਦਾ ਸ਼ਿਕਾਰ ਹਨ। ਇਨ੍ਹਾਂ ਦਾ ਬਾਡੀ ਮਾਸ ਇੰਡੈਕਸ 25 ਤੋਂ ਜ਼ਿਆਦਾ ਹੈ। 2015-16 ਦੇ ਮੁਕਾਬਲੇ ਇਸ ਵਿੱਚ 4 ਫ਼ੀਸਦ ਵਾਧਾ ਹੋਇਆ ਹੈ।



### ਰਾਸ਼ਟਰੀ ਔਸਤ ਤੋਂ ਵੱਧ ਮੋਟੇ ਹਨ ਪੰਜਾਬ ਦੇ ਲੋਕ

ਜੇਕਰ ਪੰਜਾਬ ਦੇ ਅੰਕੜੇ ਦੇਖੇ ਜਾਣ ਤਾਂ ਸ਼ਹਿਰੀ ਇਲਾਕਿਆਂ ਦੇ 35।2 ਫ਼ੀਸਦ ਆਦਮੀ ਅਤੇ ਪੇਂਡੂ ਇਲਾਕਿਆਂ ਦੇ 30।2 ਫ਼ੀਸਦ ਆਦਮੀ ਮੋਟਾਪੇ ਦਾ ਸ਼ਿਕਾਰ ਹਨ। ਇਸੇ ਤਰ੍ਹਾਂ ਸ਼ਹਿਰੀ ਇਲਾਕਿਆਂ ਦੀਆਂ 44।3 ਫ਼ੀਸਦ ਔਰਤਾਂ ਮੋਟਾਪੇ ਦਾ ਸ਼ਿਕਾਰ ਹਨ ਅਤੇ ਪੇਂਡੂ ਇਲਾਕਿਆਂ ਦੀਆਂ 38।8 ਫ਼ੀਸਦ ਔਰਤਾਂ ਦਾ ਬੀਐਮਆਈ 25 ਤੋਂ ਜ਼ਿਆਦਾ ਹੈ। ਅੰਕੜਿਆਂ ਮੁਤਾਬਕ ਪੰਜ ਸਾਲ ਤੋਂ ਛੋਟੀ ਉਮਰ ਦੇ 3।4 ਫ਼ੀਸਦ ਬੱਚੇ ਵੀ ਪਹਿਲਾਂ ਨਾਲੋਂ ਮੋਟੇ ਪਾਏ ਗਏ ਹਨ। 2015-16 ਇਸ ਵਿੱਚ ਬੱਚਿਆਂ ਦਾ ਅੰਕੜਾ 2।1 ਫ਼ੀਸਦ ਸੀ। ਪੰਜਾਬ ਦੇ ਸ਼ਹਿਰੀ ਇਲਾਕਿਆਂ ਦੇ 4।4 ਫ਼ੀਸਦ ਅਤੇ ਪੇਂਡੂ ਇਲਾਕਿਆਂ ਦੇ 4।0 ਫ਼ੀਸਦ ਬੱਚੇ ਮੋਟਾਪੇ ਦਾ ਸ਼ਿਕਾਰ ਹਨ। ਇਹ ਉਹ ਬੱਚੇ ਹਨ ਜਿਨ੍ਹਾਂ ਦੀ ਉਮਰ ਪੰਜ ਸਾਲ ਤੋਂ ਘੱਟ ਹੈ। ਓਬੈਸਿਟੀ ਫਾਊਂਡੇਸ਼ਨ ਆਫ ਇੰਡੀਆ ਦੇ ਮੁਖੀ ਅਤੇ ਚੇਨੱਈ ਵਿਖੇ ਸਰਜਨ ਡਾ ਰਵਿੰ-ਦਰਨ ਕੁਮਾਰਨ ਆਖਦੇ ਹਨ,"ਭਾਰਤ ਵਿੱਚ ਮੋਟਾਪਾ ਮਹਾਂਮਾਰੀ ਵੱਲ ਵਧ ਰਿਹਾ ਹੈ ਅਤੇ ਮੈਨੂੰ ਡਰ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਮਹਾਂਮਾਰੀ ਬਣ ਜਾਵੇਗਾ ਜੇਕਰ ਅਸੀਂ ਇਸ ਦੇ ਇਲਾਜ ਬਾਰੇ ਨਾ ਸੋਚਿਆ।" ਡਾ ਕੁਮਾਰਨ ਮੁਤਾਬਕ ਸਸਤੇ ਅਤੇ ਤੇਲ ਨਾਲ ਭਰੇ ਖਾਣੇ ਅਸਾਨੀ ਨਾਲ ਮਿਲ ਰਹੇ ਹਨ ਜਿਸ ਕਰਕੇ ਜ਼ਿਆਦਾਤਰ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕ ਮੋਟਾਪੇ ਦਾ ਸ਼ਿਕਾਰ ਹਨ। ਬੀਐਮਆਈ ਵਿਅਕਤੀ ਦੇ ਕੱਦ ਅਤੇ ਭਾਰ ਰਾ ਪੈ ਜਾਂਦਾ ਹੈ ਅਤੇ ਉਸ ਤੋਂ ਬਾਅਦ ਲੋਕਾਂ ਨੂੰ ਵੱਖ ਵੱਖ ਸ਼੍ਰੇਣੀਆਂ ਵਿੱਚ ਰੱਖਿਆ ਜਾਂਦਾ ਹੈ। ਇਸ ਵਿਚ ਸਾਧਾਰਨ, ਮੋਟੇ,ਬਹੁਤ ਮੋਟੇ ਲੋਕਾਂ ਦੀਆਂ ਸ਼੍ਰੇਣੀਆਂ ਹੁੰਦੀਆਂ ਹਨ।ਵਿਸ਼ਵ ਸਿਹਤ ਸੰਗਠਨ ਮੁਤਾਬਕ ਜੇਕਰ ਬੀਐਮਆਈ 25 ਜਾਂ ਇਸ ਤੋਂ ਜ਼ਿਆਦਾ ਹੈ, ਵਿਅਕਤੀ ਮੋਟਾ ਹੈ।

### ਕਈ ਤਰ੍ਹਾਂ ਦੇ ਕੈਂਸਰ ਅਤੇ ਦਿਲ ਦੀ ਬਿਮਾਰੀਆਂ ਦਾ ਕਾਰਨ ਹੈ ਮੋਟਾਪਾ

ਡਾ ਕੁਮਾਰਨ ਅਤੇ ਹੋਰ ਸਿਹਤ ਮਾਹਿਰਾਂ ਮੁਤਾਬਕ ਦੱਖਣੀ ਏਸ਼ਿਆਈ ਲੋਕਾਂ ਵਿੱਚ ਇਸ ਨੂੰ ਥੋੜ੍ਹਾ ਵੱਖਰਾ ਰੱਖਣਾ ਚਾਹੀਦਾ ਹੈ। ਭਾਰਤ ਵਿੱਚ ਜ਼ਿਆਦਾਤਰ ਲੋਕਾਂ ਦੇ ਢਿੱਡ ਉੱਤੇ ਚਰਬੀ ਚੜ੍ਹਦੀ ਹੈ ਅਤੇ ਇਹ ਬਾਕੀ ਹਿੱਸਿਆਂ ਉੱਪਰ ਚਰਬੀ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੈ। ਉਨ੍ਹਾਂ ਮੁਤਾਬਕ ਭਾਰਤ ਦੇ ਮੱਦੇਨਜ਼ਰ 23 ਬੀਐਮਆਈ ਵਾਲਾ ਵਿਅਕਤੀ ਮੋਟਾ ਹੋ ਸਕਦਾ ਹੈ। ਡਾ ਕੁਮਾਰਨ ਆਖਦੇ ਹਨ," ਜੇਕਰ ਤੁਸੀਂ ਭਾਰਤ ਦੇ ਅੰਕੜਿਆਂ ਮੁਤਾਬਕ 23 ਨੂੰ ਪੈਮਾਨਾ ਮੰਨ ਲਵੋ ਤਾਂ ਸ਼ਹਿਰੀ ਖੇਤਰਾਂ ਵਿਚ 50 ਫ਼ੀਸਦ ਲੋਕ ਮੋਟਾਪੇ ਦਾ ਸ਼ਿਕਾਰ ਪਾਏ ਜਾਣਗੇ।" ਵਿਸ਼ਵ ਸਿਹਤ ਸੰਗਠਨ ਮੁਤਾਬਕ ਸਰੀਰ ਉੱਪਰ ਜ਼ਿਆਦਾ ਚਰਬੀ ਕਈ ਤਰ੍ਹਾਂ ਦੀਆਂ ਬੀਮਾਰੀਆਂ ਦਾ ਕਾਰਨ ਬਣ ਸਕਦੀ ਹੈ। ਇਨ੍ਹਾਂ ਵਿਚ 13 ਤਰ੍ਹਾਂ ਦਾ ਕੈਂਸਰ, ਡਾਈਬਿਟੀਜ਼ ਟਾਈਪ 2, ਫੇਫੜਿਆਂ ਅਤੇ ਦਿਲ ਨਾਲ ਸੰਬੰਧਤ ਬੀਮਾਰੀਆਂ ਸ਼ਾਮਿਲ ਹਨ।ਪਿਛਲੇ ਸਾਲ ਪੂਰੀ ਦੁਨੀਆਂ ਵਿੱਚ ਤਕਰੀਬਨ 28 ਇੱਕ ਲੱਖ ਲੋਕਾਂ ਦੀ ਮੋਟਾਪੇ ਕਾਰਨ ਮੌਤ ਹੋਈ ਹੈ।

ਡਾ ਪ੍ਰਦੀਪ ਚੌਬੇ, ਜੋ ਕਿ ਇੰਟਰਨੈਸ਼ਨਲ ਫੈਡਰੇਸ਼ਨ ਫਾਰ ਸਰਜਰੀ ਆਫ ਓਬੈਸਿਟੀ ਐਂਡ ਮੈਟਾਬ-ਾਲਿਕ ਡਿਸਆਰਡਰ ਦੇ ਪ੍ਰਧਾਨ ਹਨ ਮੁਤਾਬਕ," ਤੁਹਾਡੇ ਸਰੀਰ ਉੱਤੇ ਦਸ ਕਿਲੋ ਵਾਧੂ ਭਾਰ ਤੁਹਾਡੇ ਜ਼ਿੰਦਗੀ ਨੂੰ ਤਿੰਨ ਸਾਲ ਤੱਕ ਘਟਾ ਸਕਦਾ ਹੈ। ਜੇਕਰ ਕਿਸੇ ਦਾ ਭਾਰ ਪੰਜਾਹ ਕਿਲੋ ਵਾਧੂ ਹੈ ਤਾਂ ਉਸਦੀ ਜ਼ਿੰਦਗੀ ਦੇ 15 ਸਾਲ ਘਟ ਸਕਦੇ ਹਨ। ਅਸੀਂ ਦੇਖਿਆ ਹੈ ਕਿ ਮਹਾਮਾਰੀ ਦੌਰਾਨ ਮੋਟਾਪੇ ਦਾ ਸ਼ਿਕਾਰ ਲੋਕਾਂ ਦੀਆਂ ਮੌਤਾਂ ਦੂਸਰੇ ਲੋਕਾਂ ਨਾਲੋਂ ਤਿੰਨ ਗੁਣਾ ਵੱਧ ਸਨ।"

### 'ਭਾਰਤ ਨੂੰ ਕੋਈ ਤਰੀਕਾ ਲੱਭਣਾ ਪਵੇਗਾ'

ਡਾਕਟਰ ਚੌਬੇ ਆਖਦੇ ਹਨ ਕਿ ਮੋਟਾਪੇ ਦਾ ਸਰੀਰ ਉੱਪਰ ਅਸਰ ਦਿਖਦਾ ਹੈ ਪਰ ਇਸ ਦਾ ਇਨਸਾਨ ਦੀ ਮਾਨਸਿਕਤਾ ਅਤੇ ਉਸ ਦੇ ਸੋਸ਼ਲ ਜੀਵਨ ਉੱਤੇ ਵੀ ਅਸਰ ਪੈਂਦਾ ਹੈ ਜਿਸ ਬਾਰੇ ਜ਼ਿਆਦਾ ਗੱਲ ਨਹੀਂ ਕੀਤੀ



ਜਾਂਦੀ। "ਅੱਜ ਤਿੰਨ ਸਾਲ ਪਹਿਲਾਂ 1000 ਲੋਕਾਂ ਉਪਰ ਸਰਵੇ ਕੀਤਾ। ਅਸੀਂ ਇਹ ਦੇਖਿਆ ਕਿ ਮੋਟਾਪੇ ਦਾ ਸੈਕਸ ਅਤੇ ਸਿਹਤ ਦੇ ਉੱਪਰ ਅਸਰ ਪੈਂਦਾ ਹੈ।ਇਸ ਦੇ ਨਾਲ ਹੀ ਲੋਕਾਂ ਦੇ ਆਤਮ ਵਿਸ਼ਵਾਸ ਉੱਤੇ ਵੀ ਇਸ ਦਾ ਅਸਰ ਪੈਂਦਾ ਹੈ। ਕਈ ਵਾਰ ਵਿਵਾਹਿਕ ਜੀਵਨ ਵੀ ਪ੍ਰਭਾਵਿਤ ਕਰਦਾ ਹੈ।" 56 ਸਾਲਾ ਅਦਾਕਾਰ ਸਿਧਾਰਥ ਮੁਖਰਜੀ 2015 ਵਿੱਚ ਬੈਰਿਐਟ੍ਰਿਕ ਸਰਜਰੀ ਕਰਵਾ ਚੁੱਕੇ ਹਨ। ਉਹ ਇੱਕ ਅਥਲੀਟ ਸਨ ਪਰ ਇੱਕ ਐਕਸੀਡੈਂਟ ਤੋਂ ਬਾਅਦ ਉਨ੍ਹਾਂ ਦਾ ਵਜ਼ਨ ਬਹੁਤ ਵਧ ਗਿਆ ਸੀ। ਉਹ ਆਖਦੇ ਹਨ," ਮੈਂ 80 -85 ਕਿਲੋ ਦਾ ਸੀ। ਮੈਂ ਕਾਫ਼ੀ ਤੇਲ ਵਾਲਾ ਖਾਣਾ ਅਤੇ ਸ਼ਰਾਬ ਪੀਂਦਾ ਰਿਹਾ ਉਸ ਤੋਂ ਬਾਅਦ ਮੇਰਾ ਪਰ ਵਧ ਕੇ 188 ਕਿਲੋ ਤੱਕ ਹੋ ਗਿਆ।"

ਇਸ ਤੋਂ ਬਾਅਦ ਬਹੁਤ ਸਾਰੀਆਂ ਸਮੱਸਿਆਵਾਂ ਆਈਆਂ ਜਿਨ੍ਹਾਂ ਵਿੱਚ ਡਾਇਬੀਟੀਜ਼, ਕੋਲੇਸਟ੍ਰੋਲ, ਥਾਇਰ-ਾਇਡ ਸ਼ਾਮਿਲ ਸਨ। 2014 ਦੌਰਾਨ ਛੁੱਟੀਆਂ ਮੌਕੇ ਉਨ੍ਹਾਂ ਨੂੰ ਸਾਹ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। "ਮੈਂ ਪੈ ਕੇ ਸਾਹ ਨਹੀਂ ਲੈ ਸਕਦਾ ਸਾਂ ਇਸ ਕਰਕੇ ਮੈਨੂੰ ਬੈਠ ਕੇ ਸੌਣਾ ਪੈਂਦਾ ਸੀ। ਡਾ ਚੌਬੇ ਨੇ ਮੈਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਮੇਰਾ ਭਾਰ ਹੁਣ 96 ਕਿਲੋ ਤੱਕ ਆ ਗਿਆ ਹੈ ਅਤੇ ਮੈਂ ਹੁਣ ਕੰਮ ਕਰ ਸਕਦਾ ਹਾਂ।" "ਇੱਕ ਸਮਾਂ ਸੀ ਜਦੋਂ ਮੈਂ ਪੌੜੀਆਂ ਵੀ ਨਹੀਂ ਚੜ੍ਹ ਸਕਦਾ ਸੀ। ਹੁਣ ਮੈਂ 17-18 ਕਿਲੋਮੀਟਰ ਤੱਕ ਤੁਰ ਸਕਦਾ ਹਾਂ, ਸੋਹਣੇ ਕੱਪੜੇ ਪਾ ਸਕਦੇ ਹਨ ਤੇ ਮਿੱਠਾ ਵੀ ਖਾ ਸਕਦਾ ਹਾਂ।" ਉਹ ਆਖਦੇ ਹਨ ਕਿ ਮੋਟਾਪਾ ਇੱਕ ਸਰਾਪ ਵਰਗਾ ਹੋ ਗਿਆ ਸੀ।

ਉਹ ਅੱਗੇ ਕਹਿੰਦੇ ਹਨ,"ਇਹ ਦੁਨੀਆਂ ਬਹੁਤ ਸੋਹਣੀ ਜਗ੍ਹਾ ਹੈ ਅਤੇ ਸਾਡੇ ਆਪਣੇ ਪਰਿਵਾਰਾਂ ਪ੍ਰਤੀ ਜ਼ਿੰ-ਮੇਵਾਰੀਆਂ ਹਨ। ਇਸ ਲਈ ਮੈਂ ਲੋਕਾਂ ਨੂੰ ਅਕਸਰ ਕਹਿੰਦਾ ਹਾਂ ਕਿ ਆਪਣੀ ਸਿਹਤ ਦਾ ਧਿਆਨ ਰੱਖੋ।"

ਡਾ ਚੌਬੇ ਆਖਦੇ ਹਨ ਕਿ ਸਿਧਾਰਥ ਵਰਗੇ ਲੋਕਾਂ ਵਾਸਤੇ ਸਰਜਰੀ ਉਨ੍ਹਾਂ ਦੀ ਜ਼ਿੰਦਗੀ ਨੂੰ ਬਚਾ ਸਕਦੀ ਹੈ ਪਰ ਸਭ ਤੋਂ ਜ਼ਰੂਰੀ ਹੈ ਕਿ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਮੋਟੇ ਹੋਣ ਦੇ ਕੀ ਨੁਕਸਾਨ ਹੋ ਸਕਦੇ ਹਨ। "ਭਾਰਤ ਵਿੱਚ ਸਰਕਾਰ ਦਾ ਧਿਆਨ ਜ਼ਿਆਦਾਤਰ ਉਨ੍ਹਾਂ ਬਿਮਾਰੀਆਂ ਨੂੰ ਰੋਕਣ 'ਚ ਰਿਹਾ ਜੋ ਇਕ ਜਦੋਂ ਤੁਸੀਂ ਇਹਨੂੰ ਫੈਲਦੀ ਹੈ। ਮੋਟਾਪਾ ਦੇਸ਼ ਦੇ ਸਿਹਤ ਸਿਸਟਮ ਉੱਤੇ ਕਾਫ਼ੀ ਨੁਕਸਾਨ ਪਹੁੰਚਾ ਸਕਦਾ ਹੈ।"

ਕੁਝ ਸਾਲ ਪਹਿਲਾਂ 'ਸਿਨ ਟੈਕਸ'ਬਾਰੇ ਚਰਚਾ ਹੋਈ ਸੀ। ਸਿਹਤ ਮਾਹਿਰਾਂ ਮੁਤਾਬਕ ਇਹ ਆਖਿਆ ਗਿਆ ਸੀ ਕਿ ਅਜਿਹੀ ਖਾਣੇ ਅਤੇ ਚੀਜ਼ਾਂ ਦੇ ਭਾਅ ਵਧਾ ਦਿੱਤੇ ਜਾਣ ਜੋ ਸਿਹਤ ਵਾਸਤੇ ਹਾਨੀਕਾਰਕ ਹਨ।ਮਹਿੰਗੇ ਕਾਰਨ ਲੋਕ ਇਸ ਨੂੰ ਘੱਟ ਖਾਣਗੇ।

ਸਿਹਤ ਮਾਹਿਰਾਂ ਮੁਤਾਬਕ ਇਹ ਕਦੇ ਨਹੀਂ ਹੋ ਸਕੇਗੀ ਅੱਗ ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ । ਡਾ ਕੁਮਾਰਨ ਆਖਦੇ ਹਨ ਕਿ ਭਾਰਤ ਨੂੰ ਕੋਈ ਤਰੀਕਾ ਲੱਭਣਾ ਪਵੇਗਾ ਜਿਸ ਨਾਲ ਹਾਨੀਕਾਰਕ ਖਾਣ ਵਾਲੀਆਂ ਚੀਜ਼ਾਂ ਉੱਪਰ ਕਿਸ ਤਰੀਕੇ ਨਾਲ ਰੋਕ ਲੱਗੇ। ਉਹ ਇਸ ਦੀ ਸਿਗਰਟਨੋਸ਼ੀ ਨਾਲ ਤੁਲਨਾ ਕਰਦੇ ਹਨ।

ਉਹ ਆਖਦੇ ਹਨ ਕਿ ਇਕ ਸਮਾਂ ਸੀ ਜਦੋਂ ਜਨਤਕ ਥਾਵਾਂ ਅਤੇ ਉਡਾਣਾਂ ਵਿੱਚ ਸਿਗਰਟਨੋਸ਼ੀ ਹੋ ਸਕਦੀ ਸੀ ਪਰ ਅੱਜ ਇਸ ਦੀ ਮਨਾਹੀ ਹੈ। ਭਾਰਤ ਸਰਕਾਰ ਨੇ ਇਹ ਜ਼ਰੂਰੀ ਕਰ ਦਿੱਤਾ ਹੈ ਕਿ ਟੀਵੀ ਅਤੇ ਫ਼ਿਲਮਾਂ ਉੱਪਰ ਅਜਿਹੇ ਸਾਵਧਾਨੀ ਭਰੇ ਸੁਨੇਹੇ ਦਿਖਾਏ ਜਾਣ ਜੋ ਸਿਗਰਟ-ਨੋਸ਼ੀ ਦਾ ਨੁਕਸਾਨ ਦੱਸਣ। ਡਾ ਕੁਮਾਰਨ ਮੰਨਦੇ ਹਨ ਕਿ ਜੇਕਰ ਖਾਣ ਪੀਣ ਦੀਆਂ ਚੀਜ਼ਾਂ ਜੋ ਸਿਹਤ ਲਈ ਨੁਕਸਾਨਦਾਇਕ ਹਨ ਬਾਰੇ ਵੀ ਅਜਿਹੇ ਸੁਨੇਹੇ ਜਾਰੀ ਹੁੰਦੇ ਰਹਿਣ ਤਾਂ ਚ ਮੋਟਾਪੇ ਉਪਰ ਕਾਬੂ ਪਾਇਆ ਜਾ ਸਕੇ।

# ਹਮਦਰਦਵੀਰ ਨੌਸ਼ਹਿਰਵੀ ਨੂੰ ਯਾਦ ਕਰਦਿਆਂ

**ਕਰਮਜੀਤ ਸਿੰਘ ਆਜ਼ਾਦ**

ਕੋਰੋਨਾ ਮਹਾਮਾਰੀ ਦੇ ਸਖ਼ਤ ਪਹਿਰੇ ਦੇ ਦਿਨਾਂ ਵਿਚ 2 ਜੂਨ 2020 ਨੂੰ ਸਾਹਿਤ ਦਾ ਭਰ ਵਗਦਾ ਦਰਿਆ ਹਮਦਰਦਵੀਰ ਨੌਸ਼ਹਿਰਵੀ ਚੁੱਪਚਾਪ ਹੀ ਅਲਵਿਦਾ ਆਖ ਗਏ ਸਨ। ਇਹ ਉਹ ਦਿਨ ਸਨ ਜਦੋਂ ਚੰਗੇ-ਭਲੇ ਮਨੁੱਖਾਂ ਨੂੰ ਨਾਮੁਰਾਦ ਬਿਮਾਰੀ ਕੋਰੋਨਾ ਆਪਣੀ ਲਪੇਟ ਵਿਚ ਲੈ ਰਹੀ ਸੀ ਪਰ ਇਹ ਬਿਮਾਰੀ ਬਾਪੂ ਦੇ ਲਵੇ-ਤਵੇ ਵੀ ਨਹੀਂ ਆਈ ਪਰ ਫਿਰ ਵੀ ਉਹ ਚੁੱਪਚਾਪ ਮਾਮੂਲੀ ਬੁਖਾਰ ਚੜ੍ਹਨ ਉਪਰੰਤ ਦੁਨੀਆ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਦੇ ਜਾਣ ਦੀ ਦੇਰ ਹੀ



ਸੀ ਕਿ ਰੋਜ਼ਾਨਾ ਮਹਿਫ਼ਲਾਂ ਦਾ ਸ਼ਿੰਗਾਰ ਬਣਨ ਵਾਲੇ ‘ਕਵਿਤਾ ਭਵਨ’ ਨੂੰ ਵੀ ਗ੍ਰਹਿਣ ਲੱਗ ਗਿਆ ਅਤੇ ਹੁਣ ਇਹ ਬਿਲਕੁਲ ਸੁੰਨ-ਮਸਾਨ ਪਿਆ ਹੈ। ਭਾਵੇਂ ਮੌਤ ਅਟੱਲ ਸੱਚਾਈ ਹੈ ਪਰ ਫਿਰ ਵੀ ਅਜਿਹੀ ਮਹਾਨ ਸ਼ਖ਼ਸੀਅਤ ਦਾ ਅਚਾਨਕ ਤੁਰ ਜਾਣਾ ਜੋ ਸਮਾਜ ਦੀ ਬਿਹਤਰੀ ਲਈ ਆਪਣੀ ਕਲਮ ਨਾਲ ਸਾਹਿਤ ਦੀਆਂ ਨਿੱਤ ਨਵੀਆਂ ਰੌਸ਼ਨੀਆਂ ਵੰਡ ਰਿਹਾ ਸੀ, ਬਹੁਤ ਹੀ ਦੁਖਦਾਈ ਹੋ ਨਿੱਬੜਿਆ। ਆਮ ਬੰਦੇ ਲਈ ਤਾਂ ਉਨ੍ਹਾਂ ਦੀ ਉਮਰ 84 ਸਾਲ ਹੋਣ ਕਰ ਕੇ ਕੋਈ ਵੱਡੀ ਗੱਲ ਨਹੀਂ ਲੱਗਦੀ ਪਰ ਜੋ ਲੋਕ ਉਨ੍ਹਾਂ ਦੇ ਨਜ਼ਦੀਕ ਰਹਿੰਦੇ ਸਨ, ਉਨ੍ਹਾਂ ਨੂੰ ਪਤਾ ਹੈ ਕਿ ਲੰਮਾ-ਚੌੜਾ ਸਾਹਿਤ ਰਚਣ ਵਾਲੇ ਸਵਾ 6 ਫੁੱਟ ਲੰਬੇ ਬਾਬਾ ਬੋਹੜ ਨੂੰ ਕੋਈ ਵੀ ਵੱਡੀ ਬਿਮਾਰੀ ਨਹੀਂ ਸੀ। ਅੱਖਾਂ ਦੀ ਨਜ਼ਰ ਵੀ ਬਿਲਕੁਲ ਠੀਕ ਸੀ, ਦੰਦ ਵੀ ਅਜੇ ਪੂਰੇ ਸਨ। ਰੋਜ਼ਾਨਾ ਖੁਰਾਕ ਵੀ ਆਮ ਬੰਦੇ ਨਾਲੋਂ ਡੇਢੀ ਸੀ, ਆਵਾਜ਼ ਵਿਚ ਪੂਰੀ ਗਰਜ ਦੇ ਨਾਲ-ਨਾਲ ਉਨ੍ਹਾਂ ਦੀ ਕਲਮ ਦਾ ਹਥਿਆਰ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਨਾਕਾਮੀਆਂ ’ਤੇ ਨਿਡਰ ਹੋ ਕੇ ਚੱਲ ਰਿਹਾ ਸੀ। ਹਾਂ, ਇਕ ਸਮੱਸਿਆ ਸੀ ਕਿ ਉਨ੍ਹਾਂ ਦੀ ਇਕ ਲੱਤ ਦੀਆਂ ਨਸਾਂ ’ਚ ਕਮਜ਼ੋਰੀ ਆ ਜਾਣ ਕਾਰਨ ਉਨ੍ਹਾਂ ਤੋਂ ਖੂੰਡੀ ਬਿਨਾਂ ਤੁਰਿਆ ਨਹੀਂ ਸੀ ਜਾਂਦਾ। ਹੁਣ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯਾਦਾਂ ਨੂੰ ਸਾਂਭ ਕੇ ਰੱਖਣ ਲਈ ਬਣਾਈ ਗਈ 5 ਮੈਂਬਰੀ ਕਮੇਟੀ ਵੱਲੋਂ ਪਿਛਲੇ ਸਾਲ ਵੀ ਉਨ੍ਹਾਂ ਦੀ ਯਾਦ ਵਿਚ ਸੁਖਮਨੀ ਸਾਹਿਬ ਦਾ ਪਾਠ ਗੁਰਦੁਆਰਾ ਸਾਹਿਬ ਵਿਖੇ ਕਰਵਾ ਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ ਸੀ ਅਤੇ ਉਦੋਂ ਉਨ੍ਹਾਂ ਦੇ ਦੋਵੇਂ ਜਵਾਈ ਤੇ ਬੇਟੀਆਂ ਤੋਂ ਇਲਾਵਾ ਉਨ੍ਹਾਂ ਦਾ ਛੋਟਾ ਬੇਟਾ ਵੀ ਸਮਾਗਮ ਵਿਚ ਸ਼ਾਮਲ ਹੋਇਆ। ਇਸ ਤੋਂ ਬਾਅਦ 1 ਦਸੰਬਰ 2021 ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਵੱਡਾ ਸਮਾਗਮ ਕਰਵਾਇਆ ਗਿਆ ਜਿਸ ਵਿਚ ਉਨ੍ਹਾਂ ਬਾਰੇ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਲਿਖੇ ਗਏ ਲੇਖਾਂ ਦੀ ਛਪੀ ਕਿਤਾਬ ‘ਸਾਹਿਤ ਰਿਸ਼ੀ ਹਮਦਰਦਵੀਰ ਨੌਸ਼ਹਿਰਵੀ’ ਰਿਲੀਜ਼ ਕੀਤੀ ਗਈ ਸੀ। ਇਸ ਵਾਰ ਉਨ੍ਹਾਂ ਦੀ ਬਰਸੀ 28 ਮਈ ਨੂੰ ਉਟਾਲਾਂ ਸਕੂਲ ਵਿਖੇ ਮਨਾਈ ਗਈ। ਭਾਵੇਂ ਉਹ ਸਾਹਿਤ ਦੀ ਰਚਨਾ ਘੱਟ ਕਰ ਰਹੇ ਸਨ ਪਰ ਫਿਰ ਵੀ ਉਨ੍ਹਾਂ ਦਾ ਅਣਛਪਿਆ ਸਾਹਿਤ ਅਜੇ ਬਹੁਤ ਪਿਆ ਹੈ। ਉਨ੍ਹਾਂ ਦੇ ਜਾਣ ਨਾਲ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉੱਥੇ ਹੀ ਸਾਹਿਤਕ ਹਲਕਿਆਂ ਵਿਚ ਵੀ ਇਕ ਵੱਡਾ ਖਲਾਅ ਪੈਦਾ ਹੋ ਗਿਆ ਹੈ ਜਿਸ ਨੂੰ ਪੂਰਨ ਲਈ ਬਹੁਤ ਸਮਾਂ ਲੱਗੇਗਾ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
IRS e-file
E.A.
CTEC California Tax Education Council Registered Tax Preparer
Open 7 Days
Weekends/Evenings
(Year Round Service)
Resonalbe Rates
Call for Appointment
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com


# ਛੋਟੀ ਉਮਰੇ ਦੁਨੀਆਂ ਦਾ ਵੱਡਾ ਗਾਇਕ ਬਣਨ ਵਾਲੇ ਸਟਾਰ ਜਸਟਿਨ ਬੀਬਰ

ਛੋਟੀ ਉਮਰ ਵਿੱਚ ਹੀ ਕੌਮਾਂਤਰੀ ਗਾਇਕੀ ਵਿੱਚ ਆਪਣੀ ਥਾਂ ਬਣਾਉਣ ਵਾਲੇ ਗਾਇਕ ਜਸਟਿਨ ਬੀਬਰ ਇਸੇ ਸਾਲ ਅਕਤੂਬਰ ਵਿੱਚ ਭਾਰਤ ਆ ਰਹੇ ਹਨ। ਉਹ ਦਿੱਲੀ ਦੇ ਜਵਾਹਰ ਲਾਲ ਨਹਿਰੂ ਯੂਨੀਵਰਸਟੀ ਵਿੱਚ ਆਪਣੀ ਪੇਸ਼ਕਾਰੀ ਕਰਨਗੇ। ਉਹ ਭਾਰਤ ਵਿੱਚ ਆਪਣੇ ਜਸਟਿਸ ਵਰਲਡ ਟੂਅਰ ਦੇ ਹਿੱਸੇ ਵਜੋਂ ਆਉਣਗੇ। ਖ਼ਬਰ ਏਜੰਸੀ ਏਐਨਆਈ ਮੁਤਾਬਕ 22 ਮਈ ਤੋਂ ਸ਼ੁਰੂ ਹੋ ਰਹੇ ਇਸ ਦੌਰੇ ਦੌਰਾਨ ਜਸਟਿਨ ਨੇ 30 ਦੇਸਾਂ ਦਾ ਦੌਰਾ ਕਰਨਗੇ ਅਤੇ 125 ਸ਼ੋਅ ਕਰਨਗੇ। ਉਨ੍ਹਾਂ ਦਾ ਇਹ ਦੌਰਾ ਮਈ 2022 ਤੋਂ ਲੈਕੇ ਮਾਰਚ 2023 ਤੱਕ ਜਾਰੀ ਰਹੇਗਾ। ਜੇ ਜਸਟਿਨ ਭਾਰਤ ਆਉਂਦੇ ਹਨ ਤਾਂ ਇਹ ਉਨ੍ਹਾਂ ਦਾ ਦੂਜਾ ਭਾਰਤ ਦੌਰਾ ਹੋਵੇਗਾ। ਪਿਛਲੀ ਵਾਰ ਉਹ 2017 ਵਿੱਚ ਭਾਰਤ ਆਏ ਸਨ ਅਤੇ ਮੁੰਬਈ ਵਿੱਚ ਆਪਣੀ ਪੇਸ਼ਕਾਰੀ ਦਿੱਤੀ ਸੀ। ਉਸ ਸਮੇਂ ਉਨ੍ਹਾਂ ਦੇ 40000 ਪ੍ਰਸ਼ੰਸਕ ਪੇਸ਼ਕਾਰੀ ਦੇਖਣ ਪਹੁੰਚੇ ਸਨ। ਜਸਟਿਨ ਬੀਬਰ ਆਪਣੀ ਗਾਇਕੀ ਤੋਂ ਇਲਾਵਾ ਹੋਰ ਵੀ ਕਈ ਵਜ੍ਹਾਂ ਤੋਂ ਚਰਚਾ ਵਿੱਚ ਰਹਿੰਦੇ ਹਨ। ਕੁਝ ਦਿਲਚਸਪ ਕਿੱਸੇ ਅਤੇ ਘਟਨਾਵਾਂ-

ਜਸਟਿਨ ਬੀਬਰ ਦਾ ਪੂਰਾ ਨਾਮ ਜਸਟਿਨ ਡਰਿਊ ਬੀਬਰ ਹੈ। ਉਨ੍ਹਾਂ ਦਾ ਜਨਮ ਕੈਨੇਡਾ ਦੇ ਓਂਟਾਰਓ ਸੂਬੇ ਦੇ ਲੰਡਨ ਇਲਾਕੇ ਵਿੱਚ ਹੋਇਆ। ਉਨ੍ਹਾਂ ਨੇ ਸਿਰਫ਼ ਹਾਈ ਸਕੂਲ ਤੱਕ ਪੜ੍ਹਾਈ ਕੀਤੀ ਹੈ ਅਤੇ ਕਾਲਜ ਯੂਨੀਵਰਸਿਟੀ ਨਹੀਂ ਗਏ ਹਨ। ਕਿਹਾ ਜਾਂਦਾ ਹੈ ਕਿ ਸਾਲ 2018 ਤੱਕ ਜਸਟਿਨ ਦੇ ਪਿੰਡੇ ਉੱਪਰ 59 ਟੈਟੂ ਸਨ। ਜਸਟਿਨ ਬੀਬਰ ਟਵਿੱਟਰ ਉੱਪਰ ਚਾਰ ਕਰੋੜ ਫੌਲੋਵਰ ਹਾਸਲ ਕਰਨ ਵਾਲੇ ਪਹਿਲੇ ਵਿਅਕਤੀ ਸੀ। ਉਨ੍ਹਾਂ ਤੋਂ ਪਹਿਲਾਂ ਇਹ ਰਿਕਾਰਡ ਲੇਡੀ ਗਾਗਾ ਕੋਲ ਸੀ। ਲੇਡੀ ਗਾਗਾ ਨੇ ਇਹ ਰਿਕਾਰਡ ਇਸ ਤਰ੍ਹਾਂ ਬਣਾਏ ਸਨ ਪਹਿਲਾਂ ਇੱਕ ਕਰੋੜ, ਫਿਰ ਦੋ ਕਰੋੜ ਅਤੇ ਫਿਰ ਤਿੰਨ ਕਰੋੜ। ਪਰ 4 ਕਰੋੜ ਦਾ ਅੰਕੜਾ ਪਾਰ ਕਰਨ ਵਾਲੇ ਬੀਬਰ ਪਹਿਲੇ ਵਿਅਕਤੀ ਸਨ।

ਸਾਲ 2014 ਅਤੇ 2015 ਦੌਰਾਨ ਦੋ ਵੱਖ-ਵੱਖ ਔਰਤਾਂ ਵੱਲੋਂ ਜਿਣਸੀ ਹਿੰਸਾ ਦੇ ਇਲਜ਼ਾਮ ਲਾਏ ਗਏ। ਜਸਟਿਨ ਨੇ ਇਨ੍ਹਾਂ ਇਲਜ਼ਾਮਾਂ ਦਾ ਸਖਤ ਖੰਡਨ ਕੀਤਾ ਅਤੇ ਕਿਹਾ ਕਿ ਇਹ ਇਲਜ਼ਾਮ ਕੋਰੇ ਝੂਠ ਹਨ। ਹਾਲਾਂਕਿ ਇਹ ਕਦੇ ਸਪਸ਼ਟ ਨਹੀਂ ਹੋ ਸਕਿਆ ਕਿ ਬੀਬਰ ਅਤੇ ਦੋਵਾਂ ਔਰਤਾਂ ਵਿੱਚਕਾਰ ਕਦੇ ਕੋਈ ਰਾਜੀਨਾਮਾ ਹੋ ਸਕਿਆ ਸੀ। ਬੀਬਰ ਨੇ ਬਾਅਦ ਵਿੱਚ ਇਨ੍ਹਾਂ ਔਰਤਾਂ ਉੱਪਰ ਮਾਣਹਾਨੀ ਦੇ ਕੇਸ ਵੀ ਕੀਤੇ ਪਰ ਇਸੇ ਸਾਲ ਮਾਰਚ ਵਿੱਚ ਉਨ੍ਹਾਂ ਨੇ ਇਹ ਕੇਸ ਵਾਪਸ ਲੈ ਲਏ।

ਸਾਲ 2016 ਵਿੱਚ ਉਨ੍ਹਾਂ ਨੇ ਆਪਣੀ ਨਵੀਂ ਗਰਲਫਰੈਂਡ ਸੋਫ਼ੀਆ ਰਿਚੀ ਨਾਲ ਤਸਵੀਰ ਸਾਂਝੀ ਕੀਤੀ। ਉਸ ਤੋਂ ਬਾਅਦ ਪ੍ਰਸ਼ੰਸਕਾਂ ਨੇ ਸੋਫ਼ੀਆ ਬਾਰੇ ਚੰਗਾ-ਮਾੜਾ ਲਿਖਣਾ ਸ਼ੁਰੂ ਕਰ ਦਿੱਤਾ। ਇਸ ਤੋਂ ਜਸਟਿਨ ਨੇ ਖਿੱਝ ਕੇ ਲਿਖਿਆ ਕਿ ਜੇ ਤੁਸੀਂ ਵਾਕਈ ਮੇਰੇ ਪ੍ਰਸ਼ੰਸਕ ਹੋ ਤਾਂ ਜਿਨ੍ਹਾਂ ਲੋਕਾਂ ਨੂੰ ਮੈਂ ਪਸੰਦ ਕਰਦਾ ਹਾਂ ਉਨ੍ਹਾਂ ਪ੍ਰਤੀ ਇੰਨੇ ਮਤਲਬੀ ਨਹੀਂ ਹੋ ਸਕਦੇ। ਉਨ੍ਹਾਂ ਨੇ ਧਮਕੀ ਦਿੱਤੀ ਕਿ ਉਹ ਉਹ ਆਪਣਾ ਇੰਸਟਾਗ੍ਰਾਮ ਅਕਾਊਂਟ ਪ੍ਰਾਈਵੇਟ ਕਰ ਲੈਣਗੇ। ਇਸ ਤੋਂ ਉਨ੍ਹਾਂ ਦੀ ਪੁਰਾਣੀ ਗਰਲਫਰੈਂਡ ਅਤੇ ਅਮਰੀਕੀ ਗਾਇਕਾ ਸਲੀਨਾ ਗੋਮੇਜ਼ ਨੇ ਕਿਹਾ ਕਿ ਜੇਕਰ ਉਹ ਇਨ੍ਹਾਂ ਟਿੱਪਣੀਆਂ ਲਈ ਤਿਆਰ ਨਹੀਂ ਹਨ। ਤਾਂ ਉਨ੍ਹਾਂ ਨੂੰ ਤਸਵੀਰਾਂ ਇੰਸਟਾਗ੍ਰਾਮ ਉੱਪਰ ਨਹੀਂ ਪਾਉਣੀਆਂ ਚਾਹੀਦੀਆਂ ਸੀ ਅਤੇ ਆਪਣੇ ਦੋਵਾਂ ਤੱਕ ਹੀ ਰੱਖਣੀਆਂ ਚਾਹੀਦੀਆਂ ਸਨ। ਜਸਟਿਨ ਬੀਬਰ ਅਤੇ ਸਲੀਨਾ ਗੋਮੇਜ਼ 2011 ਤੋਂ 2014 ਤੱਕ ਰਿਸ਼ਤੇ ਵਿੱਚ ਰਹੇ ਸਨ ਪਰ ਬਾਅਦ ਵਿੱਚ ਉਹ ਵੱਖ ਹੋ ਗਏ। ਹਾਲਾਂਕਿ ਉਸ ਤੋਂ ਬਾਅਦ ਵੀ ਉਹ ਕਈ ਵਾਰ ਇੱਕਠੇ ਦੇਖੇ ਜਾਂਦੇ ਰਹੇ।



ਸਾਲ 2019 ਵਿੱਚ ਜਸਟਿਨ ਨੇ ਇੱਕ ਹਾਈਬ੍ਰਿਡ ਬਲੂੰਗੜਿਆਂ ਦਾ ਜੋੜਾ ਬਹੁਤ ਮਹਿੰਗੀ ਕੀਮਤ ਤੇ ਖ਼ਰੀਦਿਆ। ਜੋ ਬਲੂੰਗੜੇ ਉਨ੍ਹਾਂ ਨੇ ਖ਼ਰੀਦੇ ਸਨ ਉਹ ਘਰੇਲੂ ਬਿੱਲੀ ਅਤੇ ਸਵਾਨਾ ਦੀ ਇੱਕ ਚਿੱਤੀਦਾਰ ਵੱਡੇ ਕੰਨਾਂ ਵਾਲੀ ਬਿੱਲੀ ਦੇ ਕਰਾਸ ਬਰੀਡ ਸਨ। ਇਨ੍ਹਾਂ ਨੂੰ ਡਿਜ਼ਾਈਨਰ ਬਿੱਲੀਆਂ ਕਿਹਾ ਜਾਂਦਾ ਹੈ। ਜਾਨਵਰਾਂ ਦੇ ਹੱਕਾਂ ਲਈ ਕੌਮੰਤਰੀ ਸੰਗਠਨ ਪੇਟਾ ਨੇ ਜਸਟਿਨ ਉੱਪਰ ਹਾਬ੍ਰਿਡ ਬਿੱਲੀਆਂ ਦੀ ਖ਼ਤਰਨਾਕ ਮੰਗ ਨੂੰ ਵਧਾਵਾ ਦੇਖਣ ਦਾ ਇਲਜ਼ਾਮ ਲਗਾਇਆ।

ਪੇਟਾ ਦਾ ਕਹਿਣਾ ਸੀ ਕਿ ਗਾਇਕ ਨੂੰ ਕੋਈ ਜਾਨਵਰ ਕਿਸੇ ਸ਼ੈਲਟਰ ਵਿੱਚੋਂ ਗੋਦ ਲੈਣਾ ਚਾਹੀਦਾ ਸੀ ਅਤੇ ਇਸ ਤਰ੍ਹਾਂ ਆਪਣੇ ਫੈਨਜ਼ ਨੂੰ ਵੀ ਪ੍ਰਰਿਤ ਕਰਨਾ ਚਾਹੀਦਾ ਸੀ।

ਜਸਟਿਨ ਨੇ ਬਾਰੇ ਕਾਫ਼ੀ ਖੁੱਲ੍ਹ ਕੇ ਸਾਹਮਣੇ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਪੇਟਾ ਨੂੰ "ਪੋਸ਼ਿੰਗ ਅਤੇ ਪਸ਼ੂ ਹਿੰਸਾ" ਵਰਗੀਆਂ ਅਸਲੀ ਸਮੱਸਿਆਵਾਂ ਉੱਪਰ ਕੰਮ ਕਰਨ ਚਾਹੀਦਾ ਹੈ। ਜਾਓ ਅਤੇ ਅਸਲੀ ਸਮੱਸਿਆਵਾਂ ਉੱਪਰ ਧਿਆਨ ਦਿਓ। ਤੁਸੀਂ ਚਿੜ੍ਹ ਰਹੇ ਹੋ ਕਿਉਂਕਿ ਮੈਨੂੰ ਇੱਕ ਖ਼ਾਸ ਕਿਸਮ ਦੀ ਬਿੱਲੀ ਚਾਹੀਦੀ ਸੀ। ਤੁਸੀਂ ਉਦੋਂ ਨਹੀਂ ਚਿੜੇ ਜਦੋਂ ਮੈਂ ਆਪਣਾ ਕੁੱਤਾ ਔਸਕਰ ਲਿਆ ਸੀ ਅਤੇ ਉਹ ਵੀ ਬਚਾਇਆ ਹੋਇਆ ਨਹੀਂ ਸੀ। ਕੀ ਜ਼ਰੂਰੀ ਹੈ ਕਿ ਅਸੀਂ ਜੋ ਵੀ ਜਾਨਵਰ ਪਾਲੀਏ ਉਹ ਬਚਾਇਆ ਹੀ ਗਿਆ ਹੋਵੇ?

ਮੈਂ (ਜਾਨਵਰ) ਗੋਦ ਲੈਣ ਵਿੱਚ ਯਕੀਨ ਕਰਦਾ ਹਾਂ ਪਰ ਇਹ ਵੀ ਸਮਝਦਾ ਹਾਂ ਕਿ ਪਸੰਦਾਂ ਹੁੰਦੀਆਂ ਹਨ ਅਤੇ ਬਰੀਡਰ ਇਸੇ ਲਈ ਹੁੰਦੇ ਹਨ। ਜਸਟਿਨ ਸਿਰਫ਼ ਇਨ੍ਹਾਂ ਬਲੂੰਗੜਿਆਂ ਕਾਰਨ ਹੀ ਚਰਚਾ ਵਿੱਚ ਹੀ ਨਹੀਂ ਆਏ। ਉਨ੍ਹਾਂ ਨੂੰ ਇਗਜ਼ੌਟਿਕ ਜਾਨਵਰਾਂ ਦਾ ਸ਼ੌਂਕ ਹੈ। 2013 ਵਿੱਚ ਉਨ੍ਹਾਂ ਨੇ ਕਪਚਿਨ ਬਾਂਦਰ ਖ਼ਰੀਦਿਆ ਜਿਸ ਨੂੰ ਉਹ ਜਰਮਨੀ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਹਾਲਾਂਕਿ ਉਸ ਬਾਂਦਰ ਦੇ ਉਨ੍ਹਾਂ ਕੋਲ ਢੁਕਵੇਂ ਕਾਗਜ਼ਾਤ ਨਹੀਂ ਸਨ। ਕਸਟਮ ਨੇ ਉਸ ਨੂੰ ਜ਼ਬਤ ਕਰ ਲਿਆ। ਬਾਅਦ ਵਿੱਚ ਜਸਟਿਨ ਨੇ ਉਹ ਬਾਂਦਰ ਕਸਟਮ ਤੋਂ ਛੁਡਵਾਇਆ ਨਹੀਂ। ਆਖਰ ਉਹ ਬਾਂਦਰ ਕਸਟਮ ਨੇ ਇੱਕ ਚਿੜੀਆ ਘਰ ਦੇ ਹਵਾਲੇ ਕਰ ਦਿੱਤਾ।

ਸਾਲ 2020 ਵਿਚ ਜਸਟਿਨ ਬੀਬਰ ਨੇ ਦੱਸਿਆ ਨੂੰ ਅਲ੍ਹੱੜਪੁਣੇ ਵਿੱਚ ਉਨ੍ਹਾਂ ਦੀ ਨਸ਼ੇ ਦੀ ਲਤ ਪਾਗਲਪਨ ਦੀ ਹੱਦ ਤੱਕ ਵਧ ਗਈ ਸੀ। ਯੂਟਿਊਬ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਦੱਸਿਆ ਕਿ ਜਦੋਂ ਉਹ 13 ਸਾਲ ਦੇ ਸਨ ਤਾਂ ਉਹ ਗੋਲੀਆਂ ਖਾਣ ਅਤੇ ਭੰਗ ਫੂਕਣ ਦੇ ਆਦੀ ਹੋ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਲੋਕਾਂ ਨੂੰ ਨਹੀਂ ਪਤਾ ਕਿ ਇਹ ਕਿੰਨਾ ਗੰਭੀਰ ਹੋ ਗਿਆ ਸੀ। ਮੈਂ ਸਵੇਰੇ ਉੱਠਦਾ ਸੀ ਅਤੇ ਪਹਿਲਾ ਕੰਮ ਜੋ ਮੈਂ ਕਰਦਾ ਸੀ ਉਹ ਸੀ ਗੋਲੀਆਂ ਖਾਣੀਆਂ ਅਤੇ ਇੱਕ ਸਿਗਾਰ ਪੀਕੇ ਆਪਣੇ ਦਿਨ ਦੀ ਸ਼ੁਰੂ-ਆਤ ਕਰਦਾ।

ਆਪਣੀ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੂੰ ਡਰ ਪੈ ਗਿਆ ਸੀ ਕਿ ਉਨ੍ਹਾਂ ਦੀ ਨਸ਼ੇ ਦੀ ਲਤ ਉਨ੍ਹਾਂ ਨੂੰ ਮਾਰ ਦੇਵੇਗੀ। ਕਈ ਕਿਸਮ ਦੇ ਰਸਾਇਣਕ ਨਸ਼ੇ ਲਗਾਤਾਰ ਲੈਂਦੇ ਰਹਿੰਦੇ ਸਨ। ਬੀਬਰ ਨੇ ਦੱਸਿਆ ਕਿ ਉਨ੍ਹਾਂ ਦੇ ਸੁਰੱਖਿਆ ਸਟਾਫ਼ ਦਾ ਕੋਈ ਮੈਂਬਰ ਸਾਰੀ ਰਾਤ ਉਨ੍ਹਾਂ ਦੀ ਨਬਜ਼ ਸਿਰਫ਼ ਇਹ ਦੇਖਣ ਲਈ ਦੇਖਦਾ ਸੀ ਕਿ ਮੈਂ ਸਾਹ ਲੈ ਰਿਹਾ ਹਾਂ। ਬੀਬਰ ਦਾ ਸ਼ੋਹਰਤ ਨਾਲ ਸੰਘਰਸ਼ ਉਨ੍ਹਾਂ ਨੂੰ ਹੋਰ ਤਕੜੇ ਨਸ਼ਿਆਂ ਵੱਲ ਧੱਕ ਰਿਹਾ ਸੀ। ਬੀਬਰ ਨੇ ਦੱਸਿਆ ਕਿ ਮੈਂ ਜਵਾਨ ਸੀ, ਅਤੇ ਇੰਡਸਟਰੀ ਵਿੱਚ ਉਨ੍ਹਾਂ ਲੋਕਾਂ ਵਰਗਾ ਹੀ ਸੀ ਜੋ ਤਜ਼ਰਬੇ ਕਰਦੇ ਹਨ ਸਧਾਰਨ ਚੀਜ਼ਾਂ ਕਰਦੇ ਹਨ। ਜਦਕਿ ਮੇਰੇ ਅਨੁਭਵ ਕੈਮਰਿਆਂ ਦੇ ਸਾਹਮਣੇ ਦਾ ਸੀ ਅਤੇ ਮੇਰੇ ਕੋਲ ਇੱਕ ਵੱਖਰੇ ਪੱਧਰ ਦਾ ਐਕਸਪੋਜ਼ਰ ਸੀ। ਮੇਰੇ ਕੋਲ ਬਹੁਤ ਸਾਰਾ ਪੈਸਾ ਸੀ ਅਤੇ ਬਹੁਤ ਕੁਝ ਸੀ।

ਸਾਲ 2018 ਵਿੱਚ ਬੀਬਰ ਨੇ ਮੌਡਲ ਹੈਲੀ ਨਾਲ ਵਿਆਹ ਕਰਵਾ ਲਿਆ। ਹੈਲੀ ਨੇ ਦਸਤਾਵੇਜ਼ੀ ਫ਼ਿਲਮ ਵਿੱਚ ਦੱਸਿਆ ਕਿ ਉਹ ਜਸਟਿਨ ਦੀ ਜ਼ਿੰਦਗੀ ਵਿੱਚ ਉਦੋਂ ਤੱਕ ਸ਼ਾਮਲ ਨਾ ਹੋਣ ਦਾ ਫ਼ੈਸਲਾ ਲਿਆ ਸੀ ਜਦੋਂ ਤੱਕ ਕਿ ਉਹ ਨਸ਼ਾ ਛੱਡਣ ਦਾ ਫ਼ੈਸਲਾ ਨਹੀਂ ਲੈਂਦੇ। ਯੂਟਿਊਬ ਦੀ ਦਸਤਾਵੇਜ਼ੀ ਵਿੱਚ ਇਹ ਵੀ ਦਿਖਾਇਆ ਗਿਆ ਕਿ ਕਿਵੇਂ ਬੀਬਰ ਤਣਾਅ ਅਤੇ ਨਸ਼ੇ ਤੋਂ ਰਾਹਤ ਪਾਉਣ ਲਈ ਅਤੇ ਆਕਸੀਜਨ ਚੈਂਬਰ ਦੀ ਵਰਤੋਂ ਕਰਦੇ ਸਨ ਅਤੇ ਕਿਵੇਂ ਉਹ ਇੱਕ ਮਾਹਰ ਨਾਲ ਮਿਲ ਕੇ ਆਪਣੀ ਇੱਕ ਦਿਮਾਗੀ ਬੀਮਾਰੀ ਉੱਪਰ ਕੰਮ ਕਰਦੇ ਸਨ।

**ਫੈਨਜ਼ ਲਈ ਖੁਲ੍ਹ ਦਿਲੀ**

ਜਸਟਿਨ ਬੀਬਰ ਹਾਲਾਂਕਿ ਕਈ ਵਾਰ ਵਿਵਾਦਾਂ ਵਿੱਚ ਘਿਰ ਜਾਂਦੇ ਹਨ ਪਰ ਉਹ ਆਪਣੇ ਪ੍ਰਸ਼ੰਸਕਾਂ ਲਈ ਕਈ ਵਾਰ ਅਜਿਹਾ ਕੁਝ ਕਰਦੇ ਹਨ। ਜਿਸ ਦੀ ਉਨ੍ਹਾਂ ਦੇ ਪੱਧਰ ਦੇ ਕਲਾਕਾਰ ਜਾਂ ਸੈਲੀਬ੍ਰਿਟੀ ਤੋਂ ਉਮੀਦ ਨਹੀਂ ਕੀਤੀ ਜਾਂਦੀ।

ਲੰਡਨ ਵਿੱਚ ਆਪਣੇ ਇੱਕ ਆਲ-ਸੋਲਡ-ਆਊਟ ਸ਼ੋਅ ਤੋਂ ਬਾਅਦ ਉਨ੍ਹਾਂ ਜਿਸ ਬਾਰ ਵਿੱਚ ਉਹ ਪਾਰਟੀ ਕਰ ਰਹੇ ਸਨ। ਉਸ ਦੇ ਬਾਹਰ ਖੜ੍ਹੇ ਇੱਕ ਫੁੱਲ ਵੇਚਣ ਵਾਲੇ ਤੋਂ ਆਪਣੇ ਪ੍ਰਸ਼ੰਸਕਾਂ ਲਈ ਲਾਲ, ਚਿੱਟੇ ਅਤੇ ਗੁਲਾਬੀ ਫੁੱਲ ਖ਼ਰੀਦ ਕੇ ਵੰਡੇ ਸਨ।

ਉਹ ਇੱਕ ਮੇਕ ਵਿਸ਼ ਫਾਊਂਡੇਸ਼ਨ ਨਾਲ ਵੀ ਜੁੜੇ ਹੋਏ ਸਨ। ਇਸ ਫਾਊਂਡੇਸ਼ਨ ਦੇ ਤਹਿਤ ਉਨ੍ਹਾਂ ਨੇ 250 ਅਜਿਹੇ ਪ੍ਰਸ਼ੰਸਕਾਂ ਦੀ ਮਿਲਣ ਦੀ ਮੁਰਾਦ ਪੂਰੀ ਕੀਤੀ, ਜੋ ਕਿਸੇ-ਨਾ-ਕਿਸੇ ਲਾ ਇਲਾਜ ਬੀਮਾਰੀ ਨਾਲ ਜੂਝ ਰਹੇ ਸਨ। ਇਹ ਫੈਨਜ਼ ਵਿੱਚ ਬੱਚੇ ਵੀ ਸਨ ਜੋ ਆਪਣੇ ਚਹੇਤੇ ਕਲਾਕਾਰ ਨੂੰ ਮਿਲ ਕੇ ਅੱਥਰੂਆਂ ਦੇ ਵਹਿਣ ਵਿੱਚ ਵਹਿ ਜਾਂਦੇ ਸਨ। ਸਾਲ 2014 ਕਾਨਜ਼ ਵਿਚ ਹੋਏ ਇੱਕ ਚੈਰਿਟੀ ਉਨ੍ਹਾਂ ਨੇ ਇੱਕ ਈਵੈਂਟ ਦੌਰਾਨ 545,000 ਡਾਲਰ ਏਡਜ਼ ਦੀ ਖੋਜ ਵਿੱਚ ਜੁਟੀ ਇੱਕ ਸੰਸਥਾ ਨੂੰ ਦਾਨ ਕੀਤੇ। ਬੀਬਰ ਨੇ ਬਾਅਦ ਵਿੱਚ ਦੱਸਿਆ ਕਿ ਉਹ ਕੁਝ ਚੰਗਾ ਕਰਨਾ ਚਾਹੁੰਦੇ ਸਨ। ਇਸੇ ਤਰ੍ਹਾਂ ਸਾਲ 2014 ਵਿੱਚ ਹੀ ਨਿਊ ਯਾਰਕ ਵਿੱਚ ਬੀਬਰ ਨੇ ਆਪਣੇ ਦੋ ਫੈਨਜ਼ ਨੂੰ ਐਪਲ ਦੇ ਆਈਫ਼ੋਨ ਖ਼ਰੀਦ ਕੇ ਦਿੱਤੇ। ਹੋਇਆ ਇਹ ਕਿ ਦੋਵੇਂ ਜਣੇ ਇੱਕ ਐਪਲ ਸਟੋਰ ਵਿੱਚ ਡਿਸਪਲੇ ਉੱਪਰ ਰੱਖੇ ਫ਼ੋਨਾਂ ਉੱਪਰ ਜਸਟਿਨ ਦਾ ਗੀਤ ਦੇਖ/ਸੁਣ ਰਹੇ ਸਨ। ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਜਸਟਿਨ ਵੀ ਉਥੇ ਮੌਜੂਦ ਹਨ ਅਤੇ ਦੇਖ ਚੁੱਕੇ ਸਨ ਕਿ ਉਹ ਕੀ ਕਰ ਰਹੇ ਸਨ। ਜਸਟਿਨ ਨੇ ਨਾ ਸਿਰਫ਼ ਉਨ੍ਹਾਂ ਨਾਲ ਤਸਵੀਰਾਂ ਖਿਚਵਾਈਆਂ ਸਗੋਂ ਉਨ੍ਹਾਂ ਨੂੰ ਦੋ ਆਈਫ਼ੋਨ ਵੀ ਖ਼ਰੀਦ ਕੇ ਦਿੱਤੇ। ਜਸਟਿਨ ਬੀਬਰ ਦੀ ਕਾਰ ਦਾ ਇੱਕ ਫ਼ੋਟੋਗ੍ਰਾਫ਼ਰ ਨਾਲ ਐਕਸੀਡੈਂਟ ਹੋਇਆ। ਹਾਲਾਂਕਿ ਹਾਦਸੇ ਤੋਂ ਬਾਅਦ ਉਹ ਮੌਕੇ ਅਤੇ ਬਣੇ ਰਹੇ ਪੀੜਤ ਵਿਅਕਤੀ ਦੀ ਕਾਰ ਵਿੱਚੋਂ ਨਿਕਲ ਕੇ ਮਦਦ ਕੀਤੀ ਅਤੇ ਅਧਿਕਾਰੀਆਂ ਨਾਲ ਸਹਿਯੋਗ ਵੀ ਕੀਤਾ। ਬੀਬਰ ਗੋਡਿਆਂ ਭਾਰ ਬੈਠ ਕੇ ਉਸ ਵਿਅਕਤੀ ਨੂੰ ਪੁੱਛ ਰਹੇ ਸਨ ਕਿ ਅਸੀਂ ਕਿਵੇਂ ਮਦਦ ਕਰ ਸਕਦੇ ਹਾਂ। ਹਾਲਾਂਕ ਇੱਕ ਵੱਖਰੇ ਮੌਕੇ 'ਤੇ ਆਪਣੇ ਬੁਰੇ ਵਿਹਾਰ ਕਾਰਨ ਉਨ੍ਹਾਂ ਦੇ ਚੀਨ ਜਾਣ ਉੱਪਰ ਪਾਬੰਦੀ ਝੱਲਣੀ ਪਈ। ਚੀਨ ਦੀ ਸੱਭਿਆਚਾਰਕ ਮੰਤਰਾਲੇ ਦਾ ਤਰਕ ਸੀ ਕਿ ਭਾਵੇਂ "ਬੀਬਰ ਇੱਕ ਪ੍ਰਤਿਭਾਸ਼ਾਲੀ ਗਾਇਕ ਹਨ ਪਰ ਉਹ ਇੱਕ ਵਿਵਾਦਤ ਵਿਦੇਸ਼ੀ ਗਾਇਕ ਵੀ ਹਨ"। ਮੰਤਰਾਲੇ ਨੇ ਉਮੀਦ ਜਤਾਈ ਕਿ ਬੀਬਰ ਆਪਣੇ ਭਾਸ਼ਾ ਅਤੇ ਕਾਰਜ ਸੁਧਾਰਨ ਲਈ ਕੰਮ ਕਰਨਗੇ।

# ਰੂਸ-ਯੂਕਰੇਨ ਜੰਗ ਦੇ ਸੌ ਦਿਨ



ਰੂਸ ਅਤੇ ਯੂਕਰੇਨ ਦਰਮਿਆਨ ਸ਼ੁਰੂ ਹੋਈ ਜੰਗ ਨੂੰ ਸੌ ਦਿਨ ਪੂਰੇ ਹੋ ਗਏ ਹਨ। ਵਿਆਪਕ ਤਬਾਹੀ ਅਤੇ ਦੁਨੀਆ ਭਰ ਵਿਚ ਇਸ ਦੇ ਆਰਥਿਕ ਅਤੇ ਸਮਾਜਿਕ ਅਸਰ ਦੇਖੇ ਜਾ ਸਕਦੇ ਹਨ। ਰੂਸ ਨੇ ਯੂਕਰੇਨ ਦੇ ਯੂਰੋਪੀਅਨ ਯੂਨੀਅਨ ਅਤੇ ਖ਼ਾਸ ਤੌਰ ’ਤੇ ਨਾਟੋ ਵੱਲ ਵਧਦੇ ਝੁਕਾਅ ਦੇ ਬਹਾਨੇ ਹਮਲਾ ਕੀਤਾ। ਰਾਸ਼ਟਰਪਤੀ ਵਲਾਦੀਮੀਰ ਪੂਤਿਨ ਪੂਰਬੀ ਯੂਰਪ ਦੇ ਹਿੱਸੇ ਵਿਚ ਰੂਸ ਦਾ ਦਬਦਬਾ ਬਹਾਲ ਕਰਨਾ ਚਾਹੁੰਦਾ ਹੈ। ਉਸ ਨੂੰ ਉਮੀਦ ਸੀ ਕਿ ਯੂਕਰੇਨ ਬਹੁਤ ਜਲਦੀ ਹਾਰ ਮੰਨ ਲਵੇਗਾ ਪਰ ਨਾਟੋ ਦੇਸ਼ਾਂ ਅਤੇ ਖ਼ਾਸ ਤੌਰ ਉੱਤੇ ਅਮਰੀਕਾ ਦੁਆਰਾ ਹਥਿਆਰ ਮੁਹੱਈਆ ਕਰਵਾਏ ਜਾਣ ਕਾਰਨ ਇਹ ਜੰਗ ਲੰਮੀ ਚੱਲਦੀ ਗਈ। ਯੂਕਰੇਨ ਦਾ ਰਾਸ਼ਟਰਪਤੀ ਵਲਾਦੀਮੀਰ ਜੈਲੇਂਸਕੀ ਅੰਤਿਮ ਦਮ ਤੱਕ ਲੜਾਈ ਲੜਨ ਦੀ ਰੌਂਅ ਵਿਚ ਹੈ। ਯੂਕਰੇਨ ਦੀ ਰਾਜਧਾਨੀ ਕੀਵ ਦੇ ਕੀਵ ਸਕੂਲ ਆਫ ਇਕਨਾਮਿਕਸ ਦੇ ਅਨੁਮਾਨ ਅਨੁਸਾਰ ਜੰਗ ਦੌਰਾਨ ਯੂਕਰੇਨ ਨੂੰ 92 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। 4.5 ਅਰਬ ਡਾਲਰ ਦੀਆਂ ਇਮਾਰਤਾਂ ਤਬਾਹ ਹੋਈਆਂ ਹਨ।



ਯੂਨੀਸੈਫ਼ ਦੀ ਰਿਪੋਰਟ ਮੁਤਾਬਿਕ ਜੰਗ ਦੌਰਾਨ 52 ਲੱਖ ਬੱਚਿਆਂ ਨੂੰ ਸਹਾਇਤਾ ਦੀ ਲੋੜ ਪਈ। 262 ਬੱਚੇ ਮਾਰੇ ਗਏ। ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਅਨਾਜ ਦਾ ਸੰਕਟ ਪੈਦਾ ਹੋ ਗਿਆ। ਲਗਭਗ 45 ਦੇਸ਼ਾਂ ਅੰਦਰ ਖ਼ੁਰਾਕੀ ਸੰਕਟ ਬੇਹੱਦ ਗਹਿਰਾ ਹੈ। ਇਸ ਜੰਗ ਨੇ ਭਾਰਤ ਵਿਚ ਮਹਿੰਗਾਈ ਅਤੇ ਆਰਥਿਕ ਸੰਕਟ ਵਧਾਉਣ ਵਿਚ ਵੀ ਭੂਮਿਕਾ ਨਿਭਾਈ ਹੈ। ਫੌਰਨ ਪੋਰਟਫੋਲੀਓ ਇਨਵੈਸਟਰਜ਼ ਅਨੁਸਾਰ ਜੰਗ ਦੇ ਲਗਭਗ ਸਾਢੇ ਤਿੰਨ ਮਹੀਨਿਆਂ ਦੌਰਾਨ ਵਿਦੇਸ਼ੀ ਕੰਪਨੀਆਂ ਨੇ ਭਾਰਤ ਤੋਂ ਇਕ ਲੱਖ ਕਰੋੜ ਰੁਪਏ ਖਿੱਚ ਲਏ ਹਨ। ਮੈਡੀਕਲ ਕੋਰਸਾਂ ਵਿਚ ਦਾਖ਼ਲ ਹੋਏ ਹਜ਼ਾਰਾਂ ਵਿਦਿਆਰਥੀਆਂ ਦੇ ਵਾਪਸ ਆਉਣ ਨੇ ਵਿਦਿਅਕ ਖੇਤਰ ਵਿਚ ਵੱਡੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ।

ਸੰਯੁਕਤ ਰਾਸ਼ਟਰ ਸੰਘ ਨੇ ਕਈ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿਚ ਜੰਗ ਬੰਦ ਕਰਵਾਉਣ ਅਤੇ ਜੰਗ ਦੌਰਾਨ ਪੀੜਤਾਂ ਦੀ ਮਦਦ ਕਰਨ ਦੇ ਉਪਰਾਲੇ ਕੀਤੇ ਗਏ। ਯੂਰੋਪ ਅਤੇ ਨਾਟੋ ਦੇਸ਼ਾਂ ਨੇ ਰੂਸ ਖ਼ਿਲਾਫ਼ ਜ਼ਬਰਦਸਤ ਆਰਥਿਕ ਪਾਬੰਦੀਆਂ ਲਗਾਈਆਂ ਪਰ ਹਾਲਾਤ ਸਾਧਾਰਨ ਵਰਗੇ ਨਹੀਂ ਹੋਏ। ਇਸ ਜੰਗ ਦੌਰਾਨ ਦੁਨੀਆ ਸਪੱਸ਼ਟ ਦੋ ਖੇਮਿਆਂ ਵਿਚ ਵੰਡੀ ਨਜ਼ਰ ਆਈ। ਕੌਮਾਂਤਰੀ ਪੱਧਰ ’ਤੇ ਆਰਥਿਕ ਮਹਾਸ਼ਕਤੀ ਵਜੋਂ ਉੱਭਰ ਰਹੇ ਚੀਨ ਨੇ ਰੂਸ ਦੀ ਹਮਾਇਤ ਕੀਤੀ ਹੈ। ਭਾਰਤ ਸਰਕਾਰ ਨੇ ਇਸ ਮਾਮਲੇ ਵਿਚ ਅਮਰੀਕਾ ਦਾ ਸਾਥ ਨਹੀਂ ਦਿੱਤਾ।

ਰੂਸ ਅਤੇ ਚੀਨ ਦੋ ਵੀਟੋ ਪਾਵਰ ਦੇਸ਼ ਇਕ ਪਾਸੇ ਹੋਣ ਕਰ ਕੇ ਨਾਟੋ ਨੇ ਇਸ ਮਾਮਲੇ ਵਿਚ ਸਿੱਧਾ ਦਖ਼ਲ ਦੇਣ ਤੋਂ ਗੁਰੇਜ਼ ਕੀਤਾ। ਦੂਸਰੀ ਸੰਸਾਰ ਜੰਗ ਤੋਂ ਬਾਅਦ ਦਾ ਤਜਰਬਾ ਸਭ ਦੇ ਸਾਹਮਣੇ ਹੈ ਕਿ ਹੁਣ ਕੋਈ ਦੇਸ਼ ਕਿਸੇ ਦੂਸਰੇ ਦੇਸ਼ ’ਤੇ ਫ਼ੌਜੀ ਤਾਕਤ ਦੇ ਜ਼ੋਰ ਕਬਜ਼ਾ ਬਣਾ ਕੇ ਨਹੀਂ ਰੱਖ ਸਕਦਾ। ਜੰਗ ਦੇ ਖ਼ਿਲਾਫ਼ ਵਿਸ਼ਵ ਲੋਕ ਰਾਇ ਕਾਇਮ ਕਰ ਕੇ ਜੰਗਬੰਦੀ ਦੀ ਮੰਗ ਉਭਾਰਨਾ ਸਮੇਂ ਦੀ ਲੋੜ ਹੈ। ਨਾ ਤੇ ਰੂਸ ਯੂਕਰੇਨ ਨੂੰ ਪੂਰੀ ਤਰ੍ਹਾਂ ਹਰਾ ਸਕਦਾ ਹੈ ਅਤੇ ਨਾ ਹੀ ਯੂਕਰੇਨ ਆਪਣੇ ਗੁਆਂਢੀ ਦੇਸ਼ ਨਾਲ ਲਗਾਤਾਰ ਲੜ ਸਕਦਾ ਹੈ। ਅਮਨ ਕਾਇਮ ਕਰਨ ਲਈ ਰੂਸ ਅਤੇ ਯੂਕਰੇਨ ਨੂੰ ਇਕ ਦੂਜੇ ਨੂੰ ਕੁਝ ਨਾ ਕੁਝ ਰਿਆਇਤਾਂ ਦੇਣੀਆਂ ਹੀ ਪੈਣੀਆਂ ਹਨ।

# ਆਪ੍ਰੇਸ਼ਨ ਬਲੂ ਸਟਾਰ- ਫੌਜੀ ਦਖਲ ਦੀ ਲੋੜ ਕਿਉਂ ਪਈ- ਇਕ ਜਰਨੈਲ ਦੀ ਜ਼ੁਬਾਨੀ

ਆਪਰੇਸ਼ਨ ਬਲੂ ਸਟਾਰ ਦੀ ਅਗਵਾਈ ਕਰਨ ਵਾਲੇ ਲੈਫ਼ਟੀਨੈਂਟ ਜਨਰਲ (ਰਿਟਾਇਰਡ) ਕੁਲਦੀਪ ਸਿੰਘ ਬਰਾੜ ਨੇ ਇੰਟਰਵਿਊ ਦੌਰਾਨ ਆਪਰੇਸ਼ਨ ਬਾਰੇ ਕਈ ਖ਼ਾਸ ਗੱਲਾਂ ਉਜਾਗਰ ਕੀਤੀਆਂ ਸਨ। (ਉਸ ਸਮੇਂ ਦੇ ਮੇਜਰ ਜਨਰਲ) ਕੀ ਕਹਿੰਦੇ ਹਨ। ਉਨ੍ਹਾਂ ਵੱਲੋਂ ਉਜਾਗਰ ਕੀਤੀਆਂ ਗਈਆਂ ਖ਼ਾਸ ਗੱਲਾਂ 'ਤੇ ਇੱਕ ਨਜ਼ਰ। ਜਨਰਲ ਬਰਾੜ ਨੇ ਕਿਹਾ ਸੀ ਕਿ ਜਦੋਂ ਉਹ 25 ਸਾਲ ਪਿੱਛੇ ਮੁੜ ਕੇ ਵੇਖਦੇ ਹਨ ਤਾਂ ਉਨ੍ਹਾਂ ਨੂੰ ਇਸ ਗੱਲ ਦਾ ਅਫ਼ਸੋਸ ਹੁੰਦਾ ਹੈ ਕਿ ਫੌਜ ਨੂੰ ਆਪਣੇ ਦੇਸਵਾਸੀਆਂ 'ਤੇ ਗੋਲੀਆਂ ਚਲਾਉਣੀਆਂ ਪਈਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਉਸ ਸਮੇਂ ਜਿਹੜੇ ਹਾਲਾਤ ਸਨ, ਉਸ 'ਚ ਕੁਝ ਵੀ ਗ਼ਲਤ ਨਹੀਂ ਹੋਇਆ। ਉਨ੍ਹਾਂ ਨੇ ਕਿਹਾ ਕਿ ਫੌਜੀ ਹਿੰਦੂ, ਸਿੱਖ ਜਾਂ ਮੁਸਲਮਾਨ ਨਹੀਂ ਹੁੰਦੇ ਸਗੋਂ ਦੇਸ ਦੇ ਰੱਖਿਅਕ ਹੁੰਦੇ ਹਨ। ਉਨ੍ਹਾਂ ਨੇ ਵਰਦੀ ਦੀ ਲਾਜ ਰੱਖਣੀ ਹੁੰਦੀ ਹੈ।

ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿੱਚ ਦਮਦਮੀ ਟਕਸਾਲ ਦੇ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖਾਂ ਦੇ ਮਸਲੇ ਬੇਬਾਕੀ ਨਾਲ ਚੁੱਕਣ ਕਾਰਨ ਸਿਆਸਤ ਦੇ ਕੇਂਦਰ ਬਿੰਦੂ ਬਣ ਚੁੱਕੇ ਸਨ। ਅਕਤੂਬਰ 1983ਵਿੱਚ ਢਿਲਵਾਂ ਬੱਸ ਕਾਂਡ ਦੌਰਾਨ 6 ਹਿੰਦੂ ਮਾਰੇ ਗਏ ਤੇ ਪੰਜਾਬ 'ਚ ਕਾਂਗਰਸ ਦੀ ਦਰਬਾਰਾ ਸਿੰਘ ਸਰਕਾਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ ਉੱਤੇ ਭੰਗ ਕਰ ਦਿੱਤਾ ਗਿਆ। ਪੰਜਾਬ ਵਿੱਚ ਹਿੰਸਾ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ ਤੇ 1984 ਵਿੱਚ ਜੂਨ ਤੱਕ ਹਿੰਸਕ ਵਾਰਦਾਤਾਂ ਵਿੱਚ ਦਰਜਨਾਂ ਆਮ ਲੋਕੀ ਮਾਰੇ ਅਤੇ ਪੁਲਿਸ ਮੁਲਾਜ਼ਮ ਮਾਰੇ ਜਾ ਚੁੱਕੇ ਸਨ। ਉਸ ਤੋਂ ਬਾਅਦ ਜੂਨ 1984 ਦੌਰਾਨ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤਾ ਗਿਆ ਹਮਲਾ 'ਆਪਰੇਸ਼ਨ ਬਲੂ ਸਟਾਰ' ਵਜੋਂ ਜਾਣਿਆਂ ਜਾਂਦਾ ਹੈ। ਸਰਕਾਰ ਮੁਤਾਬਕ ਇਹ ਹਮਲਾਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਅਕਾਲ ਤਖ਼ਤ ਉੱਤੇ ਕਬਜ਼ਾ ਕਰੀ ਬੈਠੇ ਹਥਿਆਰਬੰਦ ਖਾੜਕੂਆਂ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਚੋਂ ਕੱਢਣ ਲਈ ਕੀਤਾ ਗਿਆ। ਹਮਲੇ ਦੌਰਾਨ ਫੌਜ ਦੀ ਅਗਵਾਈ ਕਰ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਦਾਅਵਾ ਕਰਦੇ ਹਨ ਕਿ ਭਿੰਡਰਾਂਵਾਲੇ ਜਾਂ ਉਨ੍ਹਾਂ ਦੇ ਸਾਥੀ ਵੱਖਰੇ ਰਾਜ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਸਨ ਅਤੇ ਉਨ੍ਹਾਂ ਨੂੰ ਪਾਕਿਸਤਾਨੀ ਫੌਜ ਦੀ ਮਦਦ ਮਿਲ ਸਕਦੀ ਸੀ। ਇਸ ਲਈ ਫੌਜੀ ਐਕਸ਼ਨ ਕਰਨਾ ਜ਼ਰੂਰੀ ਸੀ। ਪਰ ਸਿੱਖ ਵਿਦਵਾਨ ਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਲਾਹਕਾਰ ਰਹੇ ਡਾਕਟਰ ਭਗਵਾਨ ਸਿੰਘ ਇਸ ਦਾਅਵੇ ਨੂੰ ਰੱਦ ਕਰਦੇ ਹਨ, ਉਨ੍ਹਾਂ ਮੁਤਾਬਕ ਇਹ ਯੋਜਨਾ ਪਹਿਲਾਂ ਗਿਣੀ-ਮਿਥੀ ਗਈ ਸੀ।ਕੁਝ ਸਿੱਖ ਆਗੂਆਂ ਮੁਤਾਬਕ ਇਸ ਹਮਲੇ ਰਾਹੀਂ ਦੇਸ਼ ਦੀਆਂ ਕੁਝ ਸਿਆਸੀ ਧਿਰਾਂ ਮੁਲਕ ਵਿੱਚ ਫਿਰਕੂ ਧਰੁਵੀਕਰਨ ਕਰਕੇ ਆਪਣੇ ਸਿਆਸੀ ਹਿੱਤ ਪੂਰਨਾ ਚਾਹੁੰਦੀਆਂ ਸਨ। ਸਰਕਾਰੀ ਵਾਈਟ ਪੇਪਰ ਮੁਤਾਬਕ ਹਮਲੇ 'ਚ 493 ਆਮ ਲੋਕ ਤੇ 83 ਫੌਜੀ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ। ਪੰਜਾਬ ਪੁਲਿਸ ਦੇ ਤਤਕਾਲੀਅਧਿਕਾਰੀ ਅਪਾਰ ਸਿੰਘ ਬਾਜਵਾ ਨੇ ਬੀਬੀਸੀ ਨੂੰ 2004 ਵਿੱਚ ਦੱਸਿਆ ਸੀ ਕਿ ਉਨ੍ਹਾਂ 800 ਲਾਸ਼ਾਂ ਆਪ ਗਿਣੀਆਂ ਸਨ। ਜਦਕਿ ਮਨੁੱਖੀ ਅਧਿਕਾਰ ਕਾਰਕੁਨ ਇੰਦਰਜੀਤ ਸਿੰਘ ਜੇਜੀ ਅਤੇ ਕਈ ਹੋਰ ਮੰਨੇ-ਪ੍ਰਮੰਨੇ ਪੱਤਰਕਾਰ ਤੇ ਵਿਦਵਾਨ ਮ੍ਰਿਤਕਾਂ ਦੀ ਗਿਣਤੀ 4,000 ਤੋਂ 5,000 ਦੱਸਦੇ ਹਨ। ਇਹ ਲੜੀ 2018 ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ। ਜਨਰਲ ਬਰਾੜ ਤੁਸੀਂ ਆਪਣੀ ਕਿਤਾਬ ਵਿੱਚ ਜ਼ਿਕਰ ਕੀਤਾ ਹੈ ਕਿ ਇਸ ਆਪਰੇਸ਼ਨ ਬਾਰੇ ਤੁਹਾਨੂੰ ਨਹੀਂ ਪਤਾ ਸੀ। ਉਸ ਸਮੇਂ ਤੁਸੀਂ ਕਿੱਥੇ ਸੀ। ਮੈਂ ਮੇਰਠ ਵਿੱਚ ਸੀ ਅਤੇ 90 ਇਨਫੈਂਟਰੀ ਡਿਵੀਜ਼ਨ ਨੂੰ ਕਮਾਂਡ ਕਰ ਰਿਹਾ ਸੀ। 30 ਮਈ ਨੂੰ ਫੋਨ ਆਇਆ ਕਿ ਮੈ ਇੱਕ ਜੂਨ ਨੂੰ ਚੰਡੀ ਮੰਦਿਰ ਇੱਕ ਬੈਠਕ ਲਈ ਪਹੁੰਚਣਾ ਹੈ ਜਦਕਿ ਉਸੇ ਸ਼ਾਮ ਸਾਡਾ ਪ੍ਰੋਗਰਾਮ ਫਿਲੀਪੀਨਜ਼ ਦੀ ਰਾਜਧਾਨੀ ਮਨੀਲਾ ਜਾਣ ਦਾ ਸੀ। ਟਿਕਟਾਂ ਬੁੱਕ ਹੋ ਚੁੱਕੀਆਂ ਸਨ ਪਰ ਇਸ ਪ੍ਰੋਗਰਾਮ ਨੂੰ ਰੱਦ ਕਰਨਾ ਪਿਆ। ਪੁਲਿਸ ਅਤੇ ਸੂਬੇ ਦੀ ਮਸ਼ੀਨਰੀ ਕੰਮ ਨਹੀਂ ਕਰ ਰਹੀ। ਇਸ ਹਾਲਾਤ ਨੂੰ ਜਲਦੀ ਤੋਂ ਜਲਦੀ ਠੀਕ ਕਰਨਾ ਹੈ, ਨਹੀਂ ਤਾਂ ਪੰਜਾਬ ਭਾਰਤ ਹੱਥੋਂ ਨਿਕਲ ਜਾਵੇਗਾ। ਇਸ ਤੋਂ ਬਾਅਦ ਮੈਂ ਅੰਮ੍ਰਿਤਸਰ ਪਹੁੰਚਿਆ। ਉਸ ਸਮੇਂ ਮੈਨੂੰ ਕੁਝ ਵੀ ਪਤਾ ਨਹੀਂ ਸੀ ਕਿ ਦਰਬਾਰ ਸਾਹਿਬ ਵਿੱਚ ਕੀ ਹੋ ਰਿਹਾ ਹੈ ਕਿ ਅਤੇ ਕੀ ਨਹੀਂ ਹੋ ਰਿਹਾ।ਇਨ੍ਹਾਂ ਹਾਲਤਾਂ ਵਿੱਚ ਮੈਂ ਆਪਣੀ ਰਣਨੀਤੀ ਸ਼ੁਰੂ ਕੀਤੀ।



**ਤੁਹਾਨੂੰ ਬ੍ਰੀਫ ਵਿੱਚ ਆਪਰੇਸ਼ਨ ਦੇ ਕੀ ਉਦੇਸ਼ ਦਿੱਤੇ ਗਏ ਸੀ?**

ਮੈਨੂੰ ਦੱਸਿਆ ਗਿਆ ਸੀ ਕਿ ਹਾਲਾਤ ਐਨੇ ਖ਼ਰਾਬ ਹੋ ਗਏ ਹਨ ਕਿ ਅਗਲੇ ਦੋ-ਚਾਰ ਦਿਨ ਵਿੱਚ ਖ਼ਾਲਿਸਤਾਨ ਦਾ ਐਲਾਨ ਹੋ ਜਾਵੇਗਾ। ਜਿਸ ਤੋਂ ਬਾਅਦ ਪੰਜਾਬ ਪੁਲਿਸ ਖਾਲਿਸਤਾਨੀਆਂ ਨਾਲ ਮਿਲ ਜਾਵੇਗੀ। ਫਿਰ ਦਿੱਲੀ ਅਤੇ ਹਰਿਆਣਾ ਵਿੱਚ ਜਿਹੜੇ ਸਿੱਖ ਹਨ ਉਹ ਤੁਰੰਤ ਪੰਜਾਬ ਵੱਲ ਵਧਣਗੇ। ਸਾਲ 1947 ਦੀ ਤਰ੍ਹਾਂ ਦੰਗੇ ਹੋ ਸਕਦੇ ਹਨ। ਪਾਕਿਸਤਾਨ ਵੀ ਸਰਹੱਦ ਪਾਰ ਕਰ ਸਕਦਾ ਹੈ, ਯਾਨਿ ਪਾਕਿਸਤਾਨ ਦੇ ਬੰਗਾਲਦੇਸ਼ ਤੋਂ ਵੱਖ ਹੋਣ ਦੀ ਘਟਨਾ ਭਾਰਤ ਵਿੱਚ ਦੁਹਰਾਈ ਜਾ ਸਕਦੀ ਹੈ। ਅਜਿਹੇ ਵਿੱਚ ਫੌਜ ਲਈ ਬਹੁਤ ਔਖਾ ਕੰਮ ਸੀ। ਦੰਗੇ, ਖਾਲਿਸਤਾਨ ਦੇ ਸੰਭਾਵਿਤ ਐਲਾਨ ਅਤੇ ਪਾਕਿਸਤਾਨੀ ਫੌਜ ਨੂੰ ਸਰਹੱਦ ਅੰਦਰ ਆਉਣ ਤੋਂ ਰੋਕਣਾ। ਹਾਲਾਂਕਿ ਇਸ ਸਾਰੇ ਹਾਲਾਤ ਨੂੰ ਦੇਖਦੇ ਹੋਏ ਉਸ ਸਮੇਂ ਦੀ ਪ੍ਰਧਾਨ ਮੰਤਰੀ ਨੇ ਕੋਸ਼ਿਸ਼ ਕੀਤੀ ਕਿ ਕਿਸੇ ਤਰ੍ਹਾਂ ਦਾ ਸਮਝੌਤਾ ਹੋ ਜਾਵੇ। ਪਰ ਜਦੋਂ ਕੋਈ ਸਮਝੌਤਾ ਨਾ ਹੋ ਸਕਿਆ ਤਾਂ ਉਨ੍ਹਾਂ ਨੇ ਫ਼ੈਸਲਾ ਲਿਆ ਕਿ ਹੁਣ ਕਾਰਵਾਈ ਕੀਤੀ ਜਾਵੇਗੀ ਅਤੇ ਹਰਿਮੰਦਰ ਸਾਹਿਬ ਨੂੰ ਭਿੰਡਰਾਂਵਾਲੇ ਦੇ ਹੱਥੋਂ ਕੱਢਿਆ ਜਾਵੇ। ਬੜਾ ਨਾਜ਼ੁਕ ਮਾਮਲਾ ਸੀ, ਮੈਨੂੰ ਕਿਹਾ ਗਿਆ ਸੀ ਕਿ ਆਪਰੇਸ਼ਨ ਵਿੱਚੋਂ ਘੱਟ ਤੋਂ ਘੱਟ ਲੋਕਾਂ ਦਾ ਨੁਕਸਾਨ ਹੋਣਾ ਚਾਹੀਦਾ ਹੈ। ਹਰਿ-ਮੰਦਰ ਸਾਹਿਬ ਦਾ ਵੀ ਘੱਟ ਤੋਂ ਘੱਟ ਨੁਕਸਾਨ ਹੋਵੇ।

**ਪੰਜ ਜੂਨ ਦਾ ਦਿਨ ਹੀ ਕਿਉਂ ਚੁਣਿਆ ਗਿਆ?**

ਜਵਾਨਾਂ ਨੂੰ ਦੱਸਿਆ ਕਿ ਹਾਲਾਤ ਕਿੰਨੇ ਖ਼ਰਾਬ ਹੋ ਗਏ ਹਨ। ਸਾਨੂੰ ਅੰਦਰ ਜਾਣਾ ਹੀ ਪਵੇਗਾ ਅਤੇ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਕਿਸੇ ਪਵਿੱਤਰ ਥਾਂ 'ਤੇ ਜਾ ਕੇ ਉਸ ਨੂੰ ਬਰਬਾਦ ਕਰ ਰਹੇ ਹਾਂ। ਸਗੋਂ ਅਸੀਂ ਉਸਦੀ ਹਿਫ਼ਾਜ਼ਤ ਕਰਨ ਜਾ ਰਹੇ ਹਾਂ। ਯੋਜਨਾ ਬਣਾਉਣ ਅਤੇ ਫੌਜ ਨੂੰ ਪੁੱਜਣ ਵਿੱਚ ਸਮਾਂ ਲੱਗ ਜਾਂਦਾ ਹੈ। ਫੌਜੀਆਂ ਨੇ ਮੇਰਠ, ਜਲੰਧਰ ਅਤੇ ਦਿੱਲੀ ਤੋਂ ਆਉਣਾ ਸੀ, ਫਿਰ ਉਨ੍ਹਾਂ ਨੂੰ ਤੈਨਾਤ ਕਰਨਾ ਸੀ। ਇਹ ਪਤਾ ਲਗਾਉਣਾ ਸੀ ਕਿ ਅੱਤਵਾਦੀ ਕਿੱਥੇ-ਕਿੱਥੇ ਹਨ। ਉਨ੍ਹਾਂ ਕੋਲ ਕਿਹੜੇ ਹਥਿਆਰ ਹਨ। ਯੋਜਨਾ ਬਣਾਉਣ ਵਿੱਚ ਸਮਾਂ ਤਾਂ ਲਗਦਾ ਹੀ ਹੈ।

**ਕੀ ਤੁਹਾਨੂੰ ਕੁਝ ਖ਼ੁਫੀਆ ਜਾਣਕਾਰੀ ਮਿਲ ਰਹੀ ਸੀ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਕਿਸ ਤਰ੍ਹਾਂ ਦੀ ਤਿਆਰੀ ਸੀ। ਕੁਝ ਅੰਦਾਜ਼ਾ ਸੀ?**

ਨਹੀਂ ਪਹਿਲਾਂ ਤੋਂ ਕੋਈ ਜਾਣਕਾਰੀ ਨਹੀਂ ਸੀ। ਜਦੋਂ ਉੱਥੇ ਪੁੱਜਿਆ ਤਾਂ ਹਾਲਾਤਾਂ ਤੋਂ ਜਾਣੂ ਹੋਇਆ। ਪੁਲਿਸ ਵਾਲੇ ਨਜ਼ਰ ਨਹੀਂ ਆ ਰਹੇ ਸੀ। ਬਹੁਤ ਹੀ ਘੱਟ ਗਿਣਤੀ ਵਿੱਚ ਸੀ। ਅਸੀਂ ਤਿਆਰੀ ਸ਼ੁਰੂ ਕੀਤੀ ਅਤੇ ਇੱਕ ਸਿੱਖ ਅਫ਼ਸਰ ਨੂੰ ਸਾਦੇ ਕੱਪੜਿਆਂ ਵਿੱਚ ਸ਼ਰਧਾਲੂ ਦੇ ਰੂਪ 'ਚ ਅੰਦਰ ਭੇਜਿਆ ਅਤੇ ਜੋ ਉਹ ਦੇਖ ਸਕਦੇ ਸੀ ਉਸਦੀ ਜਾਣਕਾਰੀ ਦਿੱਤੀ। ਨਾਲ ਹੀ ਹਰਿਮੰਦਰ ਸਾਹਿਬ ਦੇ ਬਾਹਰ ਦੇ ਮਕਾਨਾਂ ਦੀਆਂ ਛੱਤਾਂ ਤੋਂ ਦੂਰਬੀਨ ਦੀ ਮਦਦ ਨਾਲ ਸਥਿਤੀ ਦਾ ਜਾਇਜ਼ਾ ਲਿਆ। ਅਸੀਂ ਪੰਜ ਜੂਨ ਦੀ ਰਾਤ ਨੂੰ ਅੰਦਰ ਗਏ ਸੀ। ਇਸ ਲਈ ਪੰਜ ਜੂਨ ਦੀ ਸਵੇਰ ਹੀ ਮੈਂ ਫੌਜੀਆਂ ਨੂੰ ਆਪਰੇਸ਼ਨ ਬਾਰੇ ਦੱਸਿਆ। ਉਸ ਤੋਂ ਪਹਿਲਾਂ ਨਹੀਂ ਦੱਸਿਆ ਗਿਆ, ਜੇਕਰ ਇਸਦੀ ਗੱਲ ਬਾਹਰ ਚਲੀ ਜਾਂਦੀ ਤਾਂ ਇਹ ਆਪਰੇਸ਼ਨ ਆਪਣੇ ਅੰਜਾਮ ਤੱਕ ਨਹੀਂ ਪਹੁੰਚ ਸਕਦਾ ਸੀ।

ਪੂਰੇ ਪੰਜਾਬ ਵਿੱਚ ਇਹ ਗੱਲ ਫੈਲ ਜਾਂਦੀ ਕਿ ਫੌਜ ਅੰਦਰ ਜਾਣ ਵਾਲੀ ਹੈ। ਇਸ ਲਈ ਜਿੰਨੀ ਦੇਰ ਨਾਲ ਜਾਣਕਾਰੀ ਦੇ ਸਕਦੇ ਸੀ, ਦਿੱਤੀ। ਪੰਜ ਜੂਨ ਨੂੰ ਸਵੇਰੇ ਸਾਢੇ ਚਾਰ ਵਜੇ ਹਰ ਇੱਕ ਬਟਾਲੀਅਨ ਦੇ ਕੋਲ ਜਾ ਕੇ ਕਰੀਬ ਅੱਧੇ ਘੰਟੇ ਤੱਕ ਉਨ੍ਹਾਂ ਦੇ ਜਵਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੂੰ ਦੱਸਿਆ ਕਿ ਹਾਲਾਤ ਕਿੰਨੇ ਖਰਾਬ ਹੋ ਗਏ ਹਨ। ਸਾਨੂੰ ਅੰਦਰ ਜਾਣਾ ਹੀ ਹੋਵੇਗਾ। ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਹਿੰਦੂ, ਸਿੱਖ, ਮੁਸਲਮਾਨ ਜਾਂ ਪਾਰਸੀ ਹਾਂ। ਉਨ੍ਹਾਂ ਨੂੰ ਸਮਝਾਇਆ ਕਿ ਪੰਜਾਬ ਵੱਖਰਾ ਹੋ ਸਕਦਾ ਹੈ ਅਤੇ ਇਸ ਨਾਲ ਦੇਸ ਦੀ ਵੰਡ ਹੋ ਸਕਦੀ ਹੈ। ਮੈਂ ਕਿਹਾ ਕਿ ਜਦੋਂ ਅਸੀਂ ਇੱਕ ਵਾਰ ਵਰਦੀ ਪਾ ਲਈ ਹੈ ਅਤੇ ਕਸਮ ਖਾ ਲਈ ਹੈ ਤਾਂ ਦੇਸ ਦੀ ਰੱਖਿਆ ਕਰਨੀ ਹੈ। ਸਾਨੂੰ ਜੋ ਹੁਕਮ ਮਿਲਿਆ ਹੈ, ਉਸਦਾ ਪਾਲਣ ਕਰਨਾ ਹੈ।

ਮੈਂ ਪੁੱਛਿਆ ਕਿ ਜੇਕਰ ਕੋਈ ਜਵਾਨ ਇਹ ਸੋਚਦਾ ਹੈ ਕਿ ਉਸ ਨੇ ਅੰਦਰ ਨਹੀਂ ਜਾਣਾ ਹੈ ਤਾਂ ਉਹ ਕਹਿ ਦੇਵੇ, ਉਸ ਨੂੰ ਇਸ ਕਾਰਵਾਈ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ ਅਤੇ ਉਸ ਖ਼ਿਲਾਫ਼ ਕੋਈ ਐਕਸ਼ਨ ਨਹੀਂ ਹੋਵੇਗਾ। ਕਿਸੇ ਨੇ ਕੁਝ ਨਹੀਂ ਕਿਹਾ, ਪਰ ਚੌਥੀ ਬਟਾਲੀਅਨ ਵਿੱਚ ਇੱਕ ਸਿੱਖ ਖੜ੍ਹਾ ਹੋਇਆ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇਕਰ ਤੁਸੀਂ ਅੰਦਰ ਨਹੀਂ ਜਾਣਾ ਤਾਂ ਤੁਸੀਂ ਹਿੱਸਾ ਲੈਣ ਤੋਂ ਮੁਕਤ ਹੋ ਅਤੇ ਤੁਹਾਡੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਵੇਗੀ। ਪਰ ਉਸ ਸਿੱਖ ਅਧਿਕਾਰੀ ਨੇ ਕਿਹਾ,''ਤੁਸੀਂ ਮੈਨੂੰ ਗ਼ਲਤ ਸਮਝ ਰਹੇ ਹੋ। ਮੈਂ ਸਭ ਤੋਂ ਪਹਿਲੀ ਟੁਕੜੀ ਵਿੱਚ ਅੰਦਰ ਜਾਣਾ ਚਾਹੁੰਦਾ ਹਾਂ।'' ''ਤੁਸੀਂ ਮੈਨੂੰ ਅੰਦਰ ਭੇਜੋ।'' ਮੈਂ ਹੁਕਮ ਦਿੱਤਾ ਕਿ ਉਨ੍ਹਾਂ ਦੀ ਪਲਟਨ ਸਭ ਤੋਂ ਪਹਿਲਾਂ ਅਤੇ ਅੱਗੇ ਜਾਵੇਗੀ ਅਤੇ ਅਜਿਹਾ ਹੀ ਹੋਇਆ।'' ਉਸ ਸ਼ੁਰੂਆਤੀ ਹਮਲੇ ਵਿੱਚ ਮਸ਼ੀਨਗੰਨ ਦੀ ਫਾਇਰਿੰਗ ਨਾਲ ਉਨ੍ਹਾਂ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਖ਼ੂਨ ਵਗ ਰਿਹਾ ਸੀ ਫਿਰ ਵੀ ਉਹ ਅੱਗੇ ਵਧਦਾ ਰਿਹਾ। ਬਾਹਰ ਐਂਬੂਲੈਂਸ ਖੜ੍ਹੀ ਸੀ ਅਤੇ ਉਸ ਨੂੰ ਜ਼ਬਰਦਸਤੀ ਫੜ ਕੇ ਵਾਪਿਸ ਲਿਆਂਦਾ ਗਿਆ।

**ਆਪਰੇਸ਼ਨ ਕਿੰਨੇ ਵਜੇ ਸ਼ੁਰੂ ਹੋਇਆ। ਕਦੋਂ ਫੌਜ ਦੀ ਪਹਿਲੀ ਟੁਕੜੀ ਭੇਜੀ ਗਈ**

ਅਸੀਂ ਆਪਰੇਸ਼ਨ ਸ਼ਾਮ ਨੂੰ ਸੱਤ ਵਜੇ ਸ਼ੁਰੂ ਕਰਨਾ ਚਾਹੁੰਦੇ ਸੀ। ਇਸ ਲਈ ਅਸੀਂ ਪੰਜ ਵਜੇ ਤੋਂ ਹੀ ਲਾਊਡਸਪੀਕਰ ਜ਼ਰੀਏ ਇਹ ਐਲਾਨ ਸ਼ੁਰੂ ਕਰ ਦਿੱਤਾ ਕਿ ਜਿਹੜੇ ਲੋਕ ਬਾਹਰ ਨਿਕਲਣਾ ਚਾਹੁੰਦੇ ਹਨ, ਨਿਕਲ ਜਾਣ। ਅਸੀਂ ਸਭ ਚਾਹੁੰਦੇ ਸੀ ਕਿ ਜਿਹੜੇ ਲੋਕ ਬੇਗੁਨਾਹ ਹਨ ਉਨ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਪਰ ਕੋਈ ਨਹੀਂ ਆਇਆ, ਫਿਰ ਅਸੀਂ ਸੱਤ ਵਜੇ ਐਲਾਨ ਕੀਤਾ ਪਰ ਕੋਈ ਨਹੀਂ ਆਇਆ। ਉਦੋਂ ਅਸੀਂ ਆਪਰੇਸ਼ਨ ਦਾ ਸਮਾਂ ਵਧਾ ਕੇ ਅੱਠ ਵਜੇ ਕਰ ਦਿੱਤਾ। ਫਿਰ 9 ਵਜੇ ਵੀ ਐਲਾਨ ਕੀਤਾ। ਉਸ ਸਮੇਂ 8 ਤੋਂ 10 ਬਜ਼ੁਰਗ ਬਾਹਰ ਨਿਕਲੇ। ਉਨ੍ਹਾਂ ਦਾ ਕਹਿਣਾ ਸੀ ਕਿ ਦੂਜੇ ਲੋਕ ਆਉਣਾ ਚਾਹੁੰਦੇ ਹਨ ਪਰ ਆਉਣ ਨਹੀਂ ਦਿੱਤਾ ਜਾ ਰਿਹਾ। ਉਦੋਂ ਅਸੀਂ ਸੋਚਿਆ ਕਿ ਜੇਕਰ ਹੋਰ ਉਡੀਕ ਕੀਤੀ ਤਾਂ ਰਾਤ ਨਿਕਲ ਜਾਵੇਗੀ ਅਤੇ ਜਦੋਂ ਦਿਨ ਚੜ੍ਹੇਗਾ ਤਾਂ ਇਹ ਗੱਲ ਪੰਜਾਬ ਦੇ ਕੋਨੇ-ਕੋਨੇ ਤੱਕ ਫੈਲ ਜਾਵੇਗੀ। ਉਦੋਂ ਲੱਖਾਂ ਸਿੱਖ ਆਪਣੀਆਂ ਬੰਦੂਕਾਂ ਅਤੇ ਤਲਵਾਰਾਂ ਲੈ ਕੇ ਇੱਥੇ ਆ ਜਾਣਗੇ। ਸਵੇਰ ਤੱਕ ਆਪਰੇਸ਼ਨ ਖ਼ਤਮ ਨਹੀਂ ਹੋਇਆ ਤਾਂ ਫੌਜ ਲਈ ਮੁਸ਼ਕਿਲ ਪੈਦਾ ਹੋ ਜਾਵੇਗੀ। ਇਸ ਲਈ ਸਾਢੇ ਨੌਂ ਵਜੇ ਦੇ ਕਰੀਬ ਆਪਰੇਸ਼ਨ ਦੀ ਸ਼ੁਰੂਆਤ ਹੋਈ।

**ਕਿਸ ਸਮੇਂ ਤੁਹਾਨੂੰ ਲੱਗਿਆ ਕਿ ਚੀਜ਼ਾਂ ਯੋਜਨਾਬੱਧ ਨਹੀਂ ਚੱਲ ਰਹੀਆਂ ਅਤੇ ਫੌਜ ਨੂੰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ?**

ਪਹਿਲੇ 45 ਮਿੰਟ ਵਿੱਚ ਉਨ੍ਹਾਂ ਦੀ ਤਾਕਤ, ਹਥਿਆਰ ਅਤੇ ਯੋਜਨਾ ਬਾਰੇ ਪਤਾ ਲੱਗ ਗਿਆ ਕਿ ਉਨ੍ਹਾਂ ਦੀ ਤਿਆਰੀ ਕਾਫ਼ੀ ਚੰਗੀ ਹੈ। ਅਜਿਹੇ ਵਿੱਚ ਇਹ ਆਪਰੇਸ਼ਨ ਐਨਾ ਸੌਖਾ ਨਹੀਂ ਹੋਵੇਗਾ। ਸਾਡੀ ਕੋਸ਼ਿਸ਼ ਸੀ ਕਿ ਕਮਾਂਡੋ ਅਕਾਲ ਤਖ਼ਤ ਵੱਲ ਜਾਣ। ਇਸ ਲਈ ਸਨ ਗ੍ਰੇਨੇਡ ਸੁੱਟੇ ਗਏ।ਜਿਸ ਨਾਲ ਆਦਮੀ ਮਰਦਾ ਨਹੀਂ ਹੈ ਪਰ ਅੱਖਾਂ 'ਚ ਅੱਥਰੂ ਆ ਜਾਂਦੇ ਹਨ ਤਾਂ ਜੋ ਓਨੀ ਦੇਰ 'ਚ ਕਮਾਂਡੋ ਅੰਦਰ ਚਲੇ ਜਾਣ। ਪਰ ਹਰ ਦਰਵਾਜ਼ੇ ਅਤੇ ਖਿੜਕੀ 'ਤੇ ਸੈਂਡਬੈਗ ਲੱਗੇ ਹੋਏ ਸੀ।

ਇਸ ਲਈ ਇਸਦਾ ਕੋਈ ਅਸਰ ਨਹੀਂ ਹੋ ਰਿਹਾ ਸੀ। ਬਲਕਿ ਇਹ ਸਨ ਗ੍ਰੇਨੇਡ ਸਾਡੇ ਹੀ ਜਵਾਨਾਂ 'ਤੇ ਆ ਰਹੇ ਸੀ। ਫਿਰ ਲੋੜ ਮੁਤਾਬਕ ਸਮੇਂ-ਸਮੇਂ 'ਤੇ ਰਣਨੀਤੀ 'ਚ ਬਦਲਾਅ ਕੀਤਾ ਜਾਂਦਾ ਰਿਹਾ।





ਭਗਵੰਤ ਮਾਨ ਵੱਲੋਂ ਸਿਹਤ ਮੰਤਰੀ ਵਿਜੇ ਕੁਮਾਰ ਸਿੰਗਲਾ ਨੂੰ ਪਾਰਟੀ ਚੋਂ ਕੱਢਣ ਦਾ ਮਾਮਲਾ ਪੰਜਾਬ ਵਿਚ ਚਰਚਾ ਦਾ ਵਿਸ਼ਾ ਬਣਿਆ ਹੈ ਕਿਉਂਕਿ ਇਕ ਭ੍ਰਿਸ਼ਟ ਨੇਤਾ ਨੂੰ ਪਾਰਟੀ ਵਿਚੋਂ ਕੱਢਣ ਦਾ ਫ਼ੈਸਲਾ ਇਤਿਹਾਸਕ ਫ਼ੈਸਲਾ ਬਣ ਗਿਆ ਹੈ । ਇਸ ਸਬੰਧੀ ਧਨੌਲਾ ਦੇ ਚਿੱਤਰਕਾਰ ਭੁਪਿੰਦਰ ਸਿੰਘ ਧਾਲੀਵਾਲ ਨੇ ਕਾਰਟੂਨ ਬਣਾ ਕੇ ਇੱਕ ਕਰਾਰੀ ਚੋਟ ਵਿਅੰਗ ਕੀਤੀ ਹੈ।

**ਫੋਟੋ ਤੇ ਵੇਰਵਾ ਸੰਜੀਵ ਗਰਗ ਕਾਲੀ**

# ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਗਾਏ ਬੂਟੇ

ਧਨੌਲਾ ਮੰਡੀ / ਸੰਜੀਵ ਗਰਗ ਕਾਲੀ : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਰਾਮਸਰ ਸਾਹਿਬ ਪਾਤਸਾਹੀ ਦਸਵੀਂ ਧਨੌਲਾ ਵਿਖੇ ਰੱਬੀ ਪੈਗਾਮ ਟਰੱਸਟ ਧਨੌਲਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਫਲਦਾਰ ਫੁੱਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ ਗੱਲਬਾਤ ਕਰਦਿਆਂ ਰੱਬੀ ਧਨੌਲਾ ਨੇ ਕਿਹਾ ਕਿ ਜਦੋਂ ਗਲੋਵਲ ਵਾਰਮਿੰਗ ਕਰਕੇ ਧਰਤੀ 'ਤੇ ਵਧ ਰਹੀ ਤਪਸ ਬਾਰੇ ਚਿੰਤਨਸ਼ੀਲ ਲੋਕ ਚਿੰਤਾ ਵਿੱਚ ਹਨ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਇੱਕ ਖੁਸਕ ਇਲਾਕਾ ਬਣ ਜਾਵੇਗਾ । ਰੱਬੀ ਧਨੌਲਾ ਨੇ ਦੱਸਿਆ ਕਿ ਉਹਨਾਂ ਨੇ ਟਰੱਸਟ ਵਾਤਾਵਰਨ ਦੀ ਸੰਭਾਲ ਲਈ ਹੀ ਬਣਾਇਆ ਹੈ। ਜਿਸ ਵਿੱਚ ਉਹ ਅਤੇ ਉਹਨਾਂ ਦੀ ਸਮੁੱਚੀ ਟੀਮ ਬੂਟੇ ਲਗਾਉਣ ਲਈ ਲਗਾਤਾਰ ਕਾਰਜਸੀਲ ਹੈ। ਉਹਨਾਂ ਨੇ ਕਿਹਾ ਕਿ ਸਰਕਾਰ ਵਾਤਾਵਰਨ ਦੀ ਸੰਭਾਲ ਲਈ ਯੋਜਨਾਂਬੰਦੀ ਕਰੇ। ਸਰਕਾਰ ਜੋ ਪੰਚਾਇਤੀ ਜਮੀਨਾਂ ਛੁਡਵਾ ਰਹੀ ਹੈ, ਉੱਥੇ ਪੂਰੀ ਜਮੀਨ ਦੇ ਕੁਝ ਪ੍ਰਤੀਸਤ ਹਿੱਸੇ 'ਤੇ ਜੰਗਲ ਲਗਾਉਣਾ ਲਾਜਮੀ ਕਰੇ। ਇਸ ਕੰਮ ਲਈ ਰੱਬੀ ਪੈਗਾਮ ਟਰੱਸਟ ਧਨੌਲਾ ਸਰਕਾਰ ਨੂੰ ਸਹਿਯੋਗ ਦੇਵੇਗਾ। ਪੰਜਾਬ ਵਿੱਚ ਜਿੱਥੇ ਕਿਤੇ ਵੀ ਪੰਚਾਇਤੀ ਜਮੀਨ ਹੈ, ਉਹ ਉੱਥੇ ਜੰਗਲ ਲਗਾਉਣ ਲਈ ਆ-ਪਣੀਆਂ ਸੇਵਾਵਾਂ ਦੇਣਗੇ। ਇਸ ਮੌਕੇ ਰੱਬੀ ਸਿੰਘ ਧਨੌਲਾ ਦੇ ਨਾਲ ਵਾਤਾਵਰਨ ਪ੍ਰੇਮੀ ਮੋਹਨ ਸਿੰਘ ਖਾਲਸਾ, ਅੰਮ੍ਰਿਤਪਾਲ ਸਿੰਘ , ਹਰਿੰਦਰ ਜੀਤ ਸਿੰਘ ਢੀਂਡਸਾ, ਜਗਤਾਰ ਸਿੰਘ ਦਾਨਗੜ੍ਹ , ਸੁਖਰਾਜ ਸਿੰਘ, ਜਸਪ੍ਰੀਤ ਸਿੰਘ ਜੱਸੀ ਆਦਿ ਹਾਜ਼ਰ ਸਨ।






# ਇਨ੍ਹਾਂ ਸਮੱਸਿਆਵਾਂ ਤੋਂ ਪੀੜਤ ਲੋਕ ਦੁੱਧ ਤੋਂ ਬਚਣ



ਦੁੱਧ ਵਿੱਚ ਕੈਲਸ਼ੀਅਮ, ਵਿਟਾਮਿਨ ਏ, ਕੇ ਅਤੇ ਬੀ12 ਦੇ ਨਾਲ, ਥਾਈਮਿਸ ਅਤੇ ਨਿਕੋਟਿਨਿਕ ਐਸਿਡ ਵਰਗੇ ਕਈ ਤੱਤ ਮੌਜੂਦ ਹੁੰਦੇ ਹਨ। ਇਹੀ ਕਾਰਨ ਹੈ ਕਿ ਦੁੱਧ ਨੂੰ ਬੱਚਿਆਂ ਤੋਂ ਲੈ ਕੇ ਵੱਡਿਆਂ ਲਈ ਸੰਪੂਰਨ ਭੋਜਨ ਮੰਨਿਆ ਜਾਂਦਾ ਹੈ। ਰੋਜ਼ਾਨਾ ਦੁੱਧ ਪੀਣ ਨਾਲ ਸਰੀਰ ਨੂੰ ਐਨਰਜੀ ਮਿਲਦੀ ਹੈ, ਕਈ ਜ਼ਰੂਰੀ ਪੋਸ਼ਣ ਵੀ ਪੂਰੇ ਹੁੰਦੇ ਹਨ ਅਤੇ ਕਮਜ਼ੋਰੀ ਵੀ ਦੂਰ ਹੁੰਦੀ ਹੈ ਪਰ ਦੂਜੇ ਪਾਸੇ ਦੁੱਧ ਦਾ ਸੇਵਨ ਕੁਝ ਲੋਕਾਂ ਲਈ ਨੁਕਸਾਨਦ-ਾਇਕ ਹੁੰਦਾ ਹੈ। ਤਾਂ ਆਓ ਜਾਣਦੇ ਹਾਂ ਕਿ ਕਿਹੜੇ ਲੋਕਾਂ ਨੂੰ ਦੁੱਧ ਪੀਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**1. ਐਲਰਜੀ**

ਕੁਝ ਲੋਕਾਂ ਨੂੰ ਦੁੱਧ ਦਾ ਸੇਵਨ ਕਰਨ ਨਾਲ ਐਲਰਜੀ ਵੀ ਹੋ ਜਾਂਦੀ ਹੈ। ਇਸ ਦਾ ਕਾਰਨ ਵੀ ਲੈਕਟੋਜ਼ ਹੈ। ਇਸ ਤਰ੍ਹਾਂ ਇਹ ਇਮਿਊਨ ਸਿਸਟਮ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਿਸ ਕਾਰਨ ਚਮੜੀ 'ਤੇ ਲਾਲ ਧੱਫੜ ਦੇ ਨਾਲ ਸਾਹ ਲੈਣ ਵਿਚ ਤਕਲੀਫ਼ ਜਾਂ ਸਰੀਰ ਵਿਚ ਸੋਜ ਵੀ ਹੋ ਸਕਦੀ ਹੈ। ਜੇਕਰ ਤੁਹਾਨੂੰ ਕੋਈ ਐਲਰਜੀ ਦੀ ਸਮੱਸਿਆ ਹੈ ਤਾਂ ਦੁੱਧ ਦਾ ਸੇਵਨ ਨਹੀਂ ਕਰਨਾ ਚਾਹੀਦਾ।

**2. ਫੈਟੀ ਲਿਵਰ**

ਫੈਟੀ ਲਿਵਰ ਦੀ ਸਮੱਸਿਆ ਤੋਂ ਪੀੜਤ ਲੋਕਾਂ ਨੂੰ ਦੁੱਧ ਨਹੀਂ ਪੀਣਾ ਚਾਹੀਦਾ। ਅਜਿਹੇ ਲੋਕ ਦੁੱਧ ਨੂੰ ਆਸਾਨੀ ਨਾਲ ਹਜ਼ਮ ਨਹੀਂ ਕਰ ਪਾਉਂਦੇ ਹਨ। ਫੈਟੀ ਲਿਵਰ ਤੋਂ ਪੀੜਤ ਲੋਕਾਂ ਨੂੰ ਪ੍ਰੋਟੀਨ ਬਹੁਤ ਸੀਮਤ ਮਾਤਰਾ ਵਿੱਚ ਲੈਣਾ ਚਾਹੀਦਾ ਹੈ। ਦੁੱਧ ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ। ਅਜਿਹੇ 'ਚ ਦੁੱਧ ਪੀਣ ਨਾਲ ਬਦਹਜ਼ਮੀ, ਏਸੀਡੀਟੀ, ਗੈਸ, ਸੁਸਤੀ, ਥਕਾਵਟ, ਭਾਰ ਵਧਣਾ ਜਾਂ ਘਟਣਾ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**3. ਗੈਸ ਦੀ ਸਮੱਸਿਆ**

ਦੁੱਧ ਵਿੱਚ ਲੈਕਟੋਜ਼ ਹੁੰਦਾ ਹੈ, ਜੋ ਕਈ ਵਾਰ ਪਾਚਨ ਨੂੰ ਵਿਗਾੜ ਸਕਦਾ ਹੈ। ਇਸ ਕਾਰਨ ਜ਼ਿਆਦਾ ਦੁੱਧ ਪੀਣ ਨਾਲ ਕੁਝ ਲੋਕਾਂ ਨੂੰ ਦਸਤ, ਬਲੋਟਿੰਗ ਜਾਂ ਗੈਸ ਹੋ ਸਕਦੀ ਹੈ। ਡਾਇਟੀਸ਼ੀਅਨ ਸਲਾਹ ਦਿੰਦੇ ਹਨ ਕਿ ਗੈਸ ਦੀ ਸਮੱਸਿਆ ਵਾਲੇ ਲੋਕਾਂ ਨੂੰ ਦੁੱਧ ਦਾ ਸੇਵਨ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**4. ਮੋਟਾਪਾ**

ਜੇਕਰ ਤੁਸੀਂ ਮੋਟਾਪੇ ਦੀ ਸਮੱਸਿਆ ਤੋਂ ਪਰੇਸ਼ਾਨ ਹੋ ਤਾਂ ਘੱਟ ਤੋਂ ਘੱਟ ਦੁੱਧ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ। ਕਿਉਂਕਿ ਦੁੱਧ ਇਕ ਸੰਪੂਰਨ ਭੋਜਨ ਹੈ, ਪਰ ਦੁੱਧ ਨਾਲ ਸਰੀਰ ਵਿੱਚ ਵਾਧੂ ਚਰਬੀ ਜਮ੍ਹਾ ਹੋ ਸਕਦੀ ਹੈ।

**ਦੁੱਧ ਦੇ ਵਿਕਲਪ**

* ਜੇਕਰ ਤੁਸੀਂ ਡੇਅਰੀ ਉਤਪਾਦਾਂ ਦਾ ਸੇਵਨ ਬੰਦ ਕਰ ਦਿੰਦੇ ਹੋ, ਤਾਂ ਤੁਹਾਡੀ ਚਮੜੀ ਦੀ ਗੁਣਵੱਤਾ ਵਿੱਚ ਸੁਧਾਰ ਹੋ ਸਕਦਾ ਹੈ।

ਅਜਿਹਾ ਇਸ ਲਈ ਹੈ ਕਿਉਂਕਿ ਗਾਂ ਦੇ ਦੁੱਧ ਵਿੱਚ ਹਾਰਮੋਨ ਹੁੰਦੇ ਹਨ, ਜੋ ਕਈ ਵਾਰ ਸਾਡੇ ਸਰੀਰ ਵਿੱਚ ਮੌਜੂਦ ਹਾਰਮੋਨਾਂ ਨਾਲ ਪ੍ਰਤੀਕਿਰਿਆ ਕਰ ਸਕਦੇ ਹਨ। ਇਸ ਨਾਲ ਸੀਬਮ ਦੇ ਉਤਪਾਦਨ ਵਿੱਚ ਵਾਧਾ ਹੋ ਸਕਦਾ ਹੈ ਅਤੇ ਚਮੜੀ ਦੇ ਪੋਰਸ ਵਿੱਚ ਰੁਕਾਵਟ ਆ ਸਕਦੀ ਹੈ।

* ਖੁਰਾਕ ਤੋਂ ਦੁੱਧ ਨੂੰ ਹਟਾਉਣ ਨਾਲ ਪਾਚਨ ਤੇ ਅੰਤੜੀਆਂ ਦੀ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਪੇਟ ਫੁੱਲਣ ਅਤੇ ਗੈਸ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ।
* ਕੀ ਤੁਸੀਂ ਜਾਣਦੇ ਹੋ ਕਿ ਇਕ ਗਲਾਸ ਦੁੱਧ ਵਿੱਚ 60 ਹਾਰਮੋਨ ਹੁੰਦੇ ਹਨ? ਕਿਉਂਕਿ ਗਾਂ ਦੇ ਦੁੱਧ ਵਿੱਚ ਪਹਿਲਾਂ ਤੋਂ ਹੀ ਹਾਰਮੋਨ ਹੁੰਦੇ ਹਨ, ਇਸ ਲਈ ਇਸਨੂੰ ਪੀਣ ਨਾਲ ਤੁਹਾਡੇ ਸਰੀਰ ਵਿੱਚ ਮੌਜੂਦ ਕੁਦਰਤੀ ਹਾਰਮੋਨਸ ਵੀ ਵਧਦੇ ਹਨ। ਜਿਸ ਕਾਰਨ ਮੂਡ 'ਚ ਬਦਲਾਅ ਦੇਖਿਆ ਜਾ ਸਕਦਾ ਹੈ।
* ਡਾਈਟ ਤੋਂ ਡੇਅਰੀ ਉਤਪਾਦਾਂ ਨੂੰ ਹਟਾਉਣਾ ਭਾਰ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਨਹੀਂ ਹੈ, ਪਰ ਇਸ ਦਾ ਸੇਵਨ ਬੰਦ ਕਰਨ ਨਾਲ ਤੁਸੀਂ ਭਾਰ ਘਟਿਆ ਦੇਖੋਗੇ।
* ਖੁਰਾਕ ਤੋਂ ਦੁੱਧ ਨੂੰ ਹਟਾਉਣ ਨਾਲ ਕੈਂਸਰ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਡੱਬਾਬੰਦ ਦੁੱਧ ਵਿੱਚ ਚਰਬੀ ਦੀ ਮਾਤਰਾ ਘੱਟ ਹੁੰਦੀ ਹੈ, ਪਰ ਖੰਡ ਦੀ ਮਾਤਰਾ ਵਧੇਰੇ ਹੁੰਦੀ ਹੈ, ਜੋ ਸ਼ੂਗਰ ਦੇ ਜੋਖਮ ਨੂੰ ਵਧਾ ਸਕਦੀ ਹੈ।

(ਨੋਟ- ਦੱਸੀ ਗਈ ਸਲਾਹ ਅਤੇ ਸੁਝਾਅ ਸਿਰਫ ਆਮ ਜਾਣਕਾਰੀ ਦੇ ਉਦੇਸ਼ ਲਈ ਹਨ)

# ਬੁਢਾਪੇ 'ਚ ਵੱਡੀ ਸਮੱਸਿਆ ਦਾ ਸਾਹਮਣਾ ਕਰ ਸਕਦੇ ਨੇ ਮੋਟੇ ਲੋਕ

ਜੇਕਰ ਤੁਹਾਡੇ ਘਰ 'ਚ ਕੋਈ ਮੋਟਾਪੇ ਅਤੇ ਡਿਮੇਂਸ਼ੀਆ ਦਾ ਮਰੀਜ਼ ਹੈ ਤਾਂ ਇਸ ਖਬਰ ਨੂੰ ਧਿਆਨ ਨਾਲ ਪੜ੍ਹੋ। ਖੋਜ 'ਚ ਇਸ ਬੀਮਾਰੀ ਨਾਲ ਜੁੜੇ ਕੁਝ ਨਵੇਂ ਲੱਛਣ ਸਾਹਮਣੇ ਆਏ ਹਨ। ਇਸ ਦੇ ਆਧਾਰ 'ਤੇ ਤੁਸੀਂ ਇਸ ਦੀਆਂ ਸੰਭਾਵਨਾਵਾਂ ਬਾਰੇ ਪਤਾ ਲਗਾ ਸਕਦੇ ਹੋ। ਮੋਟਾਪਾ ਇਕ ਜੀਵਨ ਸ਼ੈਲੀ ਦੀ ਬਿਮਾਰੀ ਹੈ ਅਤੇ ਦੁਨੀਆ ਭਰ ਵਿੱਚ ਲਗਾਤਾਰ ਵੱਧ ਰਹੀ ਹੈ। ਸਰਕੋਪੇਨਿਕ ਮੋਟਾਪਾ ਇਕ ਅਜਿਹੀ ਸਥਿਤੀ ਹੈ ਜਿਸਦਾ ਮੁਲਾਂਕਣ ਮਰੀਜ਼ ਦੇ ਬਾਡੀ ਮਾਸ ਇੰਡੈਕਸ (ਭੌਂ) ਅਤੇ ਸਮਝ ਦੀ ਸ਼ਕਤੀ ਦੇ ਅਧਾਰ 'ਤੇ ਕੀਤਾ ਜਾਂਦਾ ਹੈ।

ਡਿਮੇਨਸ਼ੀਆ ਇਕ ਅਜਿਹੀ ਸਥਿਤੀ ਹੈ ਜਿਸ ਵਿੱਚ ਸੋਚਣ ਤੇ ਸਮਾਜਿਕ ਗਤੀਵਿਧੀਆਂ ਨਾਲ ਸਬੰਧਤ ਯਾਦਦਾਸ਼ਤ ਤੇ ਯੋਗਤਾਵਾਂ ਵਿੱਚ ਹੌਲੀ ਹੌਲੀ ਗਿਰਾਵਟ ਆਉਂਦੀ ਹੈ। ਇਸ ਨਾਲ ਬਜ਼ੁਰਗਾਂ ਦਾ ਜਿਊਣਾ ਮੁਸ਼ਕਲ ਹੋ ਜਾਂਦਾ ਹੈ।



ਜਾਪਾਨ ਦੀ ਜੁਨਟੇਂਡੋ ਯੂਨੀਵਰਸਿਟੀ ਦੁਆਰਾ ਕੀਤੀ ਗਈ ਇਕ ਖੋਜ ਵਿੱਚ, ਵਿਗਿਆਨੀਆਂ ਨੇ ਪਾਇਆ ਕਿ ਬੁਢਾਪੇ ਵਿੱਚ ਦਿਮਾਗੀ ਕਮਜ਼ੋਰੀ ਲਈ ਸਰਕੋਪੇਨਿਕ ਮੋਟਾਪਾ ਵੀ ਜ਼ਿੰਮੇਵਾਰ ਹੋ ਸਕਦਾ ਹੈ। ਅਧਿਐਨ ਦੇ ਨਤੀਜੇ ਕਲੀਨਿਕਲ ਨਿਊਟ੍ਰੀਸ਼ਨ ਜਰਨਲ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਦੇ ਵਧਣ ਨਾਲ ਯਾਦਦਾਸ਼ਤ ਖਰਾਬ ਹੋਣ ਦਾ ਖਤਰਾ ਵੀ ਵੱਧ ਜਾਂਦਾ ਹੈ।

ਜੰਟੇਨਡੋ ਯੂਨੀਵਰਸਿਟੀ ਦੇ ਡਾ। ਯੋਸ਼ੀਫੁਮੀ ਤਾਮੁਰਾ ਅਨੁਸਾਰ, ਜਿਸ ਨੇ ਅਧਿਐਨ ਦੀ ਅਗਵਾਈ ਕੀਤੀ, "ਸਰਕੋਪੇਨਿਕ ਮੋਟਾਪੇ ਤੇ ਦਿਮਾਗੀ ਕਮਜ਼ੋਰੀ ਦੇ ਵਿਚਕਾਰ ਸਬੰਧ ਸਥਾਪਤ ਕਰਨ ਨਾਲ ਬਜ਼ੁਰਗਾਂ ਵਿੱਚ ਇਸ ਸਥਿਤੀ ਨੂੰ ਹੋਣ ਤੋਂ ਰੋਕਣ ਵਿੱਚ ਮਦਦ ਮਿਲ ਸਕਦੀ ਹੈ। ਉਹਨਾਂ ਦੇ ਇਲਾਜ ਲਈ ਉਪਾਅ ਵੀ ਹੋ ਸਕਦੇ ਹਨ। ਅਧਿਐਨ ਵਿੱਚ, ਖੋਜਕਰਤਾਵਾਂ ਨੇ ਜਾਪਾਨ ਵਿੱਚ 65-84 ਸਾਲ ਦੀ ਉਮਰ ਦੇ 1,615 ਬਜ਼ੁਰਗਾਂ ਨੂੰ ਸ਼ਾਮਲ ਕੀਤਾ। ਇਸ ਅਧਿਐਨ ਵਿੱਚ, ਜਿਸਨੂੰ ਬੰਕਿਓ ਹੈਲਥ ਸਟੱਡੀ ਕਿਹਾ ਜਾਂਦਾ ਹੈ, ਖੋਜਕਰਤਾਵਾਂ ਨੇ ਭਾਗੀਦਾਰਾਂ ਨੂੰ ਸਰਕੋਪੇਨਿਕ ਮੋਟਾਪੇ ਦੇ ਅਧਾਰ ਤੇ ਚਾਰ ਸਮੂਹਾਂ ਵਿੱਚ ਵੰਡਿਆ।

**ਇਹ ਸਮੱਸਿਆਵਾਂ ਆਉਂਦੀਆਂ ਹਨ**

ਉਮਰ-ਸਬੰਧਤ ਮੈਕੂਲਰ ਡੀਜਨਰੇਸ਼ਨ ਕਾਰਨ, ਅੱਖ ਵਿੱਚ ਰੈਟੀਨਾ ਦਾ ਕੇਂਦਰ ਕਮਜ਼ੋਰ ਹੋ ਜਾਂਦਾ ਹੈ। ਇਸ ਦਾ ਮੁੱਖ ਲੱਛਣ ਕਮਜ਼ੋਰ ਨਜ਼ਰ ਹੈ। ਜਦੋਂ ਕਿ ਡਿਮੇਨਸ਼ੀਆ ਵਿੱਚ, ਇੱਕ ਵਿਅਕਤੀ ਦੀ ਯਾਦ ਰੱਖਣ, ਸੋਚਣ ਜਾਂ ਫੈਸਲੇ ਲੈਣ ਦੀ ਸਮਰੱਥਾ ਕਮਜ਼ੋਰ ਹੋਣ ਲੱਗਦੀ ਹੈ। ਇਸ ਕਾਰਨ ਮਰੀਜ਼ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਸਮੱਸਿਆਵਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਡਿਮੇਨਸ਼ੀਆ ਆਮ ਤੌਰ 'ਤੇ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਹੁੰਦਾ ਹੈ।

# ਕੁਦਰਤੀ ਤਰੀਕਿਆਂ ਨਾਲ ਥਾਇਰਾਇਡ ਦਾ ਕਰੋ ਇਲਾਜ

ਸਾਡੇ ਸਰੀਰ ਵਿੱਚ ਕਈ ਤਰ੍ਹਾਂ ਦੀਆਂ ਗ੍ਰੰਥੀਆਂ ਹਨ ਜੋ ਸਰੀਰ ਦੇ ਵੱਖ-ਵੱਖ ਕਾਰਜਾਂ ਲਈ ਜ਼ਰੂਰੀ ਹਾਰਮੋਨ ਬਣਾਉਣ ਦਾ ਕੰਮ ਕਰਦੀਆਂ ਹਨ। ਥਾਇਰਾਇਡ ਗਰਦਨ ਵਿੱਚ ਸਥਿਤ ਇੱਕ ਤਿਤਲੀ ਦੇ ਆਕਾਰ ਦੀ ਗਲੈਂਡ ਹੈ, ਜੋ ਥਾਇਰਾਇਡ ਹਾਰਮੋਨ ਪੈਦਾ ਕਰਦੀ ਹੈ ਜੋ ਸਾਡੇ ਮੇਟਾਬੋਲਿਜ਼ਮ ਲਈ



ਜ਼ਰੂਰੀ ਹੈ। ਇਸ ਦਾ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਮਾਤਰਾ ਵਿੱਚ ਉਤਪਾਦਨ, ਦੋਵੇਂ ਹੀ ਸਾਡੇ ਸਰੀਰ ਲਈ ਠੀਕ ਨਹੀਂ ਹਨ। ਇਸ ਨਾਲ ਸਰੀਰ ਦੇ ਕਈ ਕਾਰਜ ਪ੍ਰਭਾਵਿਤ ਹੁੰਦੇ ਹਨ। ਇਸ ਲਈ ਕੁਝ ਖਾਸ ਤਰ੍ਹਾਂ ਦੇ ਯੋਗਾ ਇਸ ਨੂੰ ਸੰਤੁਲਿਤ ਕਰਨ ਵਿੱਚ ਬਹੁਤ ਕਾਰਗਰ ਸਾਬਤ ਹੋ ਸਕਦੇ ਹਨ, ਜਾਣੋ ਉਨ੍ਹਾਂ ਬਾਰੇ- ਆਸਣ ਥਾਇਰਾਇਡ ਦੇ ਇਲਾਜ 'ਚ ਫਾਇਦੇਮੰਦ ਹੁੰਦੇ ਹਨ

**ਸਰਵਾਂਗਾਸਨ**

ਥਾਇਰਾਇਡ ਦੇ ਇਲਾਜ ਵਿਚ ਸਰਵਾਂਗਾਸਨ ਨੂੰ ਬਹੁਤ ਪ੍ਰਭਾਵਸ਼ਾਲੀ ਆਸਣ ਮੰਨਿਆ ਜਾਂਦਾ ਹੈ। ਇਸ ਆਸਣ ਵਿੱਚ ਪੈਰ ਉੱਪਰ ਅਤੇ ਸਿਰ ਹੇਠਾਂ ਹੁੰਦਾ ਹੈ, ਜਿਸ ਨਾਲ ਉੱਪਰਲੇ ਅੰਗਾਂ ਵਿੱਚ ਖੂਨ ਦਾ ਸੰਚਾਰ ਸਹੀ ਢੰਗ ਨਾਲ ਹੋ ਸਕਦਾ ਹੈ। ਇਸ ਆਸਣ ਦਾ ਅਭਿਆਸ ਕਰਨ ਨਾਲ ਥਾਇਰ-ਾਇਡ ਗਲੈਂਡ ਸਰਗਰਮ ਹੋ ਜਾਂਦੀ ਹੈ ਅਤੇ ਇਸਦੀ ਕਾਰਜਸ਼ੀਲਤਾ ਵਿੱਚ ਸੁਧਾਰ ਹੁੰਦਾ ਹੈ। ਥਾਇਰਾਇਡ ਦੇ ਇਲਾਜ ਵਿਚ ਸਰਵਾਂਗਾਸਨ ਨੂੰ ਬਹੁਤ



ਪ੍ਰਭਾਵਸ਼ਾਲੀ ਆਸਣ ਮੰਨਿਆ ਜਾਂਦਾ ਹੈ। ਇਸ ਆਸਣ ਵਿੱਚ ਪੈਰ ਉੱਪਰ ਅਤੇ ਸਿਰ ਹੇਠਾਂ ਹੁੰਦਾ ਹੈ, ਜਿਸ ਨਾਲ ਉੱਪਰਲੇ ਅੰਗਾਂ ਵਿੱਚ ਖੂਨ ਦਾ ਸੰਚਾਰ ਸਹੀ ਢੰਗ ਨਾਲ ਹੋ ਸਕਦਾ ਹੈ।

**ਹਲਸਾਨਾ**

ਹਲਸਾਨਾ ਥਾਇਰਾਇਡ ਅਤੇ ਪਿਟਿਊਟਰੀ ਗ੍ਰੰਥੀਆਂ ਦੇ ਕੰਮ ਨੂੰ ਸੁਧਾਰਦਾ ਹੈ। ਇਹ ਆਸਣ ਰੀੜ੍ਹ ਦੀ ਹੱਡੀ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਤੋਂ ਇਲਾਵਾ ਇਹ ਢਿੱਡ ਦੀ ਚਰਬੀ ਨੂੰ ਘੱਟ ਕਰਨ 'ਚ ਵੀ ਕਾਰਗਰ ਹੈ। ਇਸ ਆਸਣ ਨੂੰ ਕਰਨ ਨਾਲ ਮਾਸਪੇਸ਼ੀਆਂ ਦਾ ਤਣਾਅ ਵੀ ਘੱਟ ਹੁੰਦਾ ਹੈ।

# ਓਮੇਗਾ-3 ਦੇ ਹਨ ਹੈਰਾਨੀਜਨਕ ਫਾਇਦੇ, ਸਿਹਤ ਲਈ ਹੈ ਮਦਦਗਾਰ

ਓਮੇਗਾ 3 ਫੈਟੀ ਐਸਿਡ ਇਕ ਅਜਿਹਾ ਪੌਸ਼ਟਿਕ ਤੱਤ ਹੈ ਜੋ ਸਰੀਰ ਨੂੰ ਕਈ ਫਾਇਦੇ ਪਹੁੰਚਾਉਂਦਾ ਹੈ। ਓਮੇਗਾ 3 ਫੈਟੀ ਐਸਿਡ ਸਾਡੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਲਈ ਬਹੁਤ ਜ਼ਰੂਰੀ ਹਨ। ਓਮੇਗਾ 3 ਫੈਟੀ ਐਸਿਡ ਤਿੰਨ ਤਰ੍ਹਾਂ ਦੇ ਹੁੰਦੇ ਹਨ। ਜਿਸ ਵਿੱਚ ਪੌਦਿਆਂ ਵਿੱਚ ਓ਼ਓ ਓਮੇਗਾ ਪਾਇਆ ਜਾਂਦਾ ਹੈ। ਦੂਜਾ ਧ੍ਹਓ ਓਮੇਗਾ ਅਤੇ ਤੀਜਾ ਓਫਓ ਓਮੇਗਾ ਜਾਨਵਰਾਂ ਦੇ ਭੋਜਨ ਵਿੱਚ ਪਾਇਆ ਜਾਂਦਾ ਹੈ। ਇਹ ਤਿੰਨੋਂ ਕਿਸਮ ਦੇ ਓਮੇਗਾ ਸਰੀਰ ਲਈ ਬਹੁਤ ਜ਼ਰੂਰੀ ਹਨ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ ਓਮੇਗਾ 3 ਫੈਟੀ ਐਸਿਡ। ਆਓ ਜਾਣਦੇ ਹਾਂ ਓਮੇਗਾ 3 ਫੈਟੀ ਐਸਿਡ ਦੇ ਫਾਇਦੇ ਤੇ ਕੁਦਰਤੀ ਸਰੋਤ।



**ਓਮੇਗਾ 3 ਫੈਟੀ ਐਸਿਡ ਦੇ ਕੁਦਰਤੀ ਸਰੋਤ**

ਫਲੈਕਸ ਸੀਡਸ — ਫਲੈਕਸ ਦੇ ਬੀਜ ਓਮੇਗਾ 3 ਫੈਟੀ ਐਸਿਡ ਨਾਲ ਭਰਪੂਰ ਹੁੰਦੇ ਹਨ। ਫਲੈਕਸ ਸੀਡ ਵਿੱਚ ਵਿਟਾਮਿਨ ਈ ਤੇ ਮੈਗਨੀਸ਼ੀਅਮ ਵਰਗੇ ਕਈ ਹੋਰ ਪੌਸ਼ਟਿਕ ਤੱਤ ਹੁੰਦੇ ਹਨ।

ਅਖਰੋਟ — ਅਖਰੋਟ ਓਮੇਗਾ 3 ਫੈਟੀ ਐਸਿਡ ਦਾ ਸਭ ਤੋਂ ਵਧੀਆ ਸਰੋਤ ਹੈ। ਤੁਸੀਂ ਆਪਣੀ ਡਾਈਟ 'ਚ ਅਖਰੋਟ ਵੀ ਸ਼ਾਮਲ ਕਰ ਸਕਦੇ ਹੋ। ਅਖਰੋਟ ਵਿੱਚ ਮੈਗਨੀਸ਼ੀਅਮ, ਕਾਪਰ ਅਤੇ ਵਿਟਾਮਿਨ ਈ ਵਰਗੇ ਕਈ ਪੌਸ਼ਟਿਕ ਤੱਤ ਹੁੰਦੇ ਹਨ।

ਫੁੱਲ ਗੋਭੀ — ਸਬਜ਼ੀਆਂ ਵਿਚ ਗੋਭੀ ਵਿਚ ਓਮੇਗਾ 3 ਐਸਿਡ ਪਾਇਆ ਜਾਂਦਾ ਹੈ। ਫੁੱਲ ਗੋਭੀ ਵਿੱਚ ਮੈਗਨੀਸ਼ੀਅਮ ਪੋਟਾਸ਼ੀਅਮ ਵਰਗੇ ਬਹੁਤ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਹੁੰਦੇ ਹਨ।

ਬਲੂਬੇਰੀ — ਬਲੂਬੇਰੀ ਓਮੇਗਾ 3 ਫੈਟੀ ਐਸਿਡ ਨਾਲ ਭਰਪੂਰ ਹੁੰਦੀ ਹੈ। ਬੇਰੀਆਂ ਵਿੱਚ ਐਂਥੋਸਾਈਨਿਨ ਐਂਟੀਆਕਸੀਡੈਂਟ ਪਾਇਆ ਜਾਂਦਾ ਹੈ। ਜਿਸ ਨਾਲ ਦਿਲ ਦੀਆਂ ਬਿਮਾਰੀਆਂ ਘੱਟ ਹੁੰਦੀਆਂ ਹਨ।

ਕਿਡਨੀ ਬੀਨਜ਼ ਤੇ ਸੋਇਆਬੀਨ — ਕਿਡਨੀ ਬੀਨਜ਼ ਅਤੇ ਸੋਇਆਬੀਨ ਵਿੱਚ DHA ਓਮੇਗਾ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਓਮੇਗਾ 3 ਵਿੱਚ ਛੋਲਿਆਂ ਅਤੇ ਹੂਮਸ ਨਾਲੋਂ ਜ਼ਿਆਦਾ ਪੌਸ਼ਟਿਕ ਤੱਤ ਹੁੰਦੇ ਹਨ।

ਇਹ ਐਸਿਡ ਗਰਭ ਅਵਸਥਾ ਦੌਰਾਨ ਬੱਚੇ ਅਤੇ ਮਾਂ ਨੂੰ ਬਿਮਾਰੀਆਂ ਤੋਂ ਦੂਰ ਰੱਖਣ ਵਿੱਚ ਵੀ ਮਦਦ ਕਰਦਾ ਹੈ। ਇਹ ਬੱਚੇ ਦੇ ਦਿਮਾਗ ਅਤੇ ਸਰੀਰ ਦਾ ਸਹੀ ਢੰਗ ਨਾਲ ਵਿਕਾਸ ਕਰਦਾ ਹੈ।

# ਜ਼ਰਾ ਸੰਭਲ ਕੇ ਜਨਾਬ, ਗੈਂਗਲੈਂਡ ਬਣਿਆ ਪੰਜਾਬ

ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਹ ਉਹ ਸਰਜਮੀਂ ਹੈ ਜਿੱਥੇ ਬਾਬਾ ਫ਼ਰੀਦ ਜੀ ਨੇ ਕਿਹਾ ਸੀ, 'ਫਰੀਦਾ ਜੋ ਤੈ ਮਾਰਨ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ।' ਇੱਥੇ ਦਸ ਗੁਰੂ ਸਾਹਿਬਾਨ, ਭਗਤਾਂ, ਮਹਾਪੁਰਸ਼ਾਂ ਤੇ ਦਾਨਿਸ਼ਵਰਾਂ ਨੇ ਹਮੇਸ਼ਾ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਇੱਥੋਂ ਦੇ ਲੋਕ ਤਾਂ ਏਨੇ ਦਰਿਆਦਿਲ ਸਨ ਕਿ ਵਿਦੇਸ਼ੀ ਧਾੜਵੀ ਵੀ ਇਨ੍ਹਾਂ ਨਾਲ ਮੋਹ ਦੀਆਂ ਤੰਦਾਂ ਜੋੜ ਕੇ ਬੈਠ ਜਾਂਦੇ ਸਨ। ਦੂਜੇ ਪਾਸੇ ਅਜੋਕੇ ਪੰਜਾਬ ਦੇ ਹਾਲਾਤ ਦੇਖੀਏ ਤਾਂ ਜਾਪਦਾ ਹੀ ਨਹੀਂ ਕਿ ਇਹ ਉਹੀ ਪੰਜਾਬ ਹੈ। ਆਪਣੇ ਹੀ ਭਰਾਵਾਂ ਉੱਪਰ ਧਾੜ-ਧਾੜ ਗੋ.ਲੀਆਂ ਚਲਾਉਣ ਲੱਗਿਆਂ ਪੰਜਾਬੀਆਂ ਦੇ ਹੱਥ ਨਹੀਂ ਕੰਬਦੇ। ਕਦੇ ਜ਼ਮੀਨ ਦੇ ਚੰਦ ਟੁਕੜੇ ਲਈ, ਕਦੇ ਕੁਝ ਪੈਸਿਆਂ ਲਈ ਤਾਂ ਕਦੇ ਫੋਕਾ ਨਾਂ ਚਮਕਾਉਣ ਲਈ ਖ਼ੂਨ ਦੀਆਂ ਨਦੀਆਂ ਵਹਾਉਣ ਤੋਂ ਗੁਰੇਜ਼ ਨਹੀਂ ਕਰ ਰਹੇ ਇੱਥੋਂ ਦੇ ਲੋਕ। ਆਖ਼ਰ ਕਿੱਥੇ ਖੰਭ ਲਾ ਕੇ ਉੱਡ ਗਈ ਹੈ ਉਹ ਪੰਜਾਬੀਅਤ।

**ਗੀਤਾਂ ਦੇ ਵੀਡਓ 'ਚ ਲੋਪ ਹੋਈ ਸੰਗ ਸ਼ਰਮ**

ਲੈਨਿਨ ਦਾ ਕਹਿਣਾ ਸੀ ਕਿ ਮੈਨੂੰ ਇਹ ਦੱਸ ਦਿਓ ਕਿ ਤੁਹਾਡੀ ਨੌਜਵਾਨ ਪੀੜ੍ਹੀ ਦੇ ਮੂੰਹ 'ਤੇ ਕਿਸ ਤਰ੍ਹਾਂ ਦੇ ਗੀਤ ਹਨ, ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ। ਜਦੋਂ ਤੱਕ ਗੀਤਾਂ ਦਾ ਵੀਡੀਓ ਫਿਲਮਾਂਕਣ ਨਹੀਂ ਸੀ, ਉਦੋਂ ਤੱਕ ਸੋਲੋ ਤੇ ਦੋਗਾਣਾ ਗਾਇਕੀ ਨੇ ਲੋਕਾਂ ਦੇ ਦਿਲਾਂ 'ਤੇ ਰੱਜ ਕੇ ਰਾਜ ਕੀਤਾ, ਜਿਸ ਨੂੰ ਅੱਜ ਵੀ ਲੋਕੀਂ ਓਨੀ ਹੀ ਸ਼ਿੱਦਤ ਨਾਲ ਸੁਣਦੇ ਹਨ। ਫਿਰ ਟੀਵੀ ਚੈਨਲ ਆ ਗਏ। ਗਾਇਕੀ ਸੁਣਨ ਦੇ ਨਾਲ-ਨਾਲ ਦੇਖਣਯੋਗ ਹੋ ਗਈ। ਨਵੇਂ-ਨਵੇਂ ਗੀਤਕਾਰਾਂ, ਗਾਇਕ ਕਲਾਕਾਰਾਂ ਤੇ ਸੰਗੀਤਕ ਕੰਪਨੀਆਂ ਨਾਲ ਬਾਜ਼ਾਰ 'ਚ ਤੇਜ਼ੀ ਆਉਣਾ ਚਿੰਤਾ ਦਾ ਵਿਸ਼ਾ ਬਣ ਗਿਆ। ਨਿੱਤ ਦਿਨ ਨਵੇਂ-ਨਵੇਂ ਵਿਸ਼ਿਆਂ ਵਾਲੇ ਗੀਤ ਪੇਸ਼ ਕੀਤੇ ਜਾਣ ਲੱਗ ਪਏ। ਸਕੂਲਾਂ ਤੇ ਕਾਲਜਾਂ ਦੇ ਚੱਕਰਾਂ ਵਾਲੇ ਗੀਤਾਂ ਨੂੰ ਗਾ ਕੇ ਭਾਵੇਂ ਗਾਇਕ ਤੇ ਗੀਤਕਾਰ ਨਾ ਥੱਕੇ ਹੋਣ ਪਰ ਲੋਕ ਇਨ੍ਹਾਂ ਗੀਤਾਂ ਨੂੰ ਸੁਣ ਕੇ ਤੇ ਦੇਖ ਕੇ ਸ਼ਰਮ ਨਾਲ ਥੱਕ ਗਏ।

**ਫ਼ਿਜ਼ਾ 'ਚ ਘੁਲਿਆ ਜ਼ਹਿਰ**

ਸ਼ਰਾਬ ਤੇ ਹਥਿਆਰਾਂ ਵਰਗੇ ਵਿਸ਼ਿਆਂ ਨਾਲ ਭਰਪੂਰ ਗੀਤਾਂ ਨਾਲ ਵੀ ਅਖੌਤੀ ਗਾਇਕੀ ਨੇ ਪੰਜਾਬੀ ਸੱਭਿਆਚਾਰ ਦੀ ਫ਼ਿਜ਼ਾ ਅੰਦਰ ਜ਼ਹਿਰ ਘੋਲਣ ਦੀ ਸ਼ੁਰੂਆਤ ਕੀਤੀ। ਪੰਜਾਬੀ ਚੈਨਲਾਂ ਉੱਪਰ ਅਖੌਤੀ ਪੰਜਾਬੀ ਗਾਇਕੀ ਵੱਲੋਂ ਕਾਨੂੰਨ ਨੂੰ ਛਿੱਕੇ ਟੰਗ ਕੇ ਹਥਿਆਰਾਂ ਨਾਲ ਗੁੰਡਾਗਰਦੀ ਵਾਲੀ ਗਾਇਕੀ ਦਾ ਖੁੱਲ੍ਹ ਕੇ ਪ੍ਰਦਰਸ਼ਨ ਕੀਤਾ ਜਾਣ ਲੱਗਿਆ, ਜੋ ਪਿਛਲੇ ਸਮੇਂ ਤੋਂ ਸਮਾਜ ਅੰਦਰ ਭਿਆਨਕ ਰੂਪ ਧਾਰਨ ਕਰ ਚੁੱਕਿਆ ਹੈ। ਇਨ੍ਹਾਂ ਬੰਦੇ ਖਾਣੀਆਂ ਬੰਦੂਕਾਂ ਤੇ ਰਫਲਾਂ ਨੇ ਮਾਵਾਂ ਦੇ ਪੁੱਤਰਾ ਨੂੰ ਸਦਾ ਲਈ ਖੋਹ ਲਿਆ, ਸੁਹਾਗਣਾਂ ਦਾ ਸੁਹਾਗ ਸੁੰਨਾ ਹੋ ਰਿਹਾ, ਇਨ੍ਹਾਂ ਹਥਿਆਰਾਂ ਨਾਲ ਗੁੱਸੇ 'ਚ ਚੱਲੀਆਂ ਗੋ.ਲੀਆਂ ਨਾਲ ਕਈ ਘਰਾਂ ਦੇ ਚਿਰਾਗ਼ ਬੁੱਝ ਗਏ ਹਨ ਪਰ ਫਿਰ ਵੀ ਗਾਇਕੀ ਇਸ ਨੂੰ ਹੋਰ ਉਤਸ਼ਾਹਿਤ ਕਰਦੀ ਹੋਈ ਨੌਜਵਾਨਾਂ ਦੇ ਦਿਲਾਂ ਅੰਦਰ ਕੁੱੜਤਣ ਪੈਦਾ ਕਰ ਰਹੀ ਹੈ। ਇਨ੍ਹਾਂ ਹਥਿਆਰਾਂ ਵਾਲ ਗਾਇਕੀ ਦੇ ਫਿਲਮਾਂਕਣ ਦਾ ਪ੍ਰਭਾਵ ਜਿੱਥੇ ਸਾਡੀ ਨੌਜਵਾਨ ਪੀੜ੍ਹੀ 'ਤੇ ਪਿਆ, ਉਸ ਦੇ ਨਾਲ ਹੀ ਇਨ੍ਹਾਂ ਹਥਿਆਰਾਂ ਨੇ ਸਾਡੇ ਸੁਰੀਲੇ ਫ਼ਨਕਾਰ ਤੇ ਅਦਾਕਾਰਾਂ ਨੂੰ ਸਦਾ ਲਈ ਸਾਡੇ ਤੋਂ ਦੂਰ ਕਰ ਦਿੱਤਾ ਹੈ। ਦਿਲਸ਼ਾਦ ਅਖ਼ਤਰ ਨੂੰ ਵਿਆਹ ਸਮਾਗਮ 'ਚ ਗੋ.ਲੀਆਂ ਮਾਰੀਆਂ ਗਈਆਂ, ਦੋਗਾਣਾ ਜੋੜੀ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਕੌਰ ਅਤੇ ਉਸ ਦੇ ਸਾਥੀਆਂ ਨੂੰ ਗੋ.ਲੀਆਂ ਮਾਰ ਕੇ ਮਾਰਿਆ ਗਿਆ, ਪੰਜਾਬੀ ਫਿਲਮਾਂ ਦੇ ਹੀਰੋ ਪੰਜਾਬੀਆਂ ਦੀ ਜਿੰਦ ਜਾਨ ਵਰਿੰਦਰ ਨੂੰ ਗੋ.ਲੀਆਂ ਮਾਰੀਆਂ ਗਈਆਂ ਤੇ ਹੁਣ ਬੀਤੇ ਦਿਨੀਂ ਗਾਇਕੀ ਦੇ ਅੰਬਰ ਦੇ ਤਾਰੇ ਸਿੱਧੂ ਮੂਸੇਵਾਲਾ ਨੂੰ ਸਾਡੇ ਤੋਂ ਸਦਾ ਲਈ ਖੋਹ ਲਿਆ।



**ਪੰਜਾਬੀਅਤ ਦੇ ਬਿਲਕੁਲ ਉਲਟ**

ਕਦੇ ਪੰਜਾਬੀ ਗਾਣਿਆਂ 'ਚ ਮੁਹੱਬਤ, ਰਿਸ਼ਤਿਆਂ ਤੇ ਸਮਾਜਿਕ ਸਰੋਕਾਰਾਂ ਦੀ ਗੱਲ ਹੁੰਦੀ ਸੀ ਪਰ ਸਮੇਂ ਦੇ ਗੇੜ ਨਾਲ ਕਾਫ਼ੀ ਕੁਝ ਤਬਦੀਲੀਆਂ ਆ ਗਈਆਂ। ਪਿਆਰ-ਮੁਹੱਬਤ ਦੀ ਬਾਤ ਪਾਉਂਦੇ ਗਾਇਕਾਂ ਤੇ ਗੀਤਕਾਰਾਂ ਨੇ ਹਥਿਆਰਾਂ ਨਾਲ ਕਦੋਂ ਮੋਹ ਪਾ ਲਿਆ, ਇਹ ਪਤਾ ਹੀ ਨਾ ਲੱਗਿਆ। ਹਰ ਤੀਜੇ ਗਾਣੇ 'ਚ ਹਥਿਆਰਾਂ ਦੀ ਗੱਲ ਕਰਨਾ ਪੰਜਾਬ ਦੀ ਤਹਿਜ਼ੀਬ ਦੇ ਬਿਲਕੁਲ ਉਲਟ ਹੈ। ਪੰਜਾਬੀਆਂ ਨੇ ਹਥਿਆਰ ਚੁੱਕੇ ਸਨ ਗ਼ਰੀਬਾਂ ਤੇ ਮਜ਼ਲੂਮਾਂ ਦੇ ਹੱਕਾਂ ਲਈ, ਉਨ੍ਹਾਂ ਦੀ ਸੁਰੱਖਿਆ ਲਈ ਪਰ ਅਜੋਕੇ ਗੀਤਾਂ 'ਚ ਜਿਸ ਤਰ੍ਹਾਂ ਨਾਲ ਹਥਿਆਰਾਂ ਨੂੰ ਉਭਾਰਿਆ ਜਾ ਰਿਹਾ ਹੈ, ਉਹ ਪੰਜਾਬੀਅਤ ਨਾਲ ਕਿਸੇ ਪੱਖੋਂ ਵੀ ਮੇਲ ਨਹੀਂ ਖਾਂਦਾ।

**ਕਈ ਘਰਾਂ 'ਚ ਵਿਛੇ ਸੱਥਰ**

ਕਿਸੇ ਗਾਇਕ ਨੇ ਗਾਣਾ ਗਾਇਆ, 'ਸਾਰੇ ਕੰਮ ਜਾਇਜ਼, ਇਕ ਅਸਲਾ ਨਾਜਾਇਜ਼ ਤੇਰੇ ਕਰਕੇ ਰਕਾਨੇ ਪੈਂਦਾ ਰੱਖਣਾ'। ਨਾਜਾਇਜ਼ ਅਸਲਾ ਰੱਖਣ ਦਾ ਸੰਦੇਸ਼ ਦੇ ਕੇ ਅਜਿਹੇ ਗਾਇਕ ਸਮਾਜ 'ਚ ਕਿਹੜੀ ਕ੍ਰਾਂਤੀ ਲਿਆਉਣੀ ਚਾਹੁੰਦੇ ਹਨ? ਹਥਿਆਰਾਂ ਦੀ ਮਹਿਮਾ ਗਾਉਣੀ ਤੇ ਸੁਣਨੀ ਚੰਗੀ ਲੱਗਦੀ ਹੈ ਪਰ ਪਤਾ ਉਦੋਂ ਲੱਗਦਾ ਹੈ ਜਦੋਂ ਬੇਗਾਨੇ ਪੁੱਤਾਂ ਹੱਥੋਂ ਗੋ.ਲੀਆਂ ਦੀ ਬੁਛਾੜ ਹੁੰਦੀ ਹੈ ਤੇ ਘਰ 'ਚ ਸੱਥਰ ਵਿਛ ਜਾਂਦਾ ਹੈ। ਕਈ ਘਰਾਂ 'ਚੋਂ ਜਵਾਨ ਪੁੱਤਾਂ ਦੀਆਂ ਅਰਥੀਆਂ ਨਿਕਲੀਆਂ ਹਨ, ਜਿਨ੍ਹਾਂ 'ਚੋਂ ਕਈਆਂ ਨੇ ਤਾਂ ਹਾਲੇ ਸ਼ਗਨਾਂ ਵਾਲੇ ਗਾਨੇ ਵੀ ਨਹੀਂ ਬੰਨ੍ਹਾਏ ਹੁੰਦੇ ਤੇ ਕਈ ਸੁਹਾਗਣਾਂ ਦੀ ਹਾਲੇ ਮਹਿੰਦੀ ਦਾ ਰੰਗ ਵੀ ਨਹੀਂ ਲੱਥਾ ਹੁੰਦਾ ਜਦੋਂ ਉਨ੍ਹਾਂ ਨੂੰ ਵਿਧਵਾ ਦਾ ਸੰਤਾਪ ਹੰਢਾਉਣਾ ਪੈਂਦੈ।

**ਨੌਜਵਾਨ ਪੀੜ੍ਹੀ ਮੰਨਦੀ ਹੈ ਰੋਲ ਮਾਡਲ**

ਜੇ ਜੇ ਗੱਲ ਗੀਤਾਂ ਦੀ ਕਰੀਏ ਤਾਂ 'ਕਾਲਾ ਘੋੜਾ, ਚਿੱਟੇ ਚੀਨੇ ਤੇ ਰਫ਼ਲਾਂ ਕਾਲੀਆਂ-ਕਾਲੀਆਂ', 'ਚਿੱਟੇ ਕੁੜਤੇ-ਪਜ਼ਾਮੇ ਲੋਈਆਂ ਕਾਲੀਆਂ, ਮੋਢਿਆਂ ਨਾਲ ਲੱਗੀਆਂ ਦੋਨਾਲੀਆਂ, ਸਾਰਿਆਂ ਜੱਟਾਂ ਦੀ ਅੱਖ ਲਾਲ ਏ।' ਦੱਸੋ ਭਲਾ ਹੁਣ ਜੱਟ ਆਪਣੀਆਂ ਫਸਲਾਂ ਸਾਂਭੇ ਜਾਂ ਫਿਰ ਰਫਲਾਂ ਰੱਖਣ ਦਾ ਸ਼ੌਕ ਪੂਰਾ ਕਰੇ। 'ਜਿੱਥੇ ਹੁੰਦੀ ਏ ਪਾਬੰਦੀ ਹਥਿਆਰ ਦੀ, ਉੱਥੇ ਜੱਟ ਫਾਇਰ ਕਰਦਾ', 'ਲੋਕੀ ਕਹਿੰਦੇ ਤੇਰੇ ਵਿਚ ਮੈਂ ਬੋਲਦਾਂ, ਮੇਰੇ 'ਚ ਬੋਲੇ ਬਿੱਲੋ 32 ਬੋਰ ਦਾ', 'ਮਿੱਤਰਾਂ ਦੀ ਅੱਖ ਅੱਜ ਲਾਲ ਏ, ਕੋਈ ਬੰਦਾ ਬੁੰਦਾ ਮਾਰਨਾ ਤਾਂ ਦੱਸ ਨੀ', 'ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ, ਜੱਟ ਉਸ ਪਿੰਡ ਨੂੰ ਬਲੌਂਗ ਕਰਦਾ' ਗੀਤ ਦੱਸੋ ਕਿਹੜੇ ਪੰਜਾਬੀ ਸੱਭਿਆਚਾਰ ਦੀਆਂ ਗੱਲਾਂ ਕਰ ਰਹੇ ਹਨ। ਬੜੀ ਤ੍ਰਾਸਦੀ ਕਿ ਸਾਡੀ ਨੌਜਵਾਨ ਪੀੜ੍ਹੀ ਇਨ੍ਹਾਂ ਨੂੰ ਆਪਣਾ ਰੋਲ ਮਾਡਲ ਮੰਨ ਉਹੀ ਸਭ ਕੁਝ ਕਰ ਰਹੀ ਹੈ। ਕਲਾਕਾਰ ਦਾ ਕੰਮ ਦੁਖੀ ਲੋਕਾਂ ਨੂੰ ਹਸਾਉਣਾ, ਸਮਝਾਉਣਾ ਤੇ ਪਰਚਾਉਣਾ ਹੁੰਦਾ। ਜੇ ਹੁਣ ਕਲਾਕਾਰ ਹੀ ਲੋਕਾਂ ਮੂਹਰੇ ਬੰਦੂਕਾਂ ਲੈ ਕੇ ਜਾਵੇਗਾ ਤਾਂ ਲੋਕ ਗਵੱਈਆ ਨਹੀਂ ਫੁਕਰਾ ਕਹਿਣਗੇ। ਇਹ ਪੰਜ-ਸੱਤ ਗੀਤ ਹੀ ਨਹੀਂ, ਹੋਰ ਵੀ ਬਹੁਤ ਸਾਰੇ ਅਜਿਹੇ ਗੀਤ ਹਨ, ਜਿਨ੍ਹਾਂ ਦਾ ਨੌਜਵਾਨੀ 'ਤੇ ਪ੍ਰਭਾਵ ਪੈਣਾ ਸੁਭਾਵਿਕ ਹੀ ਹੈ। ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਹਥਿਆਰਾਂ ਨੂੰ ਉਤਸ਼ਾਹਿਤ ਕਰਦੀ ਗਾਇਕੀ 'ਤੇ ਸਖ਼ਤੀ ਕੀਤੀ, ਜੋ ਸ਼ਲਾਘਾਯੋਗ ਫ਼ੈਸਲਾ ਹੈ।

**ਹਥਿਆਰਾਂ ਦੀ ਬਲੀ ਚੜ੍ਹ ਗਈ ਬੁਲੰਦ ਆਵਾਜ਼**

ਸਿੱਧੂ ਮੂਸੇ ਵਾਲਾ ਨੇ ਜੋ ਵੀ ਗਾਇਆ, ਉਸ 'ਤੇ ਕਿੰਤੂ ਕੀਤੀ ਜਾ ਸਕਦੀ ਹੈ ਪਰ ਉਹ ਪੰਜਾਬ ਦੀ ਬੁਲੰਦ ਆਵਾਜ਼ ਸੀ। ਵਿਦੇਸ਼ਾਂ 'ਚ ਵੀ ਉਸ ਨੇ ਪੰਜਾਬੀ ਗਾਇਕੀ ਦਾ ਝੰਡਾ ਬੁਲੰਦ ਕੀਤਾ ਸੀ। ਉਸ ਨੇ ਕੁਝ ਗਾਣੇ ਵਧੀਆ ਵੀ ਗਾਏ ਹਨ, ਜੋ ਰਿਸ਼ਤਿਆਂ ਤੇ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੇ ਹਨ। 'ਮੈਨੂੰ ਤਾਂ ਲੱਗਦੈ ਮਾਂ ਮੈਂ ਜਵਾਂ ਤੇਰੇ ਵਰਗਾ ਹਾਂ' ਜਿਹਾ ਗੀਤ ਹਰ ਕਿਸੇ ਨੇ ਬਹੁਤ ਜ਼ਿਆਦਾ ਪਸੰਦ ਕੀਤਾ। '295' 'ਚ ਉਸ ਨੇ ਸਮਕਾਲੀ ਸਮਾਜ ਦੇ ਵਰਤਾਰੇ ਦੀ ਅਸਲੀਅਤ ਬਿਆਨ ਕੀਤੀ। ਸਮੇਂ ਦੇ ਹਿਸਾਬ ਨਾਲ ਉਸ ਦੀ ਕਲਮ 'ਚ ਕਾਫ਼ੀ ਤਬਦੀਲੀਆਂ ਆਉਣੀਆਂ ਸਨ। ਜੇ ਉਹ ਜਿਉਂਦਾ ਰਹਿੰਦਾ ਤਾਂ ਉਸ ਦੀ ਸਮਝ ਹੌਲੀ-ਹੌਲੀ ਪਕੇਰੀ ਹੋਣੀ ਸੀ ਤੇ ਉਹ ਵਧੀਆ ਗਾਣੇ ਸਰੋਤਿਆਂ ਦੀ ਝੋਲੀ ਪਾਉਂਦਾ। ਬੜੇ ਦੁੱਖ ਦੀ ਗੱਲ ਹੈ ਕਿ ਪ੍ਰਤਿਭਾਸ਼ਾਲੀ ਨੌਜਵਾਨ ਹਥਿਆਰਾਂ ਦੀ ਭੇਟ ਚੜ੍ਹ ਗਿਆ।

**ਖ਼ੁਦ ਹਥਿਆਰਾਂ ਦਾ ਸ਼ਿਕਾਰ ਹੋ ਗਿਆ ਸਿੱਧੂ ਮੂਸੇ ਵਾਲਾ**

ਸਿੱਧੂ ਮੂਸੇ ਵਾਲਾ ਨੇ ਸਭ ਤੋਂ ਪਹਿਲਾਂ ਜਿਹੜਾ ਗਾਣਾ ਲਿਖਿਆ, ਉਸ ਦੇ ਬੋਲ ਸਨ, 'ਜੀਹਨੇ ਦੇੜਨੀਆਂ ਹਿੱਕਾਂ ਉਹ ਲਾਇਸੈਂਸ ਨਹੀਂਓਂ ਲੈਂਦੇ'। ਇਸ ਗਾਣੇ ਨੂੰ ਨਿੰਜਾ ਨੇ ਗਾਇਆ ਸੀ।

ਆਪਣੇ ਪਹਿਲੇ ਹੀ ਗੀਤ 'ਚ ਉਸ ਨੇ ਨਾਜਾਇਜ਼ ਅਸਲੇ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ। ਇਸ ਤੋਂ ਬਾਅਦ ਸਿੱਧੂ ਮੂਸੇ ਵਾਲਾ ਨੇ ਜਿੰਨੇ ਵੀ ਗੀਤ ਗਾਏ, ਉਨ੍ਹਾਂ 'ਚੋਂ ਜ਼ਿਆਦਾਤਰ ਹਿੰਸਾ ਨੂੰ ਹੀ ਉਤਸ਼ਾਹਿਤ ਕਰਨ ਵਾਲੇ ਸਨ। ਉਸ ਨੇ ਇਕ ਹੋਰ ਗੀਤ ਗਾਇਆ, 'ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ, ਜੱਟ ਉਸ ਪਿੰਡ ਨੂੰ ਬਲੌਂਗ ਕਰਦਾ।' ਅਜਿਹੇ ਗਾਣੇ ਸਾਡੀ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਂਦੇ ਹਨ। ਬੜੇ ਦੁੱਖ ਦੀ ਗੱਲ ਹੈ ਕਿ ਹਥਿਆਰਾਂ ਵਾਲੇ ਗਾਣੇ ਗਾਉਣ ਵਾਲਾ ਖ਼ੁਦ ਹਥਿਆਰਾਂ ਦਾ ਸ਼ਿਕਾਰ ਹੋ ਕੇ ਭਰ ਜਵਾਨੀ 'ਚ ਆਪਣੀ ਜਾਨ ਗੁਆ ਬੈਠਾ।

**ਰੋਮੀ ਰੰਜਨ ਨੇ ਦਿਖਾਇਆ ਸ਼ੀਸ਼ਾ**

ਪ੍ਰਸਿੱਧ ਗਾਇਕ ਰੋਮੀ ਰੰਜਨ ਨੇ ਕੁਝ ਸਮਾਂ ਪਹਿਲਾਂ ਹੀ 'ਕਲਾਕਾਰ ਵਰਸਿਜ਼ ਬੰਦੂਕਾਂ' ਨਾਂ ਦਾ ਇਕ ਗੀਤ ਗਾਇਆ ਸੀ, ਜਿਸ ਦੇ ਬੋਲ ਸਨ 'ਕੰਮ ਕੀ ਬੰਦੂਕਾਂ ਨਾਲ ਹਥਿਆਰ ਦਾ'। ਉਸ ਨੇ ਇਸ ਗਾਣੇ ਰਾਹੀਂ ਕਲਾਕਾਰਾਂ ਨੂੰ ਸ਼ੀਸ਼ਾ ਦਿਖਾਇਆ ਸੀ। ਹੋਰ ਵੀ ਕਈ ਗਾਇਕਾਂ ਨੇ ਇਸ ਤਰ੍ਹਾਂ ਦੇ ਗੀਤ ਗਾ ਕੇ ਗਾਇਕਾਂ ਤੇ ਗੀਤਕਾਰਾਂ ਨੂੰ ਆਪਣੇ ਫ਼ਰਜ਼ਾਂ ਦਾ ਅਹਿਸਾਸ ਕਰਵਾਇਆ ਸੀ।

# ਗੈਂਗਸਟਰਾਂ ਦਾ ਤਾਣਾਬਾਣਾ ਵੱਡੀ ਸਮੱਸਿਆ ਬਣਿਆ

ਗਾਇਕ, ਅਦਾਕਾਰ ਤੇ ਸਿਆਸਤਦਾਨ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਪੰਜਾਬ 'ਚ ਗੈਂਗਸਟਰਾਂ ਦੀ ਵੱਡੀ ਸਮੱਸਿਆ ਮੁੜ ਉਜਾਗਰ ਹੋ ਗਈ ਹੈ। ਇਹ ਤੱਥ ਉਜਾਗਰ ਹੋਇਆ ਹੈ ਕਿ ਕੁਝ ਗੈਂਗਸਟਰ ਤਾਂ ਤਿਹਾੜ ਅਤੇ ਹੋਰ ਜੇਲ੍ਹਾਂ ਅੰਦਰ ਬੈਠੇ ਵੀ ਆਪਣਾ ਨੈੱਟਵਰਕ ਆਮ ਵਾਂਗ ਚਲਾ ਰਹੇ ਹਨ। ਉਨ੍ਹਾਂ ਦਾ ਤਾਣਾਬਾਣਾ ਕੈਨੇਡਾ, ਅਮਰੀਕਾ, ਇਟਲੀ, ਇੰਗਲੈਂਡ ਸਮੇਤ ਹੋਰ ਬਹੁਤ ਸਾਰੇ ਪੱਛਮੀ ਦੇਸ਼ਾਂ ਤਕ ਫੈਲਿਆ ਹੋਇਆ ਹੈ। ਪੰਜਾਬ ਦੀਆਂ ਜੇਲ੍ਹਾਂ ਅੰਦਰੋਂ ਮੋਬਾਈਲ ਫੋਨ ਮਿਲਣੇ ਹੁਣ ਆਮ ਜਿਹੀ ਗੱਲ ਹੋ ਗਈ ਹੈ।



ਇਹ ਗੈਂਗਸਟਰ ਮੁੱਖ ਤੌਰ 'ਤੇ ਸੂਬੇ 'ਚ ਨਸ਼ਿਆਂ ਤੇ ਹਥਿਆਰਾਂ ਦੀ ਸਪਲਾਈ ਕਰਨ ਦੇ ਕੰਮ 'ਚ ਲੱਗੇ ਹੋਏ ਹਨ। ਵੱਖੋ-ਵੱਖਰੇ ਸਿਆਸੀ ਆਗੂਆਂ ਤੇ ਸਰਮਾਏਦਾਰਾਂ ਵੱਲੋਂ ਉਨ੍ਹਾਂ ਦੀ ਪੁਸ਼ਤ-ਪਨਾਹੀ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਗੈਂਗਸਟਰਾਂ ਦੀ ਜੁਰਅਤ ਦਾ ਅੰਦਾਜ਼ਾ ਇਸੇ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਉਹ ਸਿੱਧੂ ਮੂਸੇਵਾਲਾ ਜਿਹੇ ਮਕਬੂਲ ਗਾਇਕ ਦਾ ਦਿਨ-ਦਿਹਾੜੇ ਬੜੇ ਆਰਾਮ ਨਾਲ ਕਤਲ ਕਰ ਸਕਦੇ ਹਨ। ਵਾਰਦਾਤ ਤੋਂ ਬਾਅਦ ਅੱਠ ਤੋਂ 10 ਤਕ ਦੀ ਗਿਣਤੀ 'ਚ ਮੌਜੂਦ ਹਮਲਾਵਰਾਂ 'ਚੋਂ ਇਕ ਨੇ ਤਾਂ ਥਾਰ ਜੀਪ ਨੇੜੇ ਆ ਕੇ ਇਹ ਵੀ ਚੈੱਕ ਕੀਤਾ ਕਿ ਸਿੱਧੂ ਕਿਤੇ ਜਿਊਂਦਾ ਤਾਂ ਨਹੀਂ। ਪੰਜਾਬ ਸਰਕਾਰ ਨੇ ਇਸ ਕਤਲ ਕਾਂਡ ਦੀ ਜਾਂਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਇਕ ਮੌਜੂਦਾ ਜੱਜ ਤੋਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ ਪਰ ਓਧਰ ਰੋਹ 'ਚ ਆਈ ਆਮ ਜਨਤਾ ਦਾ ਉਬਾਲ਼ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਜਿਹੜੇ ਲੋਕਾਂ ਨੇ ਕਦੇ ਸਿੱਧੂ ਮੂਸੇਵਾਲਾ ਦਾ ਇਕ ਵੀ ਗੀਤ ਨਹੀਂ ਸੁਣਿਆ ਸੀ, ਉਸ ਦੀ ਦਿਲੀ ਹਮਦਰਦੀ ਵੀ ਇਸ ਗਾਇਕ ਨਾਲ ਹੈ। ਭਾਵੇਂ ਸਿੱਧੂ ਮੂਸੇਵਾਲਾ ਵੱਲੋਂ ਹਥਿਆਰਾਂ ਨੂੰ ਸ਼ਰੇਆਮ ਉਤਸ਼ਾਹਿਤ ਕਰਨ ਦੇ ਉਸ ਦੇ ਸ਼ੌਕ ਨੂੰ ਕੋਈ ਵੀ ਆਮ ਵਿਅਕਤੀ ਕਦੇ ਆਪਣਾ ਸਮਰਥਨ ਨਹੀਂ ਦੇ ਸਕਦਾ ਪਰ ਅਜਿਹੀ ਹਿੰਸਕ ਘਟਨਾ ਦੀ ਨਿਖੇਧੀ ਚੁਫੇਰਿਓਂ ਹੋ ਰਹੀ ਹੈ ਜੋ ਇਕ ਸੁਭਾਵਕ ਵਰਤਾਰਾ ਹੈ। ਅਜਿਹੇ ਵੇਲੇ ਆਮ ਜਨਤਾ ਤੇ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਨੂੰ ਥੋੜ੍ਹਾ ਸਬਰ ਵਿਖਾਉਣਾ ਹੋਵੇਗਾ। ਸਿੱਧੂ ਮੂਸੇਵਾਲਾ ਦੇ ਚਾਹੁਣ ਵਾਲਿਆਂ ਨੂੰ ਕਿਸੇ ਵੀ ਹਾਲਤ 'ਚ ਹਿੰਸਕ ਨਹੀਂ ਹੋਣਾ ਚਾਹੀਦਾ। ਜੇ ਕਿਤੇ ਕੋਈ ਗੜਬੜੀ ਹੁੰਦੀ ਹੈ ਤਦ ਸਿੱਧੇ ਤੌਰ 'ਤੇ ਸਮਾਜ-ਵਿਰੋਧੀ ਅਨਸਰਾਂ ਤੇ ਗੈਂਗਸਟਰਾਂ ਦੇ ਮਨਸੂਬਿਆਂ ਦੀ ਹੀ ਪੂਰਤੀ ਹੋਵੇਗੀ। ਇਹ ਗੈਂਗਸਟਰ ਹੁਣ ਤਕ ਕਈ ਕਬੱਡੀ ਖਿਡਾਰੀਆਂ ਦੀਆਂ ਜਾਨਾਂ ਲੈ ਚੁੱਕੇ ਹਨ। ਮੁਹਾਲੀ ਦੇ ਇੰਟੈਲੀਜੈਂਸ ਦਫ਼ਤਰ 'ਤੇ ਵੀ ਉਹ ਹਮਲਾ ਕਰ ਚੁੱਕੇ ਹਨ। ਜੇਲ੍ਹਾਂ ਅੰਦਰੋਂ ਚੱਲ ਰਹੀ ਗੈਂਗਵਾਰ ਤੇ ਅਜਿਹੀ ਗੜਬੜੀ ਸਦਕਾ ਪੰਜਾਬ ਦਾ ਮਾਹੌਲ ਦਿਨ-ਬਦਿਨ ਵਿਗੜਦਾ ਜਾ ਰਿਹਾ ਹੈ। ਇਸੇ ਲਈ ਸਿੱਧੂ ਕਤਲ ਕਾਂਡ ਦੀ ਜਾਂਚ ਛੇਤੀ ਤੋਂ ਛੇਤੀ ਮੁਕੰਮਲ ਹੋਣੀ ਚਾਹੀਦੀ ਹੈ ਅਤੇ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਹੋਣਾ ਚਾਹੀਦਾ ਹੈ ਤਾਂ ਜੋ ਭਵਿੱਖ 'ਚ ਅਜਿਹੇ ਖ਼ੂਨ-ਖ਼ਰਾਬਿਆਂ ਤੋਂ ਬਚਾਅ ਹੋ ਸਕੇ। ਜੇਲ੍ਹਾਂ ਨੂੰ 'ਸੁਧਾਰ ਘਰ' ਦਾ ਨਾਂ ਇਸੇ ਲਈ ਦਿੱਤਾ ਗਿਆ ਸੀ ਕਿ ਜੇ ਕੋਈ ਕਿਸੇ ਕਾਰਨ ਕਰਕੇ ਕੁਰਾਹੇ ਪੈ ਗਿਆ ਹੈ ਤਾਂ ਉਹ ਉੱਥੇ ਜਾ ਕੇ ਆਪਣਾ ਜੀਵਨ ਸੁਧਾਰ ਸਕੇ ਪਰ ਨਵੀਂ ਪੀੜ੍ਹੀ ਦੇ ਗੈਂਗਸਟਰਾਂ ਨੇ ਮੌਜੂਦਾ ਜੇਲ੍ਹਾਂ ਨੂੰ ਆਪਣੇ 'ਕੰਟਰੋਲ ਰੂਮ' ਬਣਾ ਕੇ ਰੱਖ ਦਿੱਤਾ ਹੈ।

ਪੰਜਾਬ ਦੇ ਨਾਲ ਕੌਮਾਂਤਰੀ ਸਰਹੱਦ ਲੱਗਦੀ ਹੈ ਜਿਸ ਕਰ ਕੇ ਇੱਥੇ ਮਾਹੌਲ ਵਿਗੜਨ ਦੀ ਸੰਭਾਵਨਾ ਸਦਾ ਹੀ ਬਣੀ ਰਹਿੰਦੀ ਹੈ। ਇੱਥੇ ਜਿੰਨੀ ਵੀ ਸੁਰੱਖਿਆ ਚੌਕਸੀ ਰੱਖੀ ਜਾਵੇ, ਉਹ ਥੋੜ੍ਹੀ ਹੈ। ਆਸ ਹੈ ਕਿ ਮ੍ਰਿਤਕ ਦੇ ਪਿਤਾ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੀਤੀ ਅਪੀਲ ਦਾ ਅਸਰ ਜ਼ਰੂਰ ਹੋਵੇਗਾ ਤੇ ਉਨ੍ਹਾਂ ਦੇ ਪੁੱਤਰ ਸ਼ੁਭਦੀਪ ਸਿੰਘ ਸਿੱਧੂ ਦੇ ਕਾਤਲ ਛੇਤੀ ਹੀ ਕਾਨੂੰਨੀ ਸ਼ਿਕੰਜੇ 'ਚ ਹੋਣਗੇ।

# ਹੁਣ ਸਿਆਸਤ ਲੋਕ ਮੁੱਦਿਆਂ ਨੂੰ ਨਿੱਜੀ ਲਾਭ ਲਈ ਚਲਾਉਣ ਦਾ ਕਿੱਤਾ ਬਣ ਗਈ?



ਪੂਨਮ ਆਈ ਕੌਸ਼ਿਸ਼

ਦਿੱਲੀ ਦੀ ਸਿਆਸੀ ਗਰਮੀ ਵਿੱਚ ਦੇਸ਼ ਦੇ 15 ਰਾਜਾਂ ਵਿੱਚ 57 ਰਾਜ ਸਭਾ ਸੀਟਾਂ ਲਈ ਚੋਣਾਂ ਹੋਣੀਆਂ ਹਨ। ਇਨ੍ਹਾਂ ਚੋਣਾਂਦੇ ਜੇਤੂ ਉਮੀਦਵਾਰਾਂ ਨੂੰ ਜ਼ਿੰਦਗੀ ਭਰ ਵੀ ਵੀ ਆਈ ਪੀ ਦਾ ਦਰਜਾ ਅਤੇ ਬੁਲੇਟ ਪਰੂਫ ਜੈਕੇਟਾਂ ਮਿਲਣਗੀਆਂ ਅਤੇ ਇਸ ਤੋਂ ਵੀ ਗਰਮਾ-ਗਰਮ ਖ਼ਬਰ ਇਹ ਹੈ ਕਿ ਇਨ੍ਹਾਂ ਚੋਣਾਂ ਵਿੱਚ ਬਾਹਰੀ ਲੋਕਾਂ ਨੂੰ ਸਭ ਤੋਂ ਵੱਧ ਟਿਕਟਾਂ ਮਿਲੀਆਂ ਹਨ ਜਿਸ ਤੋਂ ਜਾਪਦਾ ਹੈ ਕਿ ਸਿਆਸਤ ਜਨਤਕ ਮੁੱਦਿਆਂ ਨੂੰ ਨਿੱਜੀ ਲਾਭ ਲਈ ਚਲਾਉਣ ਦਾ ਕਿੱਤਾ ਹੋ ਗਈ ਹੈ।ਰਾਜ ਸਭਾ ਦਾ ਰੂਪ ਤੇ ਉਸ ਦੀ ਗੁਣਵੱਤਾ ਵਿੱਚ ਤੇਜ਼ੀ ਨਾਲ ਗਿਰਾਵਟ ਆਈ। ਨੇਤਾ ਲਈ ਨਿੱਜੀ ਲਗਨ ਜਾਂ ਕਹਿ ਲਓ ਚਮਚਾਗਿਰੀ, ਪੈਸਾ ਅਤੇ ਸਿਆਸੀ ਸਬੰਧਾਂ ਨੂੰ ਸਮਰੱਥਾ ਅਤੇ ਤਜਰਬੇ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਆਂਧਰਾ ਪ੍ਰਦੇਸ਼ ਤੋਂ ਹਨ ਪਰ, ਉਨ੍ਹਾਂ ਨੇ ਕਰਨਾਟਕ ਤੋਂ ਨਾਮਜ਼ਦਗੀ ਪੱਤਰ ਭਰਿਆ ਹੈ। ਇਹੀ ਹਾਲ ਆਂਧਰਾ ਪ੍ਰਦੇਸ਼ ਦੇ ਜੈਰਾਮ ਰਮੇਸ਼ ਦਾ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਪੰਜਾਬ ਤੋਂ ਹਨ, ਪਰ ਰਾਜ ਸਭਾ ਲਈ ਅਸਾਮ ਤੋਂ ਚੁਣੇ ਹੋਏ ਹਨ। ਦਿੱਲੀ ਦੇ ਅਜੇ ਮਾਕਨ ਹਰਿਆਣਾ ਤੋਂ ਅਤੇ ਹਰਿਆਣਾ ਦੇ ਸੂਰਜੇਵਾਲਾ ਰਾਜਸਥਾਨ ਤੋਂ ਅਤੇ ਮਹਾਰਾਸ਼ਟਰ ਦੇ ਮੁਕੁਲ ਵਾਸਨਿਕ ਵੀ ਰਾਜਸਥਾਨ ਤੋਂ ਉਮੀਦਵਾਰ ਹਨ। ਸਮਾਜਵਾਦੀ ਦੀ ਜਯਾ ਬੱਚਨ ਮੁੰਬਈਰਹਿੰਦੀ ਹੈ, ਪਰ ਉਹ ਉਤਰ ਪ੍ਰਦੇਸ਼ ਤੋਂ ਚੁਣੀ ਹੋਈ ਹੈ ਤੇ ਇਹੀ ਹਾਲਤ ਕਾਂਗਰਸ ਦੇ ਸਾਬਕਾ ਮੰਤਰੀ ਦਿੱਲੀ ਦੇ ਕਪਿਲ ਸਿੱਬਲ ਦੀ ਹੈ।

ਸਵਾਲ ਉਠਦਾ ਹੈ ਕਿ ਕੀ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨੇ ਕਦੀ ਉਸ ਸੂਬੇ ਬਾਰੇ ਕੁਝਬੋਲਿਆ ਹੈ, ਜਿਸ ਦੀ ਉਹ ਪ੍ਰਤੀਨਿਧਤਾ ਕਰਦੇ ਹਨ, ਜਿਸ ਕਾਰਨ ਇਹ ਸਦਨ ਆਪਣੀ ਉਸ ਪ੍ਰਮੁੱਖ ਭੂਮਿਕਾ ਨਿਭਾਉਣ ਵਿੱਚ ਅਸਫਲ ਰਿਹਾ ਹੈ, ਜਿਸ ਲਈ ਉਨ੍ਹਾਂ ਨੇ ਰਾਜਾਂ ਦੀਆਂ ਚਿੰਤਾਵਾਂ ਨੂੰ ਉਠਾਉਣਾ ਸੀ ਅਤੇ ਇਸ ਤਰ੍ਹਾਂ ਇਹ ਸਦਨ ਲੋਕ ਸਭਾ ਦੇ ਬਰਾਬਰ ਕੰਮ ਕਰ ਰਿਹਾ ਹੈ ਅਤੇ ਅੱਗੋਂ ਇਸ ਵਿੱਚ ਵੀ ਗੰਭੀਰ ਚਰਚਾ ਦੀ ਥਾਂ ਰੌਲੇ-ਰੱਪੇ ਨੇ ਲੈ ਲਈ ਹੈ।

ਬਾਹਰੀ ਲੋਕਾਂ ਕਾਰਨ ਇਸ ਸਦਨ ਦਾ ਓਨਾ ਫਲ ਨਹੀਂ ਮਿਲਦਾ ਅਤੇ ਕੇਂਦਰ ਅਤੇ ਰਾਜਾਂ ਵਿਚਕਾਰ ਆਦਰਸ਼ ਸੰਤੁਲਨ ਵੀ ਗੜਬੜਾ ਰਿਹਾ ਹੈ ਅਤੇ ਦੇਸ਼ ਦਾ ਫੈਡਰਲ ਢਾਂਚਾ ਢਹਿ-ਢੇਰੀ ਹੋ ਰਿਹਾ ਹੈ। ਰਾਜਾਂ ਦੀ ਆਵਾਜ਼ ਬਾਹਰੀ ਸੱਤਾ ਦੇ ਦਲਾਲਾਂ ਦੇ ਰੌਲੇ ਵਿੱਚ ਗਵਾਚ ਰਹੀ ਹੈ। ਅੱਜ ਸਿਆਸੀ ਅਕਸ ਨੂੰ ਡਿਟਰਜੈਂਟ ਵਾਂਗ ਬ੍ਰਾਂਡ ਕੀਤਾ ਜਾਂਦਾ ਹੈ। ਬਾਹਰੀ ਲੋਕਾਂ ਨੇ ਉਚ ਸਦਨ ਨੂੰ ਦੇਸ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਥਾਂ ਆਪਣੇ ਲਾਭ ਦਾ ਸਾਧਨ ਬਣਾ ਦਿੱਤਾ ਹੈ। ਉਤਰ-ਪੂਰਬ ਦੇ ਇੱਕ ਨੇਤਾ ਦੇ ਸ਼ਬਦਾਂ ਵਿੱਚ, ''ਜੇ ਬਾਹਰੀ ਲੋਕਾਂ ਨੂੰ ਰਾਜ ਸਭਾ ਦੀ ਟਿਕਟ ਦਿੱਤੀ ਜਾਵੇਗੀ ਤਾਂ ਸਾਡੇ ਲੋਕਾਂ ਨੂੰ ਆਪਣੇ ਰਾਜਾਂ ਤੋਂ ਸੀਨੀਅਰ ਸਿਆਸੀ ਆਗੂ ਰਾਜ ਸਭਾ ਵਿੱਚ ਭੇਜਣ ਦੇ ਸੀਮਤ ਮੌਕੇ ਵੀ ਗਵਾਚ ਜਾਣਗੇ। ਕੀ ਦਿੱਲੀ ਵਿੱਚ ਸਾਡੀ ਨਾਜ਼ੁਕਤਾ ਦਾ ਧਿਆਨ ਰੱਖਿਆ ਜਾਂਦਾ ਹੈ?'' ਇਸ ਤੋਂ ਮੂਲ ਸਵਾਲ ਉਠਦਾ ਹੈ ਕਿ ਬਾਹਰੀ ਨੇਤਾ ਰਾਜਾਂ ਦੀਆਂ ਇੱਛਾਵਾਂ ਦੀ ਪ੍ਰਤੀਨਿਧਤਾ ਕਰਦੇ ਹਨ? ਬਿਲਕੁਲ ਨਹੀਂ। ਉਨ੍ਹਾਂ ਵਿੱਚੋਂ ਕਈ ਨੇਤਾ ਓਥੋਂ ਦੀ ਭਾਸ਼ਾ ਵੀ ਨਹੀਂ ਜਾਣਦੇ, ਜਿੱਥੋਂ ਉਹ ਰਾਜ ਸਭਾ ਲਈ ਚੁਣੇ ਜਾਦੇ ਹਨ ਅਤੇ ਉਥੋਂ ਦੇ ਲੋਕਾਚਾਰ ਅਤੇ ਸੱਭਿਆਚਾਰ ਤੋਂ ਵੀ ਜਾਣੂ ਨਹੀਂ।

ਕਰਨਾਟਕ ਅਤੇ ਤਾਮਿਲਨਾਡੂ ਦੋਵਾਂ ਸੂਬਿਆਂ



ਵਿਚਾਲੇ ਕਾਵੇਰੀ ਨਦੀ ਦੇ ਪਾਣੀ ਦੀ ਵੰਡ ਬਾਰੇ ਝਗੜਾ ਚੱਲਦਾ ਹੈ। ਕੀ ਕੋਈ ਵਿਅਕਤੀ, ਜੋ ਕਰਨਾਟਕ ਦਾ ਨਿਵਾਸੀ ਹੈ, ਤਾਮਿਲਨਾਡੂ ਦੇ ਹਿੱਤਾਂ ਦੀ ਸਹੀ ਢੰਗ ਨਾਲ ਪ੍ਰਤੀਨਿਧਤਾ ਕਰੇਗਾ? ਜੇ ਰਾਜ ਸਭਾ ਲਈ ਉਸ ਰਾਜ ਵਿੱਚ ਨਿਵਾਸ ਦੀ ਮਜ਼ਬੂਰੀ ਨਾ ਹੁੰਦੀ ਤਾਂ 12 ਨਾਮਜ਼ਦ ਮੈਂਬਰਾਂ ਦੇ ਇਲਾਵਾ ਬਾਕੀ ਸਾਰੇ 250 ਮੈਂਬਰ ਇੱਕੋ ਸੂਬੇ ਤੋਂ ਜਾਂ ਸ਼ਾਇਦ ਇੱਕੋ ਸ਼ਹਿਰ ਤੋਂ ਹੁੰਦੇ।

ਭਾਰਤੀ ਸੰਵਿਧਾਨ ਦੇ ਨਿਰਮਾਤਾ ਚਾਹੁੰਦੇ ਸਨ ਕਿ ਰਾਜ ਸਭਾ ਵਿੱਚ ਲੋਕ ਸਭਾ ਤੋਂ ਮੈਂਬਰਾਂ ਦੀ ਤੁਲਨਾ ਵਿੱਚ ਵੱਧ ਤਜਰਬੇਕਾਰ ਅਤੇ ਪ੍ਰਸਿੱਧ ਵਿਅਕਤੀ ਆਉਣ, ਜੋ ਚੋਣ ਮੁਕਾਬਲੇ ਵਿੱਚ ਨਾ ਉਤਰਨਾ ਚਾਹੁੰਦੇ ਹੋਣ ਪਰ ਆਪਣੇ ਗਿਆਨ ਕਾਰਨ ਬਹਿਸ ਵਿੱਚ ਹਿੱਸਾ ਲੈਣ ਚਾਹੁੰਦੇ ਹੋਣ।

ਸਾਲ 2003 ਵਿੱਚਪਾਰਲੀਮੈਂਟ ਨੇ ਲੋਕ ਪ੍ਰਤੀਨਿਧਤਾ ਕਾਨੂੰਨ ਵਿੱਚ ਸੋਧ ਕੀਤੀ ਅਤੇ ਰਾਜ ਸਭਾ ਲਈ ਚੁਣੇ ਹੋਣ ਲਈ ਮੂਲ ਨਿਵਾਸ ਦੀ ਸ਼ਰਤ ਖਤਮ ਕੀਤੀ ਤੇ 2006 ਵਿੱਚ ਸੁਪਰੀਮ ਕੋਰਟ ਨੇ ਇਸ ਦੀ ਸੰਵਿਧਾਨਕ ਜਾਇਜ਼ਤਾ ਨੂੰ ਇਹ ਕਹਿ ਕੇ ਸਹੀ ਮੰਨਿ ਲਿਆ ਕਿ ਫੈਡਰਲਵਾਦ ਦਾ ਸਿਧਾਂਤ ਸੂਬਾਈ ਭੂਗੋਲ ਨਾਲ ਸਬੰਧਤ ਨਹੀਂ ਹੈ। ਇਸ ਤਰ੍ਹਾਂ ਸੱਤਾ ਦੇ ਦਲਾਲਾਂ ਅਤੇ ਲੋਕ ਸਭਾ ਵਿੱਚ ਹਾਰਨ ਵਾਲੇ ਨੇਤਾਵਾਂ ਲਈ ਰਾਜ ਸਭਾ ਵਿੱਚ ਪੈਸਾ ਅਤੇ ਹੋਰ ਸਾਧਨਾਂ ਨਾਲ ਸੁਰੱਖਿਅਤ ਸੀਟ ਮਿਲਣੀ ਸੌਖੀ ਹੋ ਗਈ।

ਇਸ ਲਈ ਡਾ ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਕਿਹਾ ਸੀ ਕਿ ਰਾਜ ਸਭਾ ਰਾਜਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਦਾ ਮੂਲ ਰੂਪ ਜਿਵੇਂ ਸਾਰੀਆਂ ਧਿਰਾਂ ਨੇ ਮੂਲ ਤੌਰ ਉੱਤੇ ਪ੍ਰਵਾਨ ਕੀਤਾ ਹੈ, ਉਨ੍ਹਾਂ ਇਕਾਈਆਂ ਦੇ ਹਿੱਤਾਂ ਤੇ ਚਿੰਤਾਵਾਂ ਨੂੰ ਪਾਰਲੀਮੈਂਟਰੀ ਪੱਧਰ ਉੱਤੇ ਅਸਰ ਨਾਲ ਪ੍ਰਗਟ ਕਰਨਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਨੇ 1953 ਵਿੱਚ ਲੋਕ ਸਭਾ ਵਿੱਚ ਸਪੱਸ਼ਟ ਕੀਤਾ ਸੀ ਕਿ ਰਾਜ ਸਭਾ ਨਾ ਉਚ ਸਦਨ ਹੈ ਅਤੇ ਨਾ ਸੀਨੀਅਰ ਲੋਕਾਂ ਦਾ ਸਦਨ। ਇਹ ਰਾਜਾਂ ਦਾ ਸਦਨ ਹੈ ਤੇ ਇਸ ਦੇ ਨਿਰਧਾਰਤ ਕਾਰਜ ਹਨ। ਇਸਦੇ ਇਲਾਵਾ ਰਾਜ ਸਭਾ ਨੂੰ ਸੂਬਿਆਂ ਦੇ ਮਾਮਲਿਆਂ ਵਿੱਚ ਵਿਸ਼ੇਸ਼ ਸ਼ਕਤੀਆਂ ਪ੍ਰਾਪਤ ਹਨ। ਮਿਸਾਲ ਲਈ ਸੰਵਿਧਾਨ ਦੀ ਧਾਰਾ 249 ਉਸ ਨੂੰ ਸੂਬਾ ਸੂਚੀ ਦੇ ਮਾਮਲਿਆਂ ਵਿੱਚ ਵਿਧਾਨ ਬਣਾਉਣ ਦੀ ਸ਼ਕਤੀ ਦਿੰਦੀ ਹੈ।

ਇਸ ਦੇ ਲਈ ਉਸ ਨੂੰ ਸਦਨ ਵਿੱਚ ਹਜ਼ਾਰ ਅਤੇ ਵੋਟ ਪਾਉਣ ਵਾਲੇ ਮੈਂ-ਬਰਾਂ ਦੇ ਦੋ ਤਿਹਾਈ ਬਹੁਮਤ ਨਾਲ ਇੱਕ ਸੰਕਲਪ ਪਾਸ ਕਰਨਾ ਹੁੰਦਾ ਹੈ ਕਿ ਇਹ ਰਾਸ਼ਟਰੀ ਹਿੱਤ ਵਿੱਚ ਜ਼ਰੂਰੀ ਹੈ।

ਭਾਰਤ ਦੇ ਸੰਵਿਧਾਨ ਸਮੀ-ਖਿਆ ਕਮਿਸ਼ਨ 2006 ਦੀ ਰਿਪੋਰਟ ਵਿੱਚ ਸਿਫ਼ਾਰਿਸ਼ ਕੀਤੀ ਗਈ ਹੈ ਕਿ ਰਾਜ ਸਭਾ ਦੇ ਮੁੱਢਲੇ ਫੈਡਰਲ ਸਰੂਪ ਨੂੰ ਬਣਾਈ ਰੱਖਣ ਲਈ ਇਸ ਸਦਨ ਲਈ ਚੋਣ ਲੜਨ ਲਈ ਮੂਲ ਨਿਵਾਸ ਦਾ ਹੋਣਾ ਲਾਜ਼ਮੀ ਹੈ, ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਮੂਲ ਨਿਵਾਸ ਦਾ ਮਾਪਦੰਡ ਮਹੱਤਵਪੂਰਨ ਨਹੀਂ, ਕਿਉਂਕਿ ਰਾਜ ਸਭਾ ਵਿੱਚ ਕੋਈ ਵੀ ਪ੍ਰਤੀਨਿਧਤਾ ਸਦਨ ਦੀ ਤੁਲਨਾਤਮਕ ਸ਼ਕਤੀ ਨਹੀਂ ਵਧਾਉਂਦਾ।ਸਮਾਂ ਆ ਗਿਆ ਹੈ ਕਿ ਸਾਡਾ ਹਾਕਮ ਵਰਗ ਬਾਹਰੀ ਲੋਕਾਂ ਨੂੰ ਨਾਮਜ਼ਦ ਕਰਨ ਦੇ ਸੱਭਿਆਚਾਰ ਤੋਂ ਬਚੇ। ਪਾਰ-ਲੀਮੈਂਟ ਦੀ ਮੈਂਬਰੀ ਨੂੰ ਸ਼ਾਸਿਤ ਕਰਨ ਵਾਲੇ ਨਿਯਮਾਂ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ। ਇੱਕ ਮਤ ਇਹ ਹੈ ਕਿ ਰਾਜ ਸਭਾ ਨੂੰ ਹੋਰ ਵੀ ਵੱਧ ਉਪਯੋਗੀ ਭੂਮਿਕਾ ਨਿਭਾਉਣ ਵਾਲਾ ਸਦਨ ਬਣਾਇਆ ਜਾ ਸਕਦਾ ਹੈ। ਜੈਪ੍ਰਕਾਸ਼ ਨਾਰਾਇਣ ਇੱਕ ਸਮੇਂ ਪਾਰਟੀ ਵਿਹੂਣੀ ਰਾਜ ਸਭਾ ਦੇ ਪੱਖ ਵਿੱਚ ਸਨ, ਜਿਸ ਦੇ ਅਨੁਸਾਰ ਸਿਰਫ਼ ਉਹ ਲੋਕ ਰਾਜ ਸਭਾ ਦੇ ਮੈਂਬਰ ਬਣ ਸਕਦੇ ਹਨ, ਜਿਨ੍ਹਾਂ ਨੇ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਇੱਕ ਟਰਮ ਪੂਰੀ ਕੀਤੀ ਹੋਵੇ ਅਤੇ ਕਿਸੇ ਵਿਅਕਤੀ ਨੂੰ ਦੋ ਵਾਰ ਤੋਂ ਵੱਧ ਰਾਜ ਸਭਾ ਦਾ ਮੈਂਬਰ ਨਾ ਬਣਾਇਆ ਜਾਵੇ ਕਿਉਂਕਿ ਰਾਜ ਸਭਾ ਦੀ ਪ੍ਰਤੀਨਿਧਤਾ ਸਮੂਹਿਕ ਭਲਾਈ ਉੱਤੇ ਆਧਾਰਿਤ ਹੈ। ਅੱਜ ਰਾਜ ਸਭਾ ਦੇ ਕਈ ਮੈਂਬਰ ਚਾਰ ਤੋਂ ਛੇ ਵਾਰ ਤੱਕ ਮੈਂਬਰ ਬਣ ਗਏ ਹਨ ਅਤੇ ਉਨ੍ਹਾਂ ਨੇ ਕਦੀ ਰਾਜ ਵਿਧਾਨ ਸਭਾ ਜਾਂ ਲੋਕ ਸਭਾ ਦੀ ਚੋਣ ਨਹੀਂ ਲੜੀ। ਇਸ ਲਈ ਮੂਲ ਨਿਵਾਸ ਜ਼ੋਰ ਦੇਣਾ ਹੋਵੇਗਾ, ਜੋ ਪ੍ਰਤੀਨਿਧਤਾ ਨੂੰ ਤਸਦੀਕ ਕਰਦਾ ਹੈ, ਜਿਸ ਰਾਹੀਂ ਰਾਜਾਂ ਦੇ ਹਿੱਤਾਂ ਦੀ ਦੇਖਭਾਲ ਹੁੰਦੀ ਹੈ। ਜੇ ਬਾਹਰੀ ਤੇ ਲਗਨ ਵਾਲੇ ਨੇਤਾਵਾਂ ਨੂੰ ਰਾਜ ਸਭਾ ਵਿੱਚ ਨਾਮਜ਼ਦ ਕਰਨ ਦੀ ਰਵਾਇਤ ਜਾਰੀ ਰਹੀ ਤਾਂ ਫਿਰ ਰਾਜ ਸਭਾ ਦੇ ਭਵਿੱਖ ਉੱਤੇ ਸਾਨੂੰ ਅੱਥਰੂ ਹੀ ਵਹਾਉਣੇ ਪੈਣਗੇ।

# ਐਨ ਆਰ ਆਈ ਜਾਇਦਾਦਾਂ ਦੀ ਰਾਖੀ ਲਈ ਬਣਾਏ ਐਕਟ ਦੇ ਕੱਚ ਦਾ ਸੱਚ !



ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ, ਯੂ ਕੇ

ਇਹ ਇਕ ਬਹੁਤ ਕੌੜਾ ਸੱਚ ਹੈ ਕਿ ਪੰਜਾਬ ਦੇ ਐਨ ਆਰ ਆਈ, ਪੰਜਾਬ ਦੇ ਹੀ ਨਹੀਂ ਬਲਕਿ ਪੂਰੇ ਭਾਰਤ ਦੇ ਅਰਥਚਾਰੇ ਨੂੰ ਆਪਣੀ ਖ਼ੂਨ ਪਸੀਨੇ ਦੀ ਕਮਾਈ ਨਾਲ ਵਿਦੇਸ਼ੀ ਮੁਦਰਾ ਭੇਜ ਕੇ ਦੀਵਾਲੀਏਪਨ ਦੀ ਕਗਾਰ 'ਤੇ ਖੜ੍ਹੇ ਰਾਜ ਤੇ ਮੁਲਕ ਵੂੰ ਵੱਡਾ ਠੁੰਮ੍ਹਣਾ ਦੇ ਰਹੇ ਹਨ । ਹਰ ਸਾਲ ਮਿਲੀਅਨ ਹੀ ਨਹੀ ਸਗੋਂ ਬਿਲੀਅਨ ਡਾਲਰ ਦੀ ਵਿਦੇਸ਼ੀ ਕਰੰਸੀ ਭਾਰਤ ਵਿਚ ਭੇਜ ਕੇ ਜਿਥੇ ਉਹ ਆਪਣੇ ਪਰਿਵਾਰਾਂ ਤੇ ਸਕੇ ਸਬੰਧੀਆ ਦੀ ਸਹਾਇਤਾ ਕਰਦੇ ਹਨ, ਸਮਾਜਕ ਕਾਰਜਾਂ ਚ ਹਿਸਾ ਪਾਉਂਦੇ ਹਨ, ਖੇਡਾਂ ਦੇ ਟੂਰਨਾਮੈਂਟ, ਸੱਭਿਆਚਾਰਕ ਮੇਲੇ, ਵੱਖ ਵੱਖ ਬੀਮਾਰੀਆਂ ਦੇ ਮੁਫ਼ਤ ਕੈਂਪ, ਆਪੋ ਆਪਣੇ ਪਿੰਡਾਂ ਤੇ ਇਲਾਕਿਆਂ ਦੇ ਸੁਧਾਰ ਕਾਰਜਾਂ ਚ ਹਿੱਸਾ ਪਾਉਂਦੇ ਹਨ ਤੇ ਆਪੋ ਆਪਣੇ ਪਿੰਡਾਂ ਨੂੰ ਮਾਡਲ ਪਿੰਡਾਂ ਚ ਬਦਲਣ ਵਾਸਤੇ ਮੋਹਰੀ ਦੀ ਭੂਮਿਕਾ ਨਿਭਾਉਂਦੇ ਹਨ ਉੱਥੇ ਉਹਨਾਂ ਦੀਆ ਜੱਦੀ ਤੇ ਆਪਣੇ ਖ਼ੂਨ ਪਸੀਨੇ ਨਾਲ ਬਣਾਈਆ ਜਾਇਦਾਗਾਂ ਉੱਤੇ ਰਾਜ ਵਿਚਲਾ ਭੂ ਮਾਫ਼ੀਆ ਪਿਛਲੇ ਕਈ ਦਹਾਕਿਆਂ ਤੋ ਬੇਖੌਫ ਹੋ ਕੇ ਨਾਜਾਇਜ ਕਬਜੇ ਕਰਨ ਵਾਸਤੇ ਵੱਡੇ ਪੱਧਰ 'ਤੇ ਸਰਗਰਮ ਹੈ ।

ਬਹੁਤ ਸਾਰੇ ਐਨ ਆਰ ਆਈ ਇਸ ਵੇਲੇ ਆ-ਪਣੀਆ ਜਾਇਦਾਦਾਂ ਦੀ ਪ੍ਰਾਪਤੀ ਜਾਂ ਨਾਜਾਇਜ਼ ਕਬਜ਼ਿਆਂ ਤੋ ਮੁਕਤੀ ਵਾਸਤੇ ਆਪਣੇ ਹੱਕਾਂ ਵਾਸਤੇ ਕਈ ਕਈ ਸਾਲਾਂ ਤੋਂ ਰਾਜ ਦੀਆ ਅਦਾਲਤਾਂ ਚ ਮੁਕੱਦਮੇ ਲੜਦੇ ਹੋਏ ਵਕੀਲਾਂ ਦੀਆ ਮੂੰਹ ਮੰਗੀਆਂ ਫ਼ੀਸਾਂ ਅਦਾ ਕਰਨ ਸਮੇਤ ਹੱਦ ਦਰਜੇ ਦੀ ਖੱਜਲ ਖ਼ਰਾਬੀ ਝੱਲ ਰਹੇ ਹਨ ।

ਰਾਜ ਸਰਕਾਰ ਇਸ ਮਾਮਲੇ ਚ ਬਿਆਨ ਤਾਂ ਵੱਡੇ ਵੱਡੇ ਦੇਂਦੀ ਹੈ ਕਿ ਐਨ ਆਰ ਆਈਜ ਦੀ ਭਲਾਈ ਵਾਸਤੇ ਫਲਾਨ ਤੇ ਢੀਂਗ ਕੀਤਾ ਜਾਵੇਗਾ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਐਨ ਆਰ ਆਈਜ ਦੇ ਭਲੇ ਵਾਸਤੇ ਜ਼ਮੀਨੀ ਪੱਧਰ 'ਤੇ ਕੁੱਜ ਵੀ ਨਹੀਂ ਕੀਤਾ ਜਾਂਦਾ। ਐਨ ਆਰ ਸਭਾ ਦਾ ਗਠਿਨ ਸੱਤਾਧਾਰੀ ਪਾਰਟੀ ਵੱਲੋਂ ਆਪਣੇ ਖਾਸਨਖਾਸ ਲੋਕਾਂ ਨੂੰ ਮੁਫ਼ਤ 'ਚ ਸਰਕਾਰੀ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਕੀਤਾ ਜਾਂਦਾ ਹੈ, ਐਨ ਆਰ ਆਈ ਕਮਿਸ਼ਨ ਆਪੋ ਆਪਣੀ ਪਸੰਦ ਦੇ ਰਿਟਾਇਰ ਹੋ ਚੁੱਕੇ ਅਫਸਰਾਂ ਤੇ ਜੱਜਾਂ ਨੂੰ ਮੁਫਤ ਦੀਆ ਤਨਖਾਹਾਂ ਤੇ ਸਹੂਲਤਾਂ ਦੇਣ ਦੇ ਮਕਸਦ ਨਾਲ ਚਲਾਇਆ ਜਾ ਰਿਹਾ ਹੈ ਤੇ ਏਹੀ ਹਾਲ ਐਨ ਆਰ ਆਈ ਪੁਲਿਸ ਠਾਣਿਆ ਦਾ ਹੈ । ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਉਕਤ ਮਹਿਕਮੇ ਸਰਕਾਰ ਦੇ ਚਿੱਟੇ ਹਾਥੀ ਹਨ । ਬਹੁਤੇ ਲੋਕਾਂ ਨੂੰ ਇਹਨਾ ਬਾਰੇ ਪਤਾ ਹੀ ਨਹੀ, ਜਿਹਨਾ ਨੂੰ ਪਤਾ ਹੈ, ਉਹਨਾ ਵਾਸਤੇ ਇਹਨਾ ਵਿਭਾਗਾਂ ਤੱਕ ਪਹੁੰਚ ਕਰਨਾ ਕਿਸੇ ਵੀ ਤਰਾਂ ਸੱਪ ਦੇ ਸਿਰੋਂ ਮਣੀ ਕੱਢਣ ਦੇ ਬਰਾਬਰ ਹੈ । ਸਾਡੇ ਵਿਚੋਂ ਕਿੰਨਿਆਂ ਕੁ ਨੂੰ ਇਹ ਪਤਾ ਹੈ ਕਿ ਐਨ ਆਰ ਆਈਜ ਦੀਆ ਜਾਇਦਾਦਾਂ ਦੀ



ਰਖਵਾਲੀ ਵਾਸਤੇ 1978 ਵਿੱਚ ਭਾਵ 44 ਸਾਲ ਪਹਿਲਾਂ ਪੰਜਾਬ ਸਰਕਾਰ ਨੇ ਇਕ ਕਾਨੂੰਨ ਬਣਾਇਆਂ ਸੀ ਜਿਸ ਦਾ ਨਾਮ ਪੰਜਾਬ ਐਕਟ ਨੰਬਰ 33, 1978 ਹੈ, ਇਸ ਕਾਨੂੰਨ ਨੂੰ 10 ਅਕਤੂਬਰ 1978 ਨੂੰ ਭਾਰਤ ਦੇ ਰਾਸ਼ਟਰਪਤੀ ਨੇ ਆਪਣੇ ਦਸਤਖ਼ਤ ਕਰਕੇ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਸੀ । ਬੇਸ਼ੱਕ ਇਸ ਕਾਨੂੰਨ ਦਾ ਅਸਲ ਮਕਸਦ ਪੰਜਾਬ ਦੇ ਸੇਵਾ ਮੁਕਤ ਫੌਜੀਆਂ/ ਜੰਗੀ ਵਿਧਵਾਵਾਂ ਤੇ ਉਹਨਾਂ ਦੇ ਆਸ਼ਰਿਤਾਂ ਦੀ ਭਲਾਈ ਕਰਨਾ ਤੇ ਉਹਨਾ ਵਾਸਤੇ ਰੋਜ਼ਗਾਰ ਦਾ ਪਰਬੰਧ ਕਰਨਾ ਸੀ । ਐਨ ਆਰ ਆਈਜ ਦੀਆ ਜਾਇਦਾਦਾਂ ਸਾਂਭ ਸੰਭਾਲ ਤੇ ਸੁਰੱਖਿਆ ਨੂੰ ਵੀ ਇਸ ਵਿੱਚ ਸ਼ਾਮਿਲ ਕਰ ਲਿਆ ਗਿਆ ।

ਇਸ ਕਾਰਜ ਵਾਸਤੇ ਪੰਜਾਬ ਐਕਸ ਸਰਵਿਸ-ਮੈਨ ਕਾਰਪੋਰੇਸ਼ਨ ਦਾ ਗਠਿਨ ਕੀਤਾ ਗਿਆ, ਜਿਸ ਨੇ ਸਾਬਕਾ ਫ਼ੌਜੀ ਤੇ ਉਹਨਾਂ ਦੇ ਜਾਨਸ਼ੀਨ ਭਰਤੀ ਕਰਕੇ ਉਹਨਾਂ ਨੂੰ ਲੋੜੀਂਦੀ ਟਰੇਨਿੰਗ ਦਿੱਤੀ ਤੇ ਉਕਤ ਕਾਰਪੋਰੇਸ਼ਨ ਦਾ ਪਹਿਲਾ ਪਰੋਜੈਕਟ 1991 ਚ ਰਣਜੀਤ ਸਾਗਰ ਡੈਮ ਸ਼ਾਹਪੁਰ ਕੰਢੀ ਬਣਿਆ ਜਿੱਥੇ ਕਾਰਪੋਰੇਸ਼ਨ ਵੱਲੋਂ ਸਾਢੇ ਕੁ ਸੱਤ ਸੌ ਦੇ ਲਗਭਗ ਸਿਕਓਰਟੀ ਗਾਰਡ ਤਾਇਨਾਤ ਕੀਤੇ ਗਏ। ਬਾਅਦ ਵਿਸ ਐਕਸੀਅਨ ਸਰਵਿਸ ਮੈਨ ਕਾਰਪੋਰੇਸ਼ਨ ਨਾ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੇ ਕਈ ਵੱਡੇ ਅਦਾਰਿਆਂ ਨੂੰ ਆਪਣੀ ਸੁਰੱਖਿਆ ਸੇਵਾਵਾਂ ਵੀ ਪ੍ਰਦਾਨ ਕੀਤੀਆਂ।

ਜਿੱਥੋਂ ਤੱਕ ਐਨ ਆਰ ਆਈਜ ਦੀਆ ਜਾਇਦਾਦਾਂ ਨੂੰ ਸੁਰੱਖਿਆ ਸੇਵਾਵਾਂ ਪ੍ਰਦਾਨ ਕਰਨ ਦੀ ਗੱਲ ਹੈ ਤਾਂ ਤੁਸੀ ਪੜ੍ਹ ਜਾਂ ਸੁਣਕੇ ਹੈਰਾਨ ਹੋਵੋਗੇ ਕਿ ਜੇਕਰ ਉਕਤ ਕਾਰਪੋਰੇਸ਼ਨ ਜਿਸ ਨੂੰ ਪੇਸਕੋ (PESCO) ਵੀ ਕਿਹਾ ਜਾਂ ਹੈ ਤੇ ਕਿਸੇ ਐਨ ਆਰ ਆਈ ਨੇ ਆਪਣੀ ਜਾਇਦਾਦ ਦੀ ਸੁਰੱਖਿਆ ਵਾਸਤੇ ਸੇਵਾਵਾਂ ਪਰਾਪਤ ਕਰਨੀਆਂ ਹੋਣ ਤਾਂ ਉਸ ਨੂੰ ਸੇਵਾਵਾਂ ਬਦਲੇ ਹਰ ਮਹੀਨੇ 65 ਤੋਂ 75 ਹਜ਼ਾਰ ਰੁਪਏ ਮਹੀਨਾ ਅਦਾ ਕਰਨਾ ਪੈਂਦਾ ਹੈ ਜਿਸ ਦੇ ਬਦਲੇ ਸੰਬੰਧਿਤ ਐਨ ਆਰ ਆਈ ਦੀ ਜਾਇਦਾਦ 'ਤੇ ਅੱਠ ਅੱਠ ਘੰਟੇ ਦੀ ਡਿਊਟੀ ਵਾਸਤੇ ਤਿੰਨ ਸੁਰੱਖਿਆ ਗਾਰਡ ਤੇ ਇਕ ਸੁਪਰਵਾਈਜ਼ਰ ਤਾਇਨਾਤ ਕੀਤੇ ਜਾਂਦੇ ਹਨ ।

ਅੱਜ ਤੱਕ ਇਸ ਸੇਵਾ ਦਾ ਕਿੰਨੇ ਕੁ ਐਨ ਆਰ ਆਈਜ ਨੇ ਲਾਭ ਲਿਆ ਹੈ, ਇਸ ਬਾਰੇ ਤਾਂ ਪੰਜਾਬ ਸਰਕਾਰ ਜਾਂ ਫਓਿੰਛੋ ਹੀ ਦੱਸ ਸਕਦੀ ਹੈ, ਪਰ ਇਸ ਐਕਟ ਵਿੱਚ ਐਨ ਆਰ ਆਈਜ ਦੀਆਂ ਜਾਇਦਾਦਾਂ ਨੂੰ ਸੁਰੱਖਿਆ ਦੇਣ ਬਦਲੇ ਉਹਨਾਂ ਦੀ ਖ਼ੂਨ ਪਸੀਨੇ ਦੀ ਕਮਾਈ ਉਹਨਾ ਦੀ ਜੇਬ 'ਚੋ ਇਹ ਡਰ ਦੇ ਕੇ ਕਿ ਤੁਹਾਡੀਆਂ ਜਾਇਦਾਦਾਂ ਪੰਜਾਬ ਚ ਸੁਰ-ਖਿਅਤ ਨਹੀਂ ਹਨ ਰਾਹੀਂ ਕਢਵਾਉਣ ਦਾ ਉਪਰਾਲਾ ਜ਼ਰੂਰ ਕੀਤਾ ਗਿਆ ਹੈ।


ਮੈਂ ਬਹੁਤਿਆ ਨੂੰ ਇਸ ਐਕਟ ਬਾਰੇ ਪੁੱਛਿਆ ਤਾਂ ਉਹਨਾ ਨੇ ਇਸ ਤੋਂ ਅਣਦਾਣਤਾ ਹੀ ਪਰਗਟਾਈ ਤੇ ਨਾਲ ਹੀ ਇਹ ਵੀ ਕਿਹਾ ਕਿ ਪੰਜਾਬ ਵਿਚ ਜਾਇਦਾਦਾਂ ਤਾਂ ਇਕ ਪਾਸੇ ਐਨ ਆਰ ਆਈਜ ਦੀਆ ਜਾਨਾ ਵੀ ਸੁਰਿਖਿਆ ਨਹੀ ਹਨ, ਹੁਣ ਤੱਕ ਬਹੁਤ ਸਾਰੇ ਐਨ ਆਰ ਆਈਜ ਦੀਆ ਬੜੀ ਭੇਦ ਭਰੀ ਹਾਲਤ ਚ ਮੌਤਾ ਹੋ ਚੁੱਕੀਆ ਹਨ, ਪੁਲਿਸਤੰਤਰ ਨਾਲ ਮਿਲੀ ਭੁਗਤ ਕਰਕੇ ਨਾਜਾਇਜ ਕਬਜੇ ਹੁੰਦੇ ਹਨ ਤੇ ਜੇਕਰ ਕੋਈ ਪਰਵਾਸੀ ਆਪਣੇ ਹੱਕ ਲਈ ਅਵਾਜ ਉਠਾਉਂਦਾ ਹੈ ਤਾਂ ਉਸ ਨੂੰ ਵਤਨੋ ਪਰਦੇਸ ਵਾਪਸੀ ਵਾਸਤੇ ਅੜਿਕੇ ਖੜ੍ਹੇ ਕਰਨ ਦੀਆਂ ਧਮਕੀਆਂ ਦਿੱਤੀਆ ਜਾਂਦੀਆਂ ਹਨ । ਜਿਥੋ ਤੱਕ ਉਕਤ ਐਰਟ ਦਾ ਸੰਬੰਧ ਹੈ, ਇਸ ਵਿਚੋ ਸਿਵਾਏ ਐਨ ਆਰ ਆਈਜ ਦੀਆ ਜੇਬਾ ਚੋ ਪੈਸੇ ਕਢਵਾਉਣ ਦੇ ਹੋਰ ਕੋਈ ਵਜ੍ਹਾ ਨਜਰ ਨਹੀ ਆਉਦੀ । ਦੂਸਰੀ ਗੱਲ ਇਹ ਹੈ ਕਿ ਜੇਕਰ ਹਜਾਰਾਂ ਰੁਪਏ ਮਹੀਨੇ ਦੇ ਅਦਾ ਕਰਕੇ ਹੀ ਦਾਇਦਾਦ ਸੁਰੱਖਿਤ ਕਰਨੀ ਹੈ, ਉਹ ਤਾਂ ਫਿਰ ਪੇਸਕੋ ਦੀ ਬਜਾਏ ਕਿਸੇ ਵੀ ਹੋਰ ਸਿਕਓਰਟੀ ਏਜੰਸੀ ਤੋ ਪਰਾਪਤ ਕੀਤੀ ਜਾ ਸਕਦੀ ਹੈ। ਦਰਅਸਲ ਇਸ ਤਰਾਂ ਦੇ ਫਜ਼ੂਲ ਦੇ ਨਿਰਅਸਰ ਤੇ ਨਿਰਾਧਾਰ ਐਕਟ ਬਣਾ ਕੇ ਪਰਵਾਸੀ ਪੰਜਾਬੀਆਂ ਦੀਆ ਅਖਾ ਚ ਘੱਟਾ ਪਾਉਣ ਦਾ ਯਤਨ ਹੀ ਕੀਤਾ ਗਿਆ ਹੈ, ਜਿਸ ਬਾਰੇ ਮੌਜੂਦਾ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਜੇਕਰ ਕੋਈ ਕਾਨੂੰਨ ਬਣਾਉਣਾ ਹੀ ਤਾਂ ਉਸ ਦੇ ਬਣਾਉਣ ਪਿੱਛੇ ਭਾਵਨਾ ਸੱਚਮੁੱਚ ਹੀ ਭਲੇ ਦੀ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਹਮੇਸ਼ਾ ਇਹ ਧਿਆਨ ਚ ਰੱਖਣਾ ਚਾਹੀਦਾ ਹੈ ਕਿ ਪਰਵਾਸੀ ਜਿਥੇ ਰਾਜ ਦੀ ਭਲਾਈ ਚ ਮੋਹਰੀ ਦੀ ਭੂਮਿਕਾ ਨਿਭਾਉਦੇ ਹਨ ਉਥੇ ਵਤਨੋ ਬੇਵਤਨ ਹੋ ਕੇ ਭੂ ਹੇਰਵੇ ਦਾ ਦਰਦ ਵੀ ਹੰਢਾਉਂਦੇ ਹਨ। ਇਸ ਕਰਕੇ ਉਹਨਾ ਦੀ ਲੁਟ ਖਸੁੱਟ ਹਰ ਹਾਲਤ ਚ ਬੰਦ ਹੋਣੀ ਚਾਹੀਦੀ ਤੇ ਉਹਨਾ ਦੀਆ ਜਾਇਦਾਦਾਂ ਦੀ ਸੁਰੱਖਿਆ ਦਾ ਜਿੰਮਾ ਪੰਜਾਬ ਸਰਕਾਰ ਦਾ ਬਣਗਾ ਬੈ ਨਾ ਕਿ ਭਾੜੇ ਦੀਆ ਸਿਕਓਰਟੀ ਏਜੰਸੀਆ ਦਾ।

# ਹਾਲੀਵੁੱਡ ਦਾ ਇੱਕੋ-ਇੱਕ ਸਿੱਖ ਪ੍ਰੋਡਿਊਸਰ ਤੇ ਡਾਇਰੈਕਟਰ, ਤਰਸੇਮ ਸਿੰਘ ਧੰਦਵਾਲ !



ਬਲਰਾਜ ਸਿੰਘ ਸਿੱਧੂ ਕਮਾਂਡੈਂਟ,
ਪੰਡੋਰੀ ਸਿੱਧਵਾਂ

ਤਰਸੇਮ ਸਿੰਘ ਧੰਦਵਾਲ ਹਾਲੀਵੁੱਡ ਦਾ ਪ੍ਰਸਿੱਧ ਨਿਰਮਾਤਾ, ਨਿਰਦੇਸ਼ਕ, ਸੰਗੀਤ ਨਿਰਦੇਸ਼ਕ ਅਤੇ ਸਕਰੀਨ ਰਾਈਟਰ ਹੈ ਜਿਸ ਨੇ ਹਾਲੀਵੁੱਡ ਦੀਆਂ ਪੰਜ ਹਿੱਟ ਫਿਲਮਾਂ, ਦੀ ਸੈੱਲ (2000), ਦੀ ਫਾਲ (2006), ਇੰਮੌਰਟਲਜ਼ (2011), ਮਿਰਰ ਮਿਰਰ (2012) ਅਤੇ ਸੈਲਫਲੈੱਸ (2015) ਤੋਂ ਇਲਾਵਾ ਅਨੇਕਾਂ ਲਘੂ ਫਿਲਮਾਂ, ਡਾਕੂਮੈਂਟਰੀਆਂ ਤੇ ਨਾਈਕੀ, ਕੋਕਾ ਕੋਲਾ ਅਤੇ ਪੈਪਸੀ ਵਰਗੀਆਂ ਸੰਸਾਰ ਪ੍ਰਸਿੱਧ ਕੰਪਨੀਆਂ ਲਈ ਮਸ਼ਹੂਰੀਆਂ ਨਿਰਦੇਸ਼ਤ



ਕੀਤੀਆਂ ਹਨ। 2017 ਵਿੱਚ ਉਸ ਵੱਲੋਂ ਨਿਰਦੇਸ਼ਤ ਟੀਵੀ ਸ਼ੋਅ ਐਮਰਾਲਡ ਸਿਟੀ, ਟੌਪ ਟੈੱਨ ਵਿੱਚ ਰਿਹਾ ਹੈ। ਤਰਸੇਮ ਸਿੰਘ ਦਾ ਜਨਮ 26 ਮਈ 1961 ਨੂੰ ਜਲੰਧਰ ਵਿਖੇ ਹੋਇਆ ਸੀ ਤੇ ਉਸ ਦਾ ਪਿਤਾ ਭਾਰਤੀ ਹਵਾਈ ਫੌਜ ਦਾ ਸੀਨੀਅਰ ਇੰਜੀਨੀਅਰ ਸੀ। ਤਰਸੇਮ ਸਿੰਘ ਨੇ ਬਿਸ਼ਪ ਕਾਟਨ ਸਕੂਲ ਸ਼ਿਮਲਾ, ਹੰਸ ਰਾਜ ਕਾਲਜ ਦਿੱਲੀ ਅਤੇ ਆਰਟ ਸੈਂਟਰ ਕਾਲਜ ਆਫ ਡਿਜ਼ਾਈਨ ਪਾਸਾਡੇਨਾ (ਕੈਲੀਫੋਰਨੀਆਂ) ਤੋਂ ਵਿਦਿਆ ਹਾਸਲ ਕੀਤੀ ਹੈ। ਉਸ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਮਿਊਜ਼ਿਕ ਐਲਬਮਾਂ ਦੇ ਨਿਰਦੇਸ਼ਕ ਵੱਜੋਂ ਸ਼ੁਰੂ ਕੀਤੀ ਤੇ ਹੁਣ ਤੱਕ 13 ਮਿਊਜ਼ਿਕ ਐਲਬਮ ਨਿਰਦੇਸ਼ਤ ਕਰ ਚੁੱਕਾ ਹੈ।

ਉਸ ਵੱਲੋਂ ਨਿਰਦੇਸ਼ਤ ਐਲਬਮ ਹੋਲਡ ਔਨ (ਗਾਇਕ ਐਂਨ ਵੋਗ) ਨੇ 1990 ਵਿੱਚ ਗਰੈਮੀ ਅਵਾਰਡ ਅਤੇ ਐਲਬਮ ਲੂਜ਼ਿੰਗ ਮਾਈ ਰਿਲੀਜ਼ਨ (ਗਾਇਕ ਆਰ।ਈ।ਐਮ) ਨੇ 1991 ਵਿੱਚ ਐਮ ਟੀਵੀ ਮਿਊਜ਼ਿਕ ਅਵਾਰਡ ਜਿੱਤਿਆ ਸੀ। ਕਈ ਸਾਲਾਂ ਬਾਅਦ 2020 ਵਿੱਚ ਤਰਸੇਮ ਸਿੰਘ ਨੇ ਦੁਬਾਰਾ ਮਿਊਜ਼ਿਕ ਵਰਲਡ ਵਿੱਚ ਕਦਮ ਰੱਖਿਆ ਤੇ ਅਮਰੀਕਾ ਦੀ ਸਭ ਤੋਂ ਪ੍ਰਸਿੱਧ ਗਾਇਕਾ ਲੇਡੀ ਗਾਗਾ ਦੀ ਸੁਪਰ ਹਿੱਟ ਐਲਬਮ (911) ਨੂੰ ਨਿਰਦੇਸ਼ਤ ਕੀਤਾ ਹੈ।

2000 ਵਿੱਚ ਉਸ ਨੇ ਆਪਣੀ ਸਭ ਤੋਂ ਪਹਿਲੀ ਫਿਲਮ, ਦੀ ਸੈੱਲ ਫਿਲਮ ਜਗਤ ਦੀ ਝੋਲੀ ਪਾਈ ਜਿਸ ਦੀ ਹੀਰੋਇਨ ਹਾਲੀਵੁੱਡ ਦੀ ਪ੍ਰਸਿੱਧ ਅਭਿਨੇਤਰੀ ਜੈਨੀਫਰ ਲੋਪੇਜ਼ ਅਤੇ ਹੀਰੋ ਵਿੰਸ ਵਾਉਗਨ ਸੀ। ਇਸ ਫਿਲਮ ਨੇ ਬਾਕਸ ਆਫਿਸ 'ਤੇ 10 ਕਰੋੜ 40 ਲੱਖ ਡਾਲਰ (ਕਰੀਬ 750 ਕਰੋੜ ਰੁਪਏ) ਦੀ ਕਮਾਈ ਕੀਤੀ।

ਉਸ ਦੀ ਦੂਸਰੀ ਫਿਲਮ ਦੀ ਫਾਲ ਵਿੱਚ ਲੀ ਪੇਜ਼, ਕੈਨਟੀਨਕਾ ਅਤੇ ਜਸਟਿਨ ਵੈਡਲ ਆਦਿ ਨੇ ਕੰਮ ਕੀਤਾ। ਇਹ ਫਿਲਮ ਕੁਝ ਢਿੱਲੀ ਰਹੀ ਤੇ ਇਸ ਨੇ ਬਾਕਸ ਆਫਿਸ 'ਤੇ 37 ਲੱਖ ਡਾਲਰ (ਕਰੀਬ 27 ਕਰੋੜ 75 ਲੱਖ ਰੁਪਏ) ਦੀ ਕਮਾਈ ਕੀਤੀ। ਤਰਸੇਮ ਸਿੰਘ ਦੀ ਤੀਸਰੀ ਫਿਲਮ ਇੰਮੌਰਟਲਜ਼ ਸੁਪਰ ਹਿੱਟ ਰਹੀ। ਇਸ ਵਿੱਚ ਹੈਨਰੀ ਕਾਵਿਲ, ਸਟੀਫਨ ਡੌਰਫ ਅਤੇ ਲੀਊਕ ਈਵਾਜ਼ ਆਦਿ ਸਿਤਾਰਿਆ ਨੇ ਕੰਮ ਕੀਤਾ ਤੇ ਇਸ ਨੇ 23 ਕਰੋੜ ਡਾਲਰ (ਕਰੀਬ 1725 ਕਰੋੜ ਰੁਪਏ) ਦੀ ਕਮਾਈ ਕੀਤੀ। ਚੌਥੀ ਫਿਲਮ ਮਿਰਰ ਮਿਰਰ ਵਿੱਚ ਸੁਪਰ ਸਟਾਰ ਜੂਲੀਆ ਰਾਬਟਰਜ਼, ਲਿੱਲੀ ਕਾਲਿਨਜ਼ ਅਤੇ ਸੀਨ ਬੀਨ ਆਦਿ ਨੇ ਕੰਮ ਕੀਤਾ ਤੇ ਇਸ ਨੇ 18 ਕਰੋੜ 30 ਲੱਖ ਡਾਲਰ (ਕਰੀਬ




1350 ਕਰੋੜ ਰੁਪਏ) ਦੀ ਕਮਾਈ ਕੀਤੀ। ਪੰਜਵੀਂ ਫਿਲਮ ਸੈਲਫਲੈੱਸ, ਜੋ ਇੱਕ ਸਾਇੰਸ ਫਿਕਸ਼ਨ ਫਿਲਮ ਸੀ, ਵੀ ਠੀਕ ਠਾਕ ਹੀ ਰਹੀ। ਇਸ ਵਿੱਚ ਰਿਆਨ ਰੇਨੌਲਡਜ਼, ਨਾਟਾਲੀ ਮਾਰਟੀਨੇਜ਼ ਅਤੇ ਬੇਨ ਕਿਗਜ਼ਲੇ (1982 ਦੀ ਸੁਪਰ ਹਿੱਟ ਇੰਗਲਿਸ਼ ਫਿਲਮ ਗਾਂਧੀ ਦਾ ਹੀਰੋ) ਆਦਿ ਨੇ ਕੰਮ ਕੀਤਾ ਤੇ ਇਸ ਨੇ 3 ਕਰੋੜ 5 ਲੱਖ ਡਾਲਰ (ਕਰੀਬ 225 ਕਰੋੜ ਰੁਪਏ) ਦੀ ਕਮਾਈ ਕੀਤੀ। ਤਰਸੇਮ ਸਿੰਘ ਦੀਆਂ ਫਿਲਮਾਂ ਵਿੱਚ ਹਾਲੀਵੁੱਡ ਦੇ ਸੁਪਰ ਸਟਾਰ ਕੰਮ ਕਰਨ ਲਈ ਮਾਣ ਮਹਿਸੂਸ ਕਰਦੇ ਹਨ।

ਫਿਲਮਾਂ ਤੋਂ ਇਲਾਵਾ ਉਸ ਨੂੰ ਸਭ ਤੋਂ ਵੱਧ ਮੁਹਾਰਤ ਅੰਤਰਰਾਸ਼ਟਰੀ ਕੰਪਨੀਆਂ ਲਈ ਮਸ਼ਹੂਰੀਆਂ (ਐਡਜ਼) ਤਿਆਰ ਕਰਨ ਵਿੱਚ ਹਾਸਲ ਹੈ। 2003 ਵਿੱਚ ਤਰਸੇਮ ਸਿੰਘ ਨੇ ਪੈਪਸੀ ਕੋਲਾ ਕੰਪਨੀ ਲਈ ਇੱਕ ਮਸ਼ਹੂਰੀ ਨਿਰਦੇਸ਼ਤ ਕੀਤੀ ਸੀ ਜੋ ਅੱਜ ਤੱਕ ਦੀ ਸਭ ਤੋਂ ਪ੍ਰਸਿੱਧ ਪੈਪਸੀ ਮਸ਼ਹੂਰੀ ਸਾਬਤ ਹੋਈ ਹੈ। ਇਸ ਮਸ਼ਹੂਰੀ ਵਿੱਚ ਹਾਲੀਵੁੱਡ ਦੇ ਸੁੱਪਰ ਸਟਾਰ ਐਨਰਿੱਕ ਇਗਲੈਸੀਆ ਨੇ ਅਭਿਨੈ ਕੀਤਾ ਸੀ। 2021 ਵਿੱਚ ਉਸ ਦੀ ਟੌਇਟਾ ਆਟੋਮੋਬਾਇਲਜ਼ ਲਈ ਬਣਾਈ ਗਈ ਮਸ਼ਹੂਰੀ ਨੇ ਸੰਸਾਰ ਪੱਧਰ 'ਤੇ ਕਈ ਇਨਾਮ ਹਾਸਲ ਕੀਤੇ ਹਨ। ਹੁਣ ਤੱਕ ਉਹ ਲੈਵੀਜ਼ ਜੀਨਜ਼, ਨਾਈਕੀ ਫੁੱਟਵੇਅਰ, ਫਿਲਿਪਜ਼ ਇਲੈਕਟਰੋਨਿਕਸ, ਵੌਕਸਵੈਗਨ ਆਟੋਮੋਬਾਇਲ, ਵੌਲਵੋ ਆਟੋਮੋਬਾਇਲ, ਪੈਪਸੀ, ਮਾਊਂਟੇਨ ਡਿਊ, ਟੀ ਮੋਬਾਇਲ, ਇੰਟੈਲ ਸਾਫਵੇਅਰ, ਰੀਨੌਲਟ ਆਟੋਮੋਬਾਇਲ, ਗੈਟੋਰੇਡ ਐਨਰਜੀ ਡਰਿੰਕ, ਸੋਨੀ ਇਲੈਕਟਰੋਨਿਕਸ, ਬੀ ਐਮ ਡਬਲਿਊ ਆਟੋ ਮੋਬਾਇਲ, ਸੈਮਸੰਗ ਇਲੈਕਟਰੋਨਿਕਸ, ਡਵ ਸਾਬਣ, ਮੈਕਡਾਨਲਜ਼ ਬਰਗਰ ਅਤੇ ਮਰਸੀਡੀਜ਼ ਸਮੇਤ ਸੰਸਾਰ ਦੀਆਂ ਸੈਂਕੜੇ ਚੋਟੀ ਦੀਆਂ ਕੰਪਨੀਆਂ ਲਈ ਮਸ਼ਹੂਰੀਆਂ ਨਿਰਦੇਸ਼ਿਤ ਕਰ ਚੁੱਕਾ ਹੈ।

ਅੱਜ ਕਲ੍ਹ ਉਸ ਆਪਣੀ ਪਤਨੀ ਐਨਾਲੀਜ਼ਾ ਸਿੰਘ ਅਤੇ ਬੱਚਿਆਂ ਸਮੇਤ ਲਾਸ ਏਂਜਲਜ਼ (ਕੈਲੀਫੋਰਨੀਆਂ) ਵਿੱਚ ਰਹਿ ਰਿਹਾ ਹੈ ਤੇ ਇੱਕ ਅਨਾਮ ਫਿਲਮ ਦੀ ਸ਼ੂਟਿੰਗ ਵਿੱਚ ਰੁੱਝਾ ਹੋਇਆ ਹੈ।

# ਵਿਸ਼ਵ ਵਾਤਾਵਰਣ ਦਿਵਸ ਦੀ ਮਹੱਤਤਾ ਅਤੇ ਥੀਮ !



ਵਿਜੈ ਗਰਗ
ਸਾਬਕਾ ਪ੍ਰਿੰਸੀਪਲ, ਮਲੋਟ

ਪਰਿਵਰਤਨ ਇੱਕ ਬਹੁਤ ਹੀ ਅਸਪਸ਼ਟ ਸ਼ਬਦ ਹੈ ਜਿਸਦਾ ਅਰਥ ਹੈ ਚੰਗੀਆਂ ਅਤੇ ਮਾੜੀਆਂ ਚੀਜ਼ਾਂ - ਸੰਦਰਭ 'ਤੇ ਨਿਰਭਰ ਕਰਦਾ ਹੈ। ਸੰਸਾਰ ਸਾਡੀਆਂ ਅੱਖਾਂ ਦੇ ਸਾਹਮਣੇ ਇੱਕ ਬੇਮਿਸਾਲ ਦਰ ਨਾਲ ਬਦਲ ਰਿਹਾ ਹੈ। ਤਕਨਾਲੋਜੀ ਅਤੇ ਨਵੀਨਤਾ ਵਿੱਚ ਤਬਦੀਲੀਆਂ ਇਸ ਗੱਲ ਦੇ ਸੰਕੇਤ ਹਨ ਕਿ ਮਨੁੱਖ ਜਾਤੀ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਹੀ ਹੈ, ਸਾਡੀ ਧਰਤੀ ਦੇ ਜਲਵਾਯੂ ਵਿੱਚ ਬਦਲਾਅ ਚਿੰਤਾਜਨਕ ਹਨ।

ਜਲਵਾਯੂ ਸੰਕਟ ਨੇ ਅਤਿਅੰਤ ਮੌਸਮੀ ਘਟਨਾਵਾਂ ਨੂੰ ਵਧਾ ਦਿੱਤਾ ਹੈ ਜੋ ਹਜ਼ਾਰਾਂ ਲੋਕਾਂ ਨੂੰ ਮਾਰਦੇ ਜਾਂ ਵਿਸਥਾਪਿਤ ਕਰਦੇ ਹਨ, ਜਦੋਂ ਕਿ ਆਰਥਿਕ ਨੁਕਸਾਨ ਵਿੱਚ ਖਰਬਾਂ ਡਾਲਰਾਂ ਦਾ ਨਤੀਜਾ ਹੁੰਦਾ ਹੈ। ਇਹ ਵਿਨਾਸ਼ਕਾਰੀ ਨਤੀਜੇ ਮਨੁੱਖਤਾ ਨੂੰ ਇੱਕ ਵੱਖਰੀ ਕਿਸਮ ਦੀ ਤਬਦੀਲੀ ਵੱਲ ਧੱਕ ਰਹੇ ਹਨ: ਸਾਡੀਆਂ ਤਰਜੀਹਾਂ ਵਿੱਚ ਤਬਦੀਲੀ। ਸਾਨੂੰ ਇੱਕ ਅਜਿਹੀ ਦੁਨੀਆਂ ਦੀ ਲੋੜ ਹੈ ਜਿੱਥੇ ਨੀਤੀ ਨਿਰਮਾਤਾ ਮੁਦਰਾ ਵਿਹਾਰਕਤਾ ਦੇ ਉੱਪਰ ਕਿਸੇ ਵੀ ਦਿੱਤੇ ਗਏ ਪ੍ਰੋਜੈਕਟ ਦੇ ਵਾਤਾਵਰਣਕ ਪਹਿਲੂਆਂ ਦੀ ਜ਼ਿਆਦਾ ਪਰਵਾਹ ਕਰਦੇ ਹਨ। ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਜਾਗਰੂਕਤਾ ਫੈਲਾਉਣਾ ਅਤੇ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਕਿ ਸਾਡੀਆਂ ਸਥਿਤੀਆਂ ਕਿੰਨੀਆਂ ਗੰਭੀਰ ਅਤੇ ਅਚਨਚੇਤ ਹਨ। ਅਜਿਹਾ ਕਰਨ ਲਈ, ਵਿਸ਼ਵ ਵਾਤਾਵਰਣ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ - ਇਸ ਗੱਲ 'ਤੇ ਜ਼ੋਰ ਦੇਣ ਲਈ ਕਿ ਧਰਤੀ ਵਾਪਸ ਨਾ ਹੋਣ ਦੇ ਬਿੰਦੂ 'ਤੇ ਟਿਪਿੰਗ ਕਰਨ ਲਈ ਕਿੰਨੀ ਨੇੜੇ ਹੈ। ਪਹਿਲੀ ਵਾਰ 1973 ਵਿੱਚ ਮਨਾਇਆ ਗਿਆ, ਵਿਸ਼ਵ ਵਾਤਾਵਰਣ ਦਿਵਸ ਨੂੰ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (ੂੰਓਫ) ਦੁਆਰਾ "ਸਕਾਰਾਤਮਕ ਤਬਦੀਲੀ ਨੂੰ ਪ੍ਰੇਰਿਤ ਕਰਨ ਲਈ ਇੱਕ ਗਲੋਬਲ ਪਲੇਟਫਾਰਮ" ਵਜੋਂ ਦਰਸਾਇਆ ਗਿਆ ਹੈ। ਇਹ ਸਮਾਗਮ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ। ਅਤੇ ਇਸ ਵਾਰ, 50 ਸਾਲ ਪਹਿਲਾਂ ਪਹਿਲੀ ਵਾਰ ਹੋਏ ਵਿਸ਼ਵ ਵਾਤਾਵਰਣ ਸੰਮੇਲਨ ਦੀ ਮੇਜ਼ਬਾਨੀ ਸਵੀਡਨ ਦੁਆਰਾ ਕੀਤੀ ਜਾਵੇਗੀ।

**ਵਿਸ਼ਵ ਵਾਤਾਵਰਣ ਦਿਵਸ 2022 ਦਾ ਥੀਮ ਕੀ ਹੈ?**

ਵਿਸ਼ਵ ਵਾਤਾਵਰਣ ਦਿਵਸ 2022 ਦਾ ਥੀਮ ਕੇਵਲ ਇੱਕ ਧਰਤੀ ਹੈ, "ਕੁਦਰਤ ਨਾਲ ਇਕਸੁਰਤਾ ਵਿੱਚ ਟਿਕਾਊ ਜੀਵਨ" 'ਤੇ ਕੇਂਦ੍ਰਿਤ ਹੈ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (ੂੰਓਫ) ਨੇ ਰਿਪੋਰਟ ਦਿੱਤੀ ਹੈ ਕਿ ਵਿਸ਼ਵ ਦੀ ਆਬਾਦੀ ਲਗਾਤਾਰ 8 ਬਿਲੀਅਨ ਵੱਲ ਵਧ ਰਹੀ ਹੈ, ਅਤੇ ਅਸੀਂ ਆਪਣੇ ਮੌਜੂਦਾ ਜੀਵਨ ਢੰਗ ਨੂੰ ਕਾਇਮ ਰੱਖਣ ਲਈ 1।6 ਧਰਤੀ ਦੇ ਬਰਾਬਰ ਦੀ ਵਰਤੋਂ ਕਰ ਰਹੇ ਹਾਂ। ਕੁਦਰਤੀ ਤੌਰ 'ਤੇ, ਈਕੋਸਿਸਟਮ ਸਾਡੀਆਂ ਮੰਗਾਂ ਨੂੰ ਪੂਰਾ ਨਹੀਂ ਕਰ ਸਕਦੇ ਹਨ ਅਤੇ ਨਤੀਜੇ ਵਜੋਂ, ਤੇਜ਼ੀ ਨਾਲ



ਘਟ ਰਹੇ ਹਨ।

ਹੁਣ ਪਹਿਲਾਂ ਨਾਲੋਂ ਕਿਤੇ ਵੱਧ, ਸਾਨੂੰ ਇਹ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਸਾਡੇ ਕੋਲ ਸਿਰਫ ਇੱਕ ਧਰਤੀ ਹੈ ਅਤੇ ਸਾਡੇ ਗ੍ਰਹਿ ਨੂੰ ਬਚਾਉਣ ਲਈ ਸਮਾਂ ਖਤਮ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਇਸ ਸਾਲ ਦੇ ਵਿਸ਼ਵ ਵਾਤਾਵਰਣ ਦਿਵਸ ਦੀ ਥੀਮ — ਸਿਰਫ਼ ਇੱਕ ਧਰਤੀ — ਮੌਜੂਦਾ ਦ੍ਰਿਸ਼ ਨੂੰ ਪੂਰੀ ਤਰ੍ਹਾਂ ਫਿੱਟ ਕਰਦੀ ਹੈ।

**ਵਿਸ਼ਵ ਵਾਤਾਵਰਣ ਦਿਵਸ ਮਹੱਤਵਪੂਰਨ ਕਿਉਂ ਹੈ?**

ਵਿਸ਼ਵ ਵਾਤਾਵਰਣ ਦਿਵਸ ਸਾਨੂੰ ਸਾਰਿਆਂ ਨੂੰ ਆਪਣੇ ਕੁਦਰਤੀ ਵਾਤਾਵਰਣ ਦੀ ਰੱਖਿਆ ਕਰਨ ਦੀ ਅਪੀਲ ਕਰਦਾ ਹੈ। 150 ਤੋਂ ਵੱਧ ਦੇਸ਼ਾਂ ਦੇ ਲੱਖਾਂ ਲੋਕਾਂ ਦੇ ਭਾਗ ਲੈਣ ਦੇ ਨਾਲ, ਇਹ ਹੁਣ ਦੁਨੀਆ ਦਾ ਸਭ ਤੋਂ ਵੱਡਾ ਵਾਤਾਵਰਣ ਸਮਾਗਮ ਹੈ। ਟੀਚਾ ਸਰਕਾਰਾਂ, ਕਾਰੋਬਾਰਾਂ, ਸਿਵਲ ਸੁਸਾਇਟੀ, ਸਕੂਲਾਂ, ਮਸ਼ਹੂਰ ਹਸਤੀਆਂ, ਸ਼ਹਿਰਾਂ ਅਤੇ ਭਾਈਚਾਰਿਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਵਾਤਾਵਰਣ ਸੰਬੰਧੀ ਕਾਰਵਾਈ ਦਾ ਜਸ਼ਨ ਮਨਾਉਣ ਵਿੱਚ ਸ਼ਾਮਲ ਕਰਨਾ ਹੈ।

ੂੰਓਫ ਦੇ ਅਨੁਸਾਰ, ਕਈ ਜਲਵਾਯੂ ਸਮਝੌਤਿਆਂ ਦੇ ਬਾਵਜੂਦ, ਜਲਵਾਯੂ ਪਰਿਵਰਤਨ ਨੂੰ ਰੋਕਣ ਵੱਲ ਤਰੱਕੀ ਅਜੇ ਵੀ ਬਹੁਤ ਹੌਲੀ ਹੈ। ਵਿਅਕਤੀਆਂ ਅਤੇ ਸਿਵਲ ਸੁਸਾਇਟੀ ਨੂੰ ਜਾਗਰੂਕਤਾ ਪੈਦਾ ਕਰਨ ਅਤੇ ਵੱਡੇ ਪੱਧਰ 'ਤੇ ਤਬਦੀਲੀਆਂ ਕਰਨ ਲਈ ਸਰਕਾਰਾਂ ਅਤੇ ਨਿੱਜੀ ਖੇਤਰ 'ਤੇ ਦਬਾਅ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਇਸ ਲਈ, ਵਿਸ਼ਵ ਵਾਤਾਵਰਣ ਦਿਵਸ 2022 "ਸਾਡੇ ਗ੍ਰਹਿ ਨੂੰ ਮਨਾਉਣ, ਸੁਰੱਖਿਅਤ ਕਰਨ ਅਤੇ ਬਹਾਲ ਕਰਨ ਲਈ ਇੱਕ ਵਿਸ਼ਵਵਿਆਪੀ ਪੱਧਰ 'ਤੇ ਸਮੂਹਿਕ, ਪਰਿਵਰਤਨਸ਼ੀਲ ਕਾਰਵਾਈ" ਦੀ ਮੰਗ ਕਰਦਾ ਹੈ, ਹਰ ਕਿਸੇ ਨੂੰ, ਹਰ ਥਾਂ, ਸਥਿਰਤਾ ਨਾਲ ਰਹਿਣ ਅਤੇ ਜਲਵਾਯੂ ਤਬਾਹੀ ਨੂੰ ਹੱਲ ਕਰਨ ਲਈ ਉਤਸ਼ਾਹਿਤ ਕਰਦਾ ਹੈ।

**ਜੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਜਲਵਾਯੂ ਤਬਦੀਲੀ ਗ੍ਰਹਿ ਨੂੰ ਕਿਵੇਂ ਪ੍ਰਭਾਵਤ ਕਰੇਗੀ?**

ਅਗਲੇ ਦੋ ਦਹਾਕਿਆਂ ਵਿੱਚ, 50% ਸੰਭਾਵਨਾ ਹੈ ਕਿ ਗਲੋਬਲ ਵਾਰਮਿੰਗ 1।5 ਡਿਗਰੀ ਸੈਲਸੀਅਸ ਤੋਂ ਵੱਧ ਜਾਵੇਗੀ। ਸਦੀ ਦੇ ਅੰਤ ਤੱਕ ਗਲੋਬਲ ਵਾਰਮਿੰਗ ਨੂੰ 1।5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਲਈ, 2030 ਤੱਕ ਸਾਲਾਨਾ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਨੂੰ ਅੱਧਾ ਕਰਨਾ ਚਾਹੀਦਾ ਹੈ।

ਈਕੋਸਿਸਟਮ ਦੀ ਗਿਰਾਵਟ ਅੰਦਾਜ਼ਨ 3।2 ਬਿਲੀਅਨ ਲੋਕਾਂ, ਜਾਂ ਵਿਸ਼ਵ ਦੀ ਆਬਾਦੀ ਦਾ 40% ਦੀ ਭਲਾਈ ਨੂੰ ਪ੍ਰਭਾਵਤ ਕਰੇਗੀ। ਇੱਕ ਕਾਰੋਬਾਰੀ-ਸਾਧਾਰਨ ਦ੍ਰਿਸ਼ਟੀਕੋਣ ਦੇ ਤਹਿਤ, ਜਲਜੀ ਵਾਤਾਵਰਣ ਪ੍ਰਣਾਲੀਆਂ ਵਿੱਚ ਦਾਖਲ ਹੋਣ ਵਾਲਾ ਸਾਲਾਨਾ ਪਲਾਸਟਿਕ ਕੂੜਾ 2016 ਵਿੱਚ 9-14 ਮਿਲੀਅਨ ਟਨ ਤੋਂ 2040 ਤੱਕ 23-37 ਮਿਲੀਅਨ ਟਨ ਤੱਕ ਲਗਭਗ ਤਿੰਨ ਗੁਣਾ ਹੋ ਸਕਦਾ ਹੈ। ਸਭ ਤੋਂ ਆਸ਼ਾਵਾਦੀ ਦ੍ਰਿਸ਼ ਵਿੱਚ ਵੀ, ਜਿਸ ਵਿੱਚ ਸ਼ੁੱਧ-ਜ਼ੀਰੋ ਨਿਕਾਸ ਪ੍ਰਾਪਤ ਕੀਤਾ ਜਾਂਦਾ ਹੈ। 2050 ਤੱਕ, ਗਲੋਬਲ ਵਾਰਮਿੰਗ ਜਾਰੀ ਰਹੇਗੀ! ਸਭ ਕੁਝ ਵਿਚਾਰਿਆ ਜਾਂਦਾ ਹੈ, ਨਵਿਆਉਣਯੋਗ ਊਰਜਾ ਨਿਵੇਸ਼ ਜੋ ਉੱਚ ਆਰਥਿਕ ਗੁਣਕ ਪੈਦਾ ਕਰ ਸਕਦੇ ਹਨ, ਸਮੇਂ ਦੀ ਲੋੜ ਹੈ, ਕਿਉਂਕਿ ਉਹਨਾਂ ਵਿੱਚ ਨਿੱਜੀ ਨਿਵੇਸ਼ ਵਿੱਚ ਭੀੜ ਹੋਣ ਦੀ ਉੱਚ ਸੰਭਾਵਨਾ ਹੈ, ਅਤੇ ਆਰਥਿਕਤਾ-ਵਿਆਪੀ ਡੀਕਾਰਬੋਨਾਈਜ਼ੇਸ਼ਨ ਵੱਲ ਇੱਕ ਜ਼ਰੂਰੀ ਕਦਮ ਹੈ।

# ਨਿਸ਼ਕਾਮ ਸੇਵਾ ਤੇ ਵਿਲੱਖਣ ਸਾਹਿਤ ਸਿਰਜਣਾ ਦੇ ਮੁਦੱਈ ਭਗਤ ਪੂਰਨ ਸਿੰਘ !



ਸੁਖਚੈਨ ਸਿੰਘ ਕੁਰੜ, ਮਾਨਾ ਸਿੰਘ ਵਾਲ਼ਾ, ਫ਼ਿਰੋਜ਼ਪੁਰ

4 ਜੂਨ 1904 ਨੂੰ ਛਿੱਬੂ ਮੱਲ ਅਤੇ ਮਹਿਤਾਬ ਕੌਰ ਦੇ ਘਰ ਪਿੰਡ ਰਾਜੇਵਾਲ ਰੋਹਣੋ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਬੱਚੇ ਦਾ ਜਨਮ ਹੋਇਆ। ਜਿਸਦਾ ਨਾਂ ਰਾਮਜੀ ਦਾਸ ਰੱਖਿਆ ਗਿਆ । ਛਿੱਬੂ ਮੱਲ ਇੱਕ ਚੰਗੇ ਸ਼ਾਹੂਕਾਰ ਸਨ ਅਤੇ ਮਾਤਾ ਮਹਿਤਾਬ ਕੌਰ ਧਾਰਮਿਕ ਬਿਰਤੀ ਦੇ ਮਾਲਿਕ ਸਨ। ਉਨ੍ਹਾਂ ਨੇ ਰਾਮਜੀ ਦਾਸ ਨੂੰ ਬਚਪਨ ਵਿੱਚ ਅਨੇਕਾਂ ਮਹਾਂਪੁਰਸ਼ਾਂ ਦੀਆਂ ਸਾਖੀਆਂ ਸੁਣਾਈਆਂ ਜਿਨ੍ਹਾਂ ਦਾ ਪ੍ਰਭਾਵ ਰਾਮਜੀ ਦਾਸ ਦੇ ਜੀਵਨ ਉੱਪਰ ਅੱਗੇ ਜਾ ਕੇ ਬਹੁਤ ਪਿਆ।

ਮੁੱਢਲੀ ਵਿੱਦਿਆ ਉਨ੍ਹਾਂ ਨੇ ਪਿੰਡ ਦੇ ਸਰਕਾਰੀ ਸੀਨੀਅਰ ਸਕੂਲ ਖੰਨਾ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਵਿੱਚ ਪੜ੍ਹਦਿਆਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਅਤੇ ਅਚਾਨਕ ਘਰ ਵਿੱਚ ਗ਼ਰੀਬੀ ਆ ਜਾਣ ਕਾਰਨ ਪੜ੍ਹਾਈ ਵੀ ਵਿਚਾਲੇ ਹੀ ਛੱਡਣੀ ਪਈ। 1923 ਵਿੱਚ ਰਾਮ ਜੀ ਦਾਸ ਨੇ ਲੁਧਿਆਣੇ ਜਦ ਦਸਵੀਂ ਦਾ ਇਮਤਿਹਾਨ ਦਿੱਤਾ ਤਾਂ ਉਹਨਾਂ ਦੇ ਜੀਵਨ ਵਿੱਚ ਇੱਕ ਘਟਨਾ ਘਟੀ, ਜਿਸ ਦੇ ਚੱਲਦਿਆਂ ਉਹਨਾਂ ਦਾ ਝੁਕਾਅ ਗੁਰੂ ਘਰ ਵੱਲ ਜ਼ਿਆਦਾ ਹੋ ਗਿਆ ਤੇ ਉਹ ਡੇਹਰਾ ਸਾਹਿਬ ਲਾਹੌਰ ਸੇਵਾ ਕਰਦੇ ਰਹੇ। ਇਸ ਸਮੇਂ ਦੌਰਾਨ ਉਹਨਾਂ ਨੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਲਿਆ ਤੇ ਰਾਮ ਜੀ ਦਾਸ ਤੋਂ 'ਪੂਰਨ ਸਿੰਘ' ਬਣ ਗਏ। ਉਹਨਾਂ ਨੇ 1924 ਈ: ਤੋਂ 1947 ਈਸਵੀ ਤੱਕ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ ਛਾਇਆ ਹੇਠ ਆਪਣਾ ਜੀਵਨ ਬਤੀਤ ਕੀਤਾ। ਇਸ ਦੌਰਾਨ 1934 ਵਿੱਚ ਜਦੋਂ ਉਹ ਲਾਹੌਰ ਵਿਖੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਸੇਵਾ ਕਰਦੇ ਸਨ ਤਾਂ ਇੱਕ ਦਿਨ ਉਹਨਾਂ ਨੂੰ ਗੁਰਦੁਆਰੇ ਦੇ ਗੇਟ ਤੋਂ ਬਾਹਰ ਇੱਕ ਚਾਰ ਸਾਲ ਦਾ ਅਪਾਹਿਜ ਬੱਚਾ ਮਿਲਿਆ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰ ਕੇ ਆਖਿਆ, "ਪੂਰਨ ਸਿੰਘ! ਤੂੰ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।" ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿਬੜਿਆ ਤੇ ਉਸ ਦਾ ਨਾਂ 'ਪਿਆਰਾ ਸਿੰਘ' ਹੋ ਗਿਆ। ਭਗਤ ਪੂਰਨ ਸਿੰਘ ਕਈ ਸਾਲ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ ਕਿਉਂਕਿ ਉਸ ਵੇਲੇ ਉਨ੍ਹਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ। 1949 ਤੋਂ 1958 ਈ: ਤੱਕ ਭਗਤ ਪੂਰਨ ਸਿੰਘ ਨੇ ਫੁੱਟਪਾਥਾਂ, ਰੁੱਖਾਂ ਦੀ ਛਾਂਵੇਂ ਲਵਾਰਿਸਾਂ ਅਤੇ ਪੀੜਤ ਲੋਕਾਂ ਦੀ ਸੇਵਾ-ਸੰਭਾਲ ਕੀਤੀ। ਭਗਤ ਪੂਰਨ ਸਿੰਘ ਜੀ ਨੇ ਆਪਣਾ ਜ਼ਿਆਦਾਤਰ ਜੀਵਨ ਬਿਨਾਂ ਕਿਸੇ ਸਵਾਰਥ ਤੋਂ ਬਜ਼ੁਰਗਾਂ, ਬਿਮਾਰਾਂ ਅਤੇ ਬੇਆਸਰਿਆਂ ਨੂੰ ਸਮਰਪਿਤ ਕੀਤਾ। ਇਸ ਦੌਰਾਨ ਭਗਤ ਜੀ ਨੂੰ ਜੋ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਲਾਇਬ੍ਰੇਰੀਆਂ ਵਿਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਕਰਦੇ ਅਤੇ ਉਨ੍ਹਾਂ ਦੇ ਦੁੱਖਾਂ ਦੇ ਹੱਲ ਬਾਰੇ ਸੋਚਦੇ। ਇਸ ਦੌਰਾਨ ਸਮੇਂ ਦੀ ਲੋੜ ਸਮਝਦਿਆਂ 30 ਮਈ, 1955 ਨੂੰ ਭਗਤ ਜੀ ਨੇ 'ਪੂਰਨ ਪ੍ਰਿੰਟਿੰਗ ਪ੍ਰੈੱਸ' ਦੀ ਸਥਾਪਨਾ ਕੀਤੀ ਸੀ। 6 ਸਤੰਬਰ, 1957 ਨੂੰ ਉਨ੍ਹਾਂ ਨੇ



ਰਜਿਸਟਰਾਰ ਆਫ ਕੰਪਨੀਜ਼, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਤੋਂ 'ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸ-ਾਇਟੀ (ਰਜਿ:) ਅੰਮ੍ਰਿਤਸਰ' ਦੀ ਰਜਿਸਟ੍ਰੇਸ਼ਨ ਕਰਵਾਈ ਸੀ। 27 ਨਵੰਬਰ 1958 ਨੂੰ ਭਗਤ ਜੀ ਨੇ 16,964 ਰੁਪਏ ਵਿਚ ਮੌਜੂਦਾ ਪਿੰਗਲਵਾੜੇ ਵਾਲੀ ਥਾਂ (ਤਹਿਸੀਲਪੁਰਾ, ਜੀ। ਟੀ। ਰੋਡ, ਅੰਮ੍ਰਿਤਸਰ) ਖਰੀਦੀ ਜੋ ਕਿ ਬੇਆਸਰਿਆਂ ਲਈ ਆਸਰਾ ਬਣੀ।

ਮਾਣ ਸਨਮਾਨ:- ਭਗਤ ਪੂਰਨ ਸਿੰਘ ਜੀ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ 'ਪਦਮਸ਼੍ਰੀ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 1984 ਵਿੱਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਘਟਨਾ ਦਾ ਭਗਤ ਪੂਰਨ ਸਿੰਘ ਦੇ ਸੇਵਾ ਭਾਵਨਾ ਵਾਲ਼ੇ ਮਨ ਨੂੰ ਗਹਿਰਾ ਸਦਮਾ ਪਹੁੰਚਿਆ ਜਿਸ ਦੇ ਰੋਸ ਵਜੋਂ ਭਗਤ ਪੂਰਨ ਸਿੰਘ ਨੇ 'ਪਦਮਸ਼੍ਰੀ' ਐਵਾਰਡ ਵਾਪਿਸ ਕਰ ਦਿੱਤਾ।

ਉਨ੍ਹਾਂ ਨੂੰ 1990 ਵਿਚ 'ਹਾਰਮਨੀ ਪੁਰਸਕਾਰ', 1991 ਵਿੱਚ 'ਰੋਗ ਰਤਨ ਪੁਰਸਕਾਰ' ਅਤੇ 1991 ਵਿੱਚ ਹੀ ਭਾਈ ਘਨੱਈਆ ਐਵਾਰਡ ਨਾਲ਼ ਨਿਵਾਜਿਆ ਗਿਆ। ਪੰਜਾਬ ਵਿਰਾਸਤ ਸੰਸਥਾ ਸ਼ਿਕਾਗੋ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਭਗਤ ਪੂਰਨ ਸਿੰਘ ਪਿੰਗਲਵਾੜਾ ਨਾਂ ਪੜ੍ਹਦਿਆਂ ਸਾਡੇ ਮਨ ਵਿੱਚ ਉਹਨਾਂ ਦੀ ਸੇਵਾ ਭਾਵਨਾ ਦਾ ਖਿਆਲ ਆਉਂਦਿਆਂ ਸਿਰ ਝੁਕਦਾ ਪਰ ਇੱਥੇ ਉਹਨਾਂ ਦੀ ਸਾਹਿਤਕ ਰੁਚੀ ਦਾ ਜ਼ਿਕਰ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਜਿਵੇਂ ਅਸੀਂ ਜਾਣਦੇ ਹਾਂ ਕਿ ਭਗਤ ਪੂਰਨ ਸਿੰਘ ਦੇ ਜੀਵਨ ਦਾ ਮੂਲ ਸੰਕਲਪ ਮਾਨਵ ਭਲਾਈ ਸੀ। ਆਪਣੇ ਇਸ ਸੰਕਲਪ ਦੀ ਪੂਰਤੀ ਲਈ ਭਗਤ ਪੂਰਨ ਸਿੰਘ ਨੇ 23 ਦੇ ਕਰੀਬ ਪੁਸਤਕਾਂ ਤੇ ਕਿਤਾਬਚੇ ਪ੍ਰਕਾਸ਼ਿਤ ਕਰਵਾਏ ਜਿੰਨ੍ਹਾਂ ਵਿੱਚ ਸਾਹਿਤ ਦੇ ਵੱਖ-ਵੱਖ ਰੂਪ ਮੌਜੂਦ ਹਨ। ਭਗਤ ਪੂਰਨ ਸਿੰਘ ਨੇ ਸਭ ਤੋਂ **ਵੱਧ ਨਿਬੰਧ ਰੂਪੀ ਸਾਹਿਤ ਵਿੱਚ ਆਪਣੇ ਸੰਦੇਸ਼ ਜਨ-ਸਾਧਾਰਨ ਤਕ ਪਹੁੰ-ਚਾਏ।**

ਭਗਤ ਪੂਰਨ ਸਿੰਘ ਦੇ ਸਾਰੇ ਸਾਹਿਤ ਨੂੰ ਸਮਝਿਆਂ ਉਹਨਾਂ ਦੀਆਂ ਰਚਨਾਵਾਂ ਦੇ ਵਿਸ਼ੇ ਵਾਤਾਵਰਣ, ਵਿਹਾਰਕ ਜੀਵਨ, ਸਿਹਤ, ਨੈਤਿਕਤਾ, ਵਰਤਮਾਨ ਅਤੇ ਭਵਿੱਖ ਨਾਲ ਜੁੜੇ ਹੋਏ ਮਿਲਦੇ ਹਨ। ਉਨ੍ਹਾਂ ਦੀਆਂ ਲਿਖਤਾਂ ਦਾ ਮੂਲ ਮਨੋਰਥ ਹੀ ਮਨੁੱਖੀ ਜਾਤੀ ਦੀ ਭਲਾਈ, ਰੱਖਿਆ ਤੇ ਵਾਤਾਵਰਣ ਸਬੰਧੀ ਸਮੱਸਿਆਵਾਂ ਦੇ ਵਿਸ਼ੇਸ਼ ਦ੍ਰਿਸ਼ਟੀ ਤੋਂ ਹੱਲ ਪੇਸ਼ ਕਰਨਾ ਹੈ। ਉਨ੍ਹਾਂ ਦੇ ਲਿਖਣ ਦਾ ਢੰਗ ਨਿਵੇਕਲਾ ਸੀ। ਉਨ੍ਹਾਂ ਨੇ ਬਹੁਤ ਸਰਲ, ਸੰਖੇਪ ਅਤੇ ਮੁਲਵਾਨ ਸਾਹਿਤ ਸਿਰਜਣਾ ਕੀਤੀ। ਭਗਤ ਪੂਰਨ ਸਿੰਘ ਨੇ 6 ਮਾਰਚ 1957 ਨੂੰ ਪੂਰਨ ਪ੍ਰਿੰਟਿੰਗ ਪ੍ਰੈਸ ਦੀ ਸਥਾਪਨਾ ਕੀਤੀ ਸੀ। ਇੱਥੋਂ ਪ੍ਰਕਾਸ਼ਤ ਸਾਰਾ ਸਾਹਿਤ ਮੁਫਤ ਰੂਪ ਵਿੱਚ ਪਾਠਕਾਂ ਵਿੱਚ ਵੰਡਿਆਂ ਜਾਂਦਾ ਅਤੇ ਅੱਜ ਵੀ ਇਹ ਪਿਰਤ ਪਿੰਗਲਵਾੜਾ ਸੰਸਥਾ ਵਲੋਂ ਨਿਰੰਤਰ ਜਾਰੀ ਹੈ। ਭਗਤ ਪੂਰਨ ਸਿੰਘ ਦੀ ਸੋਚ ਸੀ ਕਿ ਕੋਈ ਵੀ ਪਾਠਕ ਪੈਸੇ ਦੀ ਕਮੀ ਕਾਰਨ ਗਿਆਨ ਪ੍ਰਾਪਤੀ ਤੋਂ ਵਾਂਝਾ ਨਾ ਰਹੇ। ਉਨ੍ਹਾਂ ਨੇ ਆਪਣੀ ਕਲਮ ਰਾਹੀਂ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਦਾ ਉਪਰਾਲਾ ਕੀਤਾ।

ਨਿਸ਼ਕਾਮ ਸੇਵਾ ਕਰਦੇ ਹੋਏ ਉਹ 5 ਅਗਸਤ, 1992 ਨੂੰ ਸਰੀਰ ਤਿਆਗ ਗਏ। ਆਪਣੀ ਨਿਸ਼ਕਾਮ ਸੇਵਾ ਤੇ ਵਿਲੱਖਣ ਸਾਹਿਤ ਸਿਰਜਣਾ ਸਦਕਾ ਉਹ ਹਮੇਸ਼ਾ ਸਾਡੇ ਅੰਗ ਸੰਗ ਰਹਿਣਗੇ।

ਅਜਿਹੀਆਂ ਮਹਾਨ ਰੂਹਾਂ ਨੂੰ ਯਾਦ ਕਰਦਿਆਂ, ਉਹਨਾਂ ਦੇ ਕੀਤੇ ਨੇਕ ਕਾਰਜਾਂ ਨੂੰ ਸਜਦੇ ਕਰਦਿਆਂ ਅੱਜ ਲੋੜ ਹੈ ਕਿ ਅਸੀਂ ਵੀ ਉਹਨਾਂ ਦੇ ਬਣਾਏ ਰਾਹਾਂ ਦੇ ਰਾਹੀ ਬਣੀਏ।

# ਕਿੰਝ ਰੋਕੀਏ ਬੱਚਿਆਂ ਵਿੱਚ ਵੱਧ ਰਿਹਾ ਚਿੜਚੜਾਪਣ!



ਹਰਕੀਰਤ ਕੌਰ, ਤਰਨਤਾਰਨ

ਅੱਜ ਦੀ ਜੀਵਨ ਸ਼ੈਲੀ ਵਿੱਚ ਮਾਪੇ ਬੱਚਿਆਂ ਦੇ ਵਿਵਹਾਰ ਨੂੰ ਲੈ ਕੇ ਬਹੁਤ ਚਿੰਤਤ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਅਸੀਂ ਬਹੁਤ ਹੀ ਅਰਾਮਦਾਇਕ, ਸੁੱਖ ਸਹੂਲਤਾਂ ਨਾਲ ਲਬਰੇਜ਼ ਜ਼ਿੰਦਗੀ ਜਿਓ ਰਹੇ ਹਾਂ। ਅੱਜ ਉਹ ਸਮਾਂ ਨਹੀਂ ਕਿ ਬੱਚਿਆਂ ਦੀਆਂ ਰੀਝਾਂ ਪੂਰੀਆਂ ਕਰਨ ਲਈ ਇੱਕ ਮਿੱਥੇ ਤਿਥ ਤਿਓਹਾਰ ਦੀ ਉਡੀਕ ਕੀਤੀ ਜਾਵੇ, ਬਲਕਿ ਮਾਪੇ ਬੱਚੇ ਦੇ ਮੂੰਹ ਵਿਚੋਂ ਨਿਕਲੀ ਹਰ ਫਰਮਾਇਸ਼ ਨੂੰ ਉਸੇ ਸਮੇਂ ਪੂਰਿਆਂ ਕਰਨ ਦਾ ਯਤਨ ਕਰਦੇ ਹਨ। ਪਰ ਇਸ ਸੁੱਖ ਸਹੂਲਤਾਂ ਦੇ ਹੁੰਦਿਆਂ ਹੋਇਆਂ, ਐਸ਼ੋ ਅਰਾਮ ਦੇ ਵੱਧ ਸਾਧਨ ਹੁੰਦਿਆਂ ਹੋਇਆਂ ਵੀ ਅਕਸਰ ਦੇਖਿਆ ਗਿਆ ਹੈ ਕਿ ਬੱਚੇ ਬਹੁਤ ਜਲਦੀ ਚਿੜਚਿੜੇ ਹੋ ਜਾਂਦੇ ਹਨ। ਉਨ੍ਹਾਂ ਨੂੰ ਨਿੱਕੀ ਜਿਹੀ ਗੱਲ 'ਤੇ ਗੁੱਸਾ ਆ ਜਾਂਦਾ ਹੈ ਅਤੇ ਇਹ ਨਾਰਾਜ਼ਗੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ। ਬੱਚਿਆਂ ਦੀ ਸ਼ਹਿਣਸ਼ੀਲਤਾ ਏਨੀ ਘੱਟ ਚੁੱਕੀ ਹੈ ਕਿ ਉਹ ਮਾਪਿਆਂ ਦੁਆਰਾ ਕਹੀ ਗੱਲ ਨੂੰ ਵੀ ਸਹਾਰਨ ਨੂੰ ਤਿਆਰ ਨਹੀਂ ਹਨ। ਅੱਜ ਬਹੁਤ ਸਾਰੇ ਮਾਪੇ ਇਸ ਗੱਲ ਤੋਂ ਪਰੇਸ਼ਾਨ ਹਨ ਕਿ ਉਹਨਾਂ ਦੇ ਬੱਚੇ ਉਹਨਾਂ ਦੀ ਇੱਕ ਗੱਲ ਨਹੀਂ ਸਹਾਰਦੇ, ਹਾਲਾਂਕਿ ਮਾਪਿਆਂ ਦੁਆਰਾ ਬੱਚਿਆਂ ਦੀ ਰੀਝਾਂ ਪੂਰੀਆਂ ਕਰਨ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਂਦੀ। ਇਸੇ ਚਿੜਚਿੜੇਪਣ ਕਰਕੇ ਬੱਚੇ ਨਾ ਤਾਂ ਚੰਗੇ ਦੋਸਤ ਬਣਾ ਸਕਦੇ ਹੁੰਦੇ ਹਨ ਅਤੇ ਨਾ ਹੀ ਬੱਚੇ ਆਪਣੇ ਆਲੇ ਦੁਆਲੇ ਦੇ ਲੋਕਾਂ ਅਤੇ ਸਾਕ ਸੰਬੰਧੀਆਂ ਨਾਲ ਜਿਆਦਾ ਖੁੱਲ੍ਹ ਪਾਉਂਦੇ ਹਨ। ਅਕਸਰ ਅਜਿਹੀ ਮਾਨਸਿਕਤਾ ਵਾਲੇ ਬੱਚੇ ਜਿਆਦਤਰ ਕ੍ਰੋਧਿਤ ਰਹਿੰਦੇ ਹਨ ਅਤੇ ਹੌਲੀ ਹੌਲੀ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਸੇ ਕਾਰਣ ਨਾ ਤਾਂ ਉਹ ਪੜਾਈ ਵਿੱਚ ਆਪਣਾ ਵਧੀਆ ਪ੍ਰਦਰਸ਼ਨ ਕਰ ਪਾਉਂਦੇ ਹਨ ਅਤੇ ਨਾ ਹੀ ਕਿਸੇ ਹੋਰ ਗਤੀ-ਵਿਧੀਆਂ ਵਿੱਚ। ਅਜਿਹੇ ਬੱਚਿਆਂ ਨੂੰ ਲੱਗਦਾ ਹੁੰਦਾ ਹੈ ਕਿ ਜਿਹੜੀ ਚੀਜ਼ ਨੂੰ ਪਾਉਣ ਦੀ ਤਮੰਨਾ ਉਹਨਾਂ ਦੇ ਮਨ ਵਿੱਚ ਹੈ ਉਹ ਹਰ ਹੀਲੇ ਉਹਨਾਂ ਕੋਲ ਹੋਣੀ ਚਾਹੀਦੀ ਹੈ। ਅਜਿਹੇ ਬੱਚਿਆਂ ਵਿੱਚ ਆਤਮ ਵਿਸ਼ਵਾਸ ਜਾਂ ਤਾਂ ਬਹੁਤ ਘੱਟ ਹੁੰਦਾ ਹੈ ਜਾਂ ਫਿਰ ਲੋੜ ਤੋਂ ਵੱਧ ਹੁੰਦਾ ਹੈ, ਜਦੋਂ ਲੋੜ ਤੋਂ ਵੱਧ ਆਤਮ ਵਿਸ਼ਵਾਸ ਹੁੰਦਾ ਹੈ ਤਾਂ ਅਜਿਹੇ ਬੱਚਿਆਂ ਨੂੰ ਆਪਣਾ ਆਪ ਹਰ ਜਗ੍ਹਾ ਸਹੀ ਲੱਗਦਾ ਹੈ, ਅਤੇ ਕਿਸੇ ਹੋਰ ਦੀ ਗੱਲ ਸੁਣਨ ਜਾਂ ਮੰਨਣ ਤੋਂ ਬਿਲਕੁਲ ਮੁਨਕਰ ਹੁੰਦੇ ਹਨ, ਜੇਕਰ ਅਜਿਹੇ ਬੱਚਿਆਂ ਨੂੰ ਤਾੜਨਾ ਕੀਤੀ ਜਾਵੇ ਤਾਂ ਇਹਨਾਂ ਦਾ ਚਿੜਚਿੜਾਪਨ ਸਾਹਮਣੇ ਆਉਂਦਾ ਹੈ। ਇਹ ਉਹ ਕੁਝ ਗੱਲਾਂ ਹਨ ਜੋ ਆਮ ਹੀ ਘਰਾਂ ਵਿੱਚ ਵੇਖਣ ਨੂੰ ਮਿਲਦੀਆਂ ਹਨ ਪਰ ਹੁਣ ਸੋਚਣ ਵੀ ਗੱਲ ਇਹ ਹੈ ਕਿ ਇਸ ਚਿੜਚਿੜੇਪਣ ਦੇ ਕਾਰਣ ਕੀ ਹਨ, ਕੋਈ ਵੀ ਸੁਭਾਅ ਮਨੁੱਖ ਮਾਂ ਦੇ ਪੇਟ ਵਿੱਚੋਂ ਲੈਕੇ ਨਹੀਂ ਆਉਂਦਾ ਬਲਕਿ ਜਿਵੇਂ ਜਿਵੇਂ ਵੱਡਾ ਹੁੰਦਾ ਹੈ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਤੋਂ ਆਦਤਾਂ ਗ੍ਰਹਿਣ ਕਰਦਾ ਰਹਿੰਦਾ ਹੈ ਅਤੇ ਆਪਣੇ ਸੁਭਾਅ ਦਾ ਵਿਕਾਸ ਕਰਦਾ ਰਹਿੰਦਾ ਹੈ।

ਮੈਨੂੰ ਬੱਚਿਆਂ ਵਿੱਚ ਵੱਧ ਰਹੇ ਚਿੜਚਿੜੇਪਣ ਦਾ



ਸਭ ਤੋਂ ਵੱਡਾ ਕਾਰਣ ਵੱਧ ਰਹੀ ਤਕਨੋਲੋਜੀ ਲੱਗਦਾ ਹੈ। ਅੱਜ ਤਕਰੀਬਨ ਹਰ ਦੱਸ ਬਾਰਾਂ ਸਾਲ ਦੇ ਬੱਚੇ ਕੋਲ ਆਪਣਾ ਸਮਾਰਟਫੋਨ ਹੈ ਜੇ ਆਪਣਾ ਨਹੀਂ ਤਾਂ ਉਹ ਆਪਣੇ ਮਾਪਿਆਂ ਦੇ ਫੋਨ ਦੀ ਪੂਰੀ ਵਰਤੋਂ ਕਰਦੇ ਹਨ।

ਵੀਡੀਓ ਗੇਮਜ਼, ਸਮਾਰਟਫੋਨ ਤੇ ਹੋਰ ਤਕਨੀਕੀ ਸਾਧਨਾਂ ਨੇ ਬੱਚਿਆਂ ਦੇ ਸੁਭਾਅ ਵਿੱਚ ਬਹੁਤ ਤਬਦੀਲੀਆਂ ਕੀਤੀਆਂ ਹਨ। ਬੱਚਿਆਂ ਦੀ ਅੱਧੇ ਤੋਂ ਜਿਆਦਾ ਬੁੱਧੀ ਇਹਨਾਂ ਗੈਜਟਸ ਵਿੱਚ ਸਮਾ ਚੁੱਕੀ ਹੈ। ਲੰਬੇ ਸਮੇਂ ਤੱਕ ਫੋਨ ਦੇਖਦੇ ਰਹਿਣਾ ਉਹਨਾਂ ਨੂੰ ਚਿੜਚਿੜਾ ਬਣਾ ਦਿੰਦਾ ਹੈ, ਉਹ ਮਾਪਿਆਂ ਨਾਲ ਪਰਿਵਾਰ ਨਾਲ ਬੈਠਣ ਵਾਲੇ ਸਮੇਂ ਵਿੱਚ ਵੀ ਫੋਨ ਆਦਿ ਦੇਖਣ ਵਿੱਚ ਵਿਅਸਤ ਹੁੰਦੇ ਹਨ, ਆਪਸੀ ਰਾਬਤਾ ਟੁੱਟਣ ਕਾਰਣ ਬੱਚੇ ਵਿੱਚ ਚਿੜਚਿੜਾਪਣ ਵੱਧ ਰਿਹਾ ਹੈ। ਇਸ ਤੋਂ ਬਾਅਦ ਦੂਸਰਾ ਕਾਰਣ ਖਾਣੇ ਨੂੰ ਮੰਨਿਆ ਜਾ ਸਕਦਾ ਹੈ, ਜਿਹੜੇ ਬੱਚੇ ਵਧੇਰੇ ਤੇਲ ਭਰਭੂਰ ਜਾਂ ਬਾਹਰ ਦਾ ਖਾਣਾ ਖਾਂਦੇ ਹਨ ਉਹਨਾਂ ਵਿੱਚ ਗੁੱਸੇ ਜਾਂ ਚਿੜਚਿੜਾਪਣ ਵੱਧ ਵੇਖਣ ਨੂੰ ਮਿਲਦਾ ਹੈ।

ਬਾਹਰੀ ਖਾਣੇ ਵਿੱਚ ਪਾਏ ਜਾਣ ਵਾਲੇ ਨਕਲੀ ਰੰਗ ਵੀ ਬੱਚੇ ਦੇ ਵਿਵਹਾਰ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ, ਇੱਕ ਅਧਿਐਨ 1970 ਤੋਂ ਵੱਡੇ ਪੱਧਰ 'ਤੇ ਚੱਲ ਰਿਹਾ ਸੀ ਜਿਸ ਵਿੱਚ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਭੋਜਨ ਦੇ ਰੰਗ ਅਤੇ ਬੱਚਿਆਂ ਦੇ ਵਿਵਹਾਰ ਵਿੱਚ ਰਿਸ਼ਤਾ ਹੁੰਦਾ ਹੈ। ਪੀਡੀਆਟ੍ਰਿਕ ਐਂਡ ਐਨਵਾਇਰਮੈਂਟਲ ਹੈਲਥ ਸਾਇੰਸਜ਼ ਅਤੇ ਵਾਸ਼ਿੰਗਟਨ ਯੂਨੀਵਰਸਿਟੀ ਦੇ ਸੀਏਟਲ ਚਿਲਡਰਨਜ਼ ਰਿਸਰਚ ਇੰਸਟੀਚਿਊਟ ਦੀ ਪ੍ਰੋਫੈਸਰ ਡਾ। ਸ਼ੀਲਾ ਸੱਤਿਆਨਾਰਾਇਣ ਦੱਸਦੀ ਹੈ ਕਿ "ਨਕਲੀ ਰੰਗਾਂ ਵਾਲੀਆਂ ਭੋਜਨ ਵਸਤੂਆਂ ਵਿੱਚ ਐਡੀਟਿਵ ਤੇ ਵੱਡੀ ਮਾਤਰਾ ਵਿੱਚ ਖੰਡ ਹੁੰਦੀ ਹੈ, ਜੋ ਬੱਚਿਆਂ ਲਈ ਨੁਕਸਾਨਦੇਹ ਹੋ ਸਕਦੀ ਹੈ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੀ ਹੈ।

ਸੋ ਹੁਣ ਆਖਰੀ ਪੜਾਅ ਇਹ ਹੈ ਕਿ ਬੱਚਿਆਂ ਦੇ ਚਿੜਚਿੜੇਪਣ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਇਸ ਦਾ ਬਹੁਤ ਹੀ ਸਰਲ ਅਤੇ ਸਪੱਸ਼ਟ ਜਵਾਬ ਇਹ ਹੈ ਕਿ ਮਾਪੇ ਬੱਚਿਆਂ ਦੇ ਬਚਪਨ ਤੋਂ ਹੀ ਉਸਦੀਆਂ ਗਤੀਵਿਧੀਆਂ ਤੇ ਨਿਯੰਤਰਣ ਰੱਖਣ, ਬਚਪਨ ਤੋਂ ਬੱਚਿਆਂ ਦੇ ਮਾਪੇ ਬਣਨ ਦੀ ਜਗ੍ਹਾ ਉਹਨਾਂ ਦੇ ਸਹਿਯੋਗੀ ਬਣੋ, ਬਚਪਨ ਤੋਂ ਹੀ ਬੱਚਿਆਂ ਦੀ ਹਰ ਗਤੀਵਿਧੀ ਦਾ ਟਾਈਮ ਟੇਬਲ ਬਣਾਇਆ ਜਾਵੇ।

ਉਹਨਾਂ ਦੇ ਹਰ ਕੰਮ ਨੂੰ ਨਿਸ਼ਚਿਤ ਸਮੇਂ ਵਿੱਚ ਹੀ ਪੂਰਿਆਂ ਕੀਤਾ ਜਾਵੇ। ਫੋਨ ਜਾਂ ਹੋਰ ਤਕਨੀਕੀ ਸਾਧਨਾਂ ਤੋਂ ਥੋੜਾ ਦੂਰ ਰੱਖਿਆ ਜਾਵੇ। ਤਾਜ਼ੇ ਵਾਤਾਵਰਣ ਵਿੱਚ ਬੱਚਿਆਂ ਨੂੰ ਲੈਕੇ ਜਾਇਆ ਜਾਵੇ, ਉਹਨਾਂ ਦੀ ਪਸੰਦ ਜਾਂ ਨਾਪਸੰਦ ਦਾ ਧਿਆਨ ਰੱਖਿਆ ਜਾਵੇ। ਜਿੰਨਾਂ ਹੋ ਸਕੇ ਬੱਚਿਆਂ ਨੂੰ ਘਰ ਦਾ ਬਣਿਆ ਹੋਇਆ ਤਾਜ਼ਾ ਖਾਣਾ ਖਵਾਇਆ ਜਾਵੇ। ਬਾਹਰੀ ਖਾਣੇ ਤੋਂ ਗੁਰੇਜ਼ ਕੀਤਾ ਜਾਵੇ। ਬੱਚੇ ਨੂੰ ਖੁਸ਼ ਰੱਖਣ ਲਈ ਉਸਨੂੰ ਤੋਹਫਿਆਂ ਤੇ ਨਿਰਭਰ ਨਾ ਕੀਤਾ ਜਾਵੇ ਬਲਕਿ ਬੱਚੇ ਨੂੰ ਆਪਣੇ ਮਾਪਿਆਂ ਜਾਂ ਆਪਣੇ ਆਪ ਵਿਚੋਂ ਖੁਸ਼ੀ ਲੱਭਣੀ ਸਿਖਾਈ ਜਾਵੇ। ਅਜਿਹੇ ਰਵੱਈਏ ਨੂੰ ਧਾਰਣ ਕਰਨ ਤੋਂ ਬਾਅਦ ਵੀ ਜੇਕਰ ਵਿਵਹਾਰ ਵਿੱਚ ਫ਼ਰਕ ਨਹੀਂ ਪੈਂਦਾ ਤਾਂ ਕਿਸੇ ਚੰਗੇ ਡਾਕਟਰ ਦੀ ਸਲਾਹ ਵੀ ਲਈ ਜਾ ਸਕਦੀ ਹੈ।ਇਸ ਤਰ੍ਹਾਂ ਦੀਆਂ ਕੁਝ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਅਸੀਂ ਚਿੜਚਿੜੇਪਣ ਵਿੱਚ ਉਲਝੇ ਬੱਚਿਆਂ ਦੇ ਜੀਵਨ ਨੂੰ ਸੁਲਝਾ ਸਕਦੇ ਹਾਂ ਅਤੇ ਆਪਣੇ ਅਤੇ ਬੱਚਿਆਂ ਦੇ ਜੀਵਨ ਵਿੱਚ ਰੌਸ਼ਨੀ ਫੈਲਾਅ ਸਕਦੇ ਹਾਂ।

# ਲੋਕ ਸਭਾ ਹਲਕਾ ਸੰਗਰੂਰ ਦੇ ਲੋਕ ਮੇਰੀਆਂ ਸੱਜੀਆਂ ਖੱਬੀਆਂ ਬਾਂਹਵਾ-ਕੇਵਲ ਸਿੰਘ ਢਿੱਲੋਂ

## ਵੱਡੀ ਗਿਣਤੀ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਫੜਿਆ 'ਕਮਲ ਦਾ ਫੁੱਲ'



ਧਨੌਲਾ ਮੰਡੀ / ਸੰਜੀਵ ਗਰਗ ਕਾਲੀ- ਭਾਜਪਾ ਵਲੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ 'ਕਮਲ ਦਾ ਫੁੱਲ' ਫੜ ਲਿਆ ਹੈ। ਭਾਜਪਾ ਵੱਲੋਂ ਸੰਗਰੂਰ ਜਿਮਨੀ ਚੌਣ ਲਈ ਐਲਾਨੇ ਉਮੀਦਵਾਰ ਸ. ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਸੰਗਰੂਰ ਹਲਕੇ ਦੇ ਲੋਕ ਮੇਰੀਆਂ ਸੱਜੀਆਂ ਖੱਬੀਆਂ ਬਾਹਵਾਂ ਹਨ ਮੈਨੂੰ ਪੂਰਾ ਭਰੋਸਾ ਹੈ ਕਿ ਉਹ ਮੈਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਕਰਨਗੇ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਦੌਰਾਨ ਕਾਂਗਰਸ ਦੇ ਹੋਰ ਵੀ ਵੱਡੀ ਗਿਣਤੀ ਆਗੂ ਅਤੇ ਵਰਕਰ ਭਾਜਪਾ ਵਿੱਚ ਸਾਮਲ ਹੋਣਗੇ। ਉਹਨਾ ਕਿਹਾ ਕਿ ਪੰਜਾਬ ਦੇ ਵਿੱਤੀ ਹਾਲਤ ਸਥਿਰ ਕਰਨ , ਪੰਜਾਬ ਅੰਦਰ ਅਮਨ ਕਾਨੂੰਨ ਦੀ ਸਥਿਤੀ ਬਹਾਲ ਕਰਨ, ਪੰਜਾਬ ਅੰਦਰ ਕੇਂਦਰੀ ਪ੍ਰਜੈਕਟ ਲਿਆਉਣ ਲਈ ਪੰਜਾਬ ਦੇ ਲੋਕਾਂ ਨੂੰ ਭਾਜਪਾ ਦਾ ਸਾਥ ਦੇਣਾ ਬਹੁਤ ਜਰੂਰੀ ਹੈ। ਕਾਂਗਰਸ ਨੂੰ ਅਲਵਿਦਾ ਕਹਿ ਭਾਜਪਾ ਦਾ ਫੁੱਲ ਫੜਨ ਵਾਲਿਆਂ ਵਿੱਚ ਮਾਰਕੀਟ ਕਮੇਟੀ ਧਨੌਲਾ ਦੇ ਚੇਅਰਮੈਨ ਜੀਵਨ ਕੁਮਾਰ ਬਾਂਸਲ ਨੇ ਕਿਹਾ ਕਿ ਅਸੀ ਹਮੇਸਾ ਦੀ ਤਰ੍ਹਾਂ ਸ. ਕੇਵਲ ਸਿੰਘ ਢਿੱਲੋਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜਾਂਗੇ। ਜੀਵਨ ਬਾਂਸਲ ਨੇ ਕਿਹਾ ਕਿ ਵੱਡੀ ਗਿਣਤੀ 'ਚ ਲੋਕ ਤੇ ਆਗੂ ਕੇਵਲ ਸਿੰਘ ਦੀ ਰਹਿਨੁਮਾਈ 'ਚ ਲੋਕ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ 'ਚ ਸਾਮਿਲ ਹੋ ਰਹੇ ਹਨ, ਉਹਨਾਂ ਦੱਸਿਆ ਕਿ ਅੱਜ ਪ੍ਰਧਾਨ ਜਿਲ੍ਹਾ ਕਾਂਗਰਸ ਕਮੇਟੀ ਜਗਮੇਲ ਸਿੰਘ ਜੱਗਾ ਮਾਨ, ਚੇਅਰਮੈਨ ਮਾਰਕੀਟ ਕਮੇਟੀ ਬਰਨਾਲਾ ਅਸੋਕ ਕੁਮਾਰ ਮਿੱਤਲ, ਬੀਬੀ ਰੂਪੀ ਕੌਰ ਹੰਡਿਆਇਆ, ਨਰਿੰਦਰ ਕੁਮਾਰ ਨੀਟਾ, ਸਤੀਸ ਕੁਮਾਰ (ਜੱਜ) ਕਾਂਗਰਸੀ ਆਗੂ, ਸਰਪੰਚ ਗੁਰਲਾਲ ਸਿੰਘ ਠੁੱਲੇਵਾਲ, ਦਲਜੀਤ ਸਿੰਘ ਸਹੋਤਾ ਸਾਬਕਾ ਮੈਂਬਰ ਐਨ ਆਰ ਆਈ ਵਿੰਗ,ਬੀਬੀ ਮਲਕੀਤ ਕੌਰ ਸਹੋਤਾ, ਚਰਨਜੀਤ ਕੌਰ, ਹਰਵਿੰਦਰ ਕੌਰ, ਰਾਜ ਸਿੰਘ ਬਲਾਕ ਸੰਮਤੀ ਮੈਂਬਰ, ਹਰਮੇਲ ਸਿੰਘ ਸਰਪੰਚ ਕੋਠੇ ਦਿਹਾਤੀ ਹੰਡਿਆਇਆ, ਸਰਪੰਚ ਸੁਰਜੀਤ ਸਿੰਘ ਸੇਖਾ, ਭੋਲੂ ਖਹਿਰਾ ਮੈਂਬਰ ਬਲਾਕ ਸੰਮਤੀ, ਨਰਿੰਦਰ ਸਿੰਘ ਫਰਵਾਹੀ, ਸਰਪੰਚ ਦਰਸਨ ਸਿੰਘ ਨੰਗਲ, ਕੁਲਦੀਪ ਕੁਮਾਰ ਗੋਲੀ ਸਾਬਕਾ ਕੌਂਸਲਰ,ਪੰਮਾ ਸਿੰਘ ਸਰਪੰਚ ਕੋਠੇ ਮਨੀਸਰ ਤੋਂ ਇਲਾਵਾ ਪਿੰਡਾਂ ਦੇ ਸਰਪੰਚ,ਪੰਚ, ਕਾਂਗਰਸੀ ਆਗੂ ਅਤੇ ਵਰਕਰ ਮੌਜੂਦ ਭਾਜਪਾ ਵਿੱਚ ਸਮੂਲੀਅਤ ਕਰ ਗਏ ਹਨ।

# ਧਨੌਲਾ 'ਚ ਲੱਡੂ ਵੰਡ ਕੇ ਕਾਂਗਰਸੀ ਉਮੀਦਵਾਰ ਦਲਵੀਰ ਸਿੰਘ ਗੋਲਡੀ ਦੀ ਚੌਣ ਮੁਹਿੰਮ ਦਾ ਆਗਾਜ਼ ਕੀਤਾ

## ਆਪਣੇ ਕਾਰਜ ਕਾਲ ਦੌਰਾਨ ਕੀਤੇ ਘਪਲਿਆਂ ਦੀ ਜਾਂਚ ਹੋਣ ਦੇ ਡਰੋਂ ਲੀਡਰ ਭਾਜਪਾ 'ਚ ਜਾ ਰਹੇ ਹਨ -ਬਾਂਸਲ



ਧਨੌਲਾ ਮੰਡੀ / ਸੰਜੀਵ ਗਰਗ ਕਾਲੀ : ਲੋਕ ਸਭਾ ਹਲਕਾ ਸੰਗਰੂਰ ਦੀ 23 ਜੂਨ ਨੂੰ ਹੋਣ ਜਾ ਰਹੀ ਜਿਮਨੀ ਚੋਣ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਦਲਵੀਰ ਸਿੰਘ ਗੋਲਡੀ ਨੂੰ ਟਿਕਟ ਦੇਣ ਤੇ ਧਨੌਲਾ ਵਿਖੇ ਹਲਕਾ ਇੰਚਾਰਜ ਮੁਨੀਸ ਕੁਮਾਰ ਬਾਂਸਲ ਪੁੱਤਰ ਪਵਨ ਕੁਮਾਰ ਬਾਂਸਲ ਸਾਬਕਾ ਰੇਲ ਮੰਤਰੀ ਕੇਂਦਰ ਸਰਕਾਰ ਦੀ ਅਗਵਾਈ ਵਿੱਚ ਲੱਡੂ ਵੰਡੇ ਗਏ। ਇਸ ਮੌਕੇ ਤੇ ਹਲਕਾ ਇੰਚਾਰਜ ਮੁਨੀਸ ਕੁਮਾਰ ਬਾਂਸਲ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਹੀ ਲੋਕਾਂ ਦੇ ਵਧੀਆ ਕੰਮ ਕਰ ਸਕਦੀ ਹੈ । ਕਈ ਕਾਂਗਰਸੀ ਆਗੂਆਂ ਦੇ ਭਾਜਪਾ 'ਚ ਚਲੇ ਜਾਣ ਦੇ ਪੁੱਛੇ ਸਵਾਲ ਤੇ ਬਾਂਸਲ ਨੇ ਕਿਹਾ ਕਿ ਲੀਡਰਾਂ ਨੂੰ ਵਰਕਰ ਹੀ ਬਣਾਉਂਦੇ ਹਨ ਪਰ ਕੋਈ ਵੀ ਵਰਕਰ ਕਾਂਗਰਸ ਪਾਰਟੀ ਛੱਡ ਕੇ ਨਹੀ ਗਿਆ ਜਿਆਦਾਤਰ ਲੀਡਰ ਆਪਣੇ ਘਪਲਿਆਂ ਦੀ ਜਾਂਚ ਦੇ ਡਰ ਤੋਂ ਭਾਜਪਾ 'ਚ ਗਏ ਹਨ। ਇਸ ਮੌਕੇ ਤੇ ਰਜਨੀਸ ਕੁਮਾਰ ਬਾਂਸਲ ਆਲੂ ਧਨੌਲਾ, ਚੇਅਰਮੈਨ ਮੱਖਣ ਸ਼ਰਮਾ, ਕੁਲਦੀਪ ਸਿੰਘ ਕਾਲਾ ਢਿੱਲੋ, ਬੀਬੀ ਸੁਰਿੰਦਰ ਕੌਰ ਵਾਲੀਆ, ਸੂਰਤ ਸਿੰਘ ਬਾਜਵਾ, ਮਹਿਲਾ ਕਾਂਗਰਸ ਪ੍ਰਧਾਨ ਸੁਖਵੰਤ ਕੌਰ ਸੁੱਖੀ, ਮਹੇਸ਼ ਕੁਮਾਰ ਲੋਟਾ, ਮੰਗਾ ਰਾਮ ਬਰਨਾਲਾ, ਬਲਦੇਵ ਸਿੰਘ ਭੁੱਚਰ, ਪ੍ਰਦੀਪ ਚੀਮਾ ਬਡਬਰ, ਯੂਥ ਆਗੂ ਏ.ਪੀ.ਐਸ. ਢਿੱਲੋਂ,ਠੇਕੇਦਾਰ ਜਗਤਾਰ ਸਿੰਘ ਧਨੌਲਾ, ਸੁਰਿੰਦਰ ਸਿੰਘ ਸਦਿਉੜਾ, ਰਾਜਿੰਦਰਪਾਲ ਰਾਜੀ, ਰਿੰਕੂ ਨੰਬਰਦਾਰ, ਅਜੇ ਕੁਮਾਰ, ਰਾਜਵਿੰਦਰ ਸਿੰਘ ਰਾਜੂ, ਸੰਤੋਸ਼ ਕੁਮਾਰ ਸ਼ੋਕੀ ਸਾਬਕਾ ਕੌਂਸਲਰ, ਬਾਲ ਕ੍ਰਿਸ਼ਨ ਸ਼ਾਹੀ, ਭਰਪੂਰ ਸਿੰਘ ਭੂਰਾ ਚੇਅਰਮੈਨ ਕੌਰ ਸਿੰਘ ਆਦਿ ਮੌਜੂਦ ਸਨ ਇਨ੍ਹਾਂ ਸਾਰੇ ਵਰਕਰਾਂ ਨੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਨਾਅਰੇ ਲਾਏ ਅਤੇ ਲੱਡੂ ਵੰਡੇ ਤੇ ਕਿਹਾ ਕਿ ਅਸੀ ਸਾਰੇ ਦਲਵੀਰ ਸਿੰਘ ਗੋਲਡੀ ਨੂੰ ਭਾਰੀ ਗਿਣਤੀ 'ਚ ਜਿਤਾ ਕੇ ਲੋਕ ਸਭਾ ਮੈਂਬਰ ਬਣਾ ਕੇ ਪਾਰਲੀਮੈਂਟ 'ਚ ਭੇਜਾਂਗੇ।

# ਪੰਜਾਬ 'ਚ ਪਾਣੀ ਦਾ ਸੰਕਟ: ਮਾਲਵੇ ਵਿੱਚ ਮੁੱਲ ਵਿਕਣ ਲੱਗਾ ਪੀਣ ਵਾਲਾ ਪਾਣੀ !

ਫ਼ਰੀਦਕੋਟ - ਪੰਜਾਬ ਦੇ ਵੱਡੇ-ਵੱਡੇ ਕਾਰਖ਼ਾਨਿਆਂ ਦਾ ਜ਼ਹਿਰੀਲਾ ਪਾਣੀ ਫ਼ੈਕਟਰੀਆਂ ਅੰਦਰੋਂ ਬੋਰ ਕਰ ਕੇ ਜਾਂ ਤਾਂ ਧਰਤੀ ਅੰਦਰ ਸੁੱਟਿਆ ਜਾ ਰਿਹਾ ਹੈ ਜਾਂ ਫਿਰ ਨਦੀਆਂ ਜਾਂ ਦਰਿਆਵਾਂ 'ਚ ਸੁੱਟਿਆ ਜਾ ਰਿਹਾ ਹੈ ਜਿਸ ਕਾਰਨ ਪਿੰਡਾਂ, ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਵੀ ਅਤੇ ਦਰਿਆਈ ਪਾਣੀ ਵੀ ਜ਼ਹਿਰੀਲਾ ਹੋ ਗਿਆ ਹੈ । ਹਰੀਕੇ ਹੈਡ ਵਰਕਸ ਤੋਂ ਨਿਕਲਦੀਆਂ ਨਹਿਰਾਂ ਜੋ ਮਾਲਵੇ ਅਤੇ ਰਾਜਸਥਾਨ ਦੀ ਲਾਈਫ਼ ਲਾਈਨ ਹਨ, ਉਨ੍ਹਾਂ 'ਚ ਲਗਾਤਾਰ ਕਾਲਾ ਅਤੇ ਜ਼ਹਿਰੀਲਾ ਪਾਣੀ ਵਹਿ ਰਿਹਾ ਹੈ । ਨਹਿਰੀ ਵਿਭਾਗ ਨੇ ਐਡਵਾਈਜ਼ਰੀ ਜਾਰੀ ਕਰ ਕੇ ਇਸ ਜ਼ਹਿਰੀਲੇ ਪਾਣੀ ਨੂੰ ਪੀਣ ਤੋਂ ਮਨ੍ਹਾ ਕੀਤਾ ਹੈ, ਪਰ ਮਾਲਵੇ ਦੇ ਅੱਧੀ ਦਰਜਨ ਜ਼ਿਲ੍ਹੇ ਇਨ੍ਹਾਂ ਨਹਿਰਾਂ ਲਾਗੇ ਕੀਤੇ ਬੋਰਾਂ ਦਾ ਪਾਣੀ ਪੀਂਦੇ ਹਨ। ਰਾਜਸਥਾਨ ਦੀ ਸਥਿਤੀ ਹੋਰ ਵੀ ਮਾੜੀ ਹੈ, ਕਿਉਂਕਿ ਉੱਥੇ ਦੇ ਪਿੰਡਾਂ, ਸ਼ਹਿਰਾਂ ਅੰਦਰ ਇਹੀ ਪਾਣੀ ਰੀਟ੍ਰੀਟ ਕਰ ਕੇ ਪੀਤਾ ਜਾਂਦਾ ਹੈ । ਮਨੁੱਖੀ ਸਿਹਤ ਲਈ ਪਾਣੀ ਨੂੰ ਜ਼ਹਿਰ ਮੁਕਤ ਕਰਨ ਲਈ ਉਪਰਾਲੇ ਹੋ ਰਹੇ ਹਨ ਅਤੇ ਪਸ਼ੂ ਸਿੱਧੇ ਰੂਪ 'ਚ ਇਹੀ ਪਾਣੀ ਪੀ ਰਹੇ ਹਨ । ਇਹੀ ਪਾਣੀ ਫ਼ਸਲਾਂ ਨੂੰ ਲੱਗੇ ਤਾਂ ਪਸ਼ੂਆਂ ਤੋਂ ਦੁੱਧ ਰਾਹੀਂ ਅਤੇ ਫ਼ਸਲਾਂ ਤੇ ਅਨਾਜ ਰਾਹੀਂ ਜ਼ਹਿਰੀਲੇ ਤੱਤ



ਸਰੀਰ 'ਚ ਅਸਿੱਧੇ ਰੂਪ ਵਿਚ ਦਾਖ਼ਲ ਹੋਣਗੇ। ਜੋ ਲੀਵਰ, ਗੁਰਦੇ ਅਤੇ ਕੈਂਸਰ ਵਰਗੇ ਰੋਗੀ ਬਣਾਉਣਗੇ। ਫ਼ਾਜ਼ਿਲਕਾ, ਫ਼ਿਰੋਜ਼ਪੁਰ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਸੈਂਕੜੇ ਪਿੰਡ ਹਨ, ਜਿੱਥੇ ਪੀਣ ਦਾ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ । ਇੱਥੇ ਵੀਹ ਲੀਟਰ ਪਾਣੀ ਦੀ ਕੀਮਤ 10 ਤੋਂ 30 ਰੁਪਏ ਹੋ ਚੁੱਕੀ ਹੈ । ਜੇਕਰ ਘਰ ਦੀ ਹਜ਼ਾਰ ਲੀਟਰ ਟੈਂਕ ਭਰਵਾਉਣੀ ਹੈ ਤਾਂ 600 ਰੁਪਏ ਲਗਦੇ ਹਨ । ਪੰਜਾਬ ਦੇ ਕੈਲੇਫੋਰਨੀਆ ਕਹਾਉਣ ਵਾਲੇ ਅਬੋਹਰ ਇਲਾਕੇ ਅੰਦਰ ਬਾਗ਼ ਪੁੱਟੇ ਜਾ ਰਹੇ ਹਨ । ਘੱਟ ਪਾਣੀ ਮਿਲਣ ਕਾਰਨ ਅਤੇ 20-25 ਦਿਨਾਂ ਦੀ ਨਹਿਰ ਬੰਦੀ ਨੇ ਹਜ਼ਾਰਾਂ ਏਕੜ ਖੜ੍ਹੇ ਬਾਗ਼ ਸੁੱਕਾ ਦਿੱਤੇ ਹਨ, ਕਿੰਨੂ ਅਤੇ ਹੋਰ ਸੰਤਰੇ ਦੇ ਬਾਗ਼ ਕਿਸਾਨਾਂ ਨੇ ਪੁੱਟਣੇ ਸ਼ੁਰੂ ਕਰ ਦਿੱਤੇ ਹਨ । ਜਿਸ ਕਾਰਨ ਲੱਖਾਂ ਲੋਕਾਂ ਦੀ ਰੋਟੀ ਦਾ ਜੁਗਾੜ ਬੰਦ ਹੋਣ ਵਾਲਾ ਹੈ । ਮਾਲਵੇ ਅੰਦਰ ਹਜ਼ਾਰਾਂ ਏਕੜ ਭੂਮੀ ਜੋ ਨਰਮੇ ਦੀ ਬਿਜਾਈ ਲਈ ਟਿਊਬਵੈੱਲਾਂ ਨਾਲ ਸਿੰਚਾਈ ਕੀਤੀ ਗਈ, ਉੱਥੇ ਜ਼ਹਿਰੀਲੇ ਪਾਣੀ ਕਾਰਨ ਨਰਮਾ ਉੱਗਿਆ ਹੀ ਨਹੀਂ, ਆਉਣ ਵਾਲੇ ਸਮੇਂ ਅੰਦਰ ਇਹ ਰਕਬਾ ਬੰਜਰ ਹੋਣ ਜਾ ਰਿਹਾ ਹੈ ।

# ਖ਼ੁਸ਼ਹਾਲ ਭਾਰਤ ਦੀ ਤਕੜੀ ਹੁੰਦੀ ਸੰਭਾਵਨਾ

(ਸਫਾ 8 ਦੀ ਬਾਕੀ)

ਰਹੇ ਹਨ, ਉਸ ਦੇ ਹਿਸਾਬ ਨਾਲ ਅਗਲੇ 25 ਸਾਲਾਂ ਦੌਰਾਨ ਅਰਥਾਤ 2047 ਤਕ ਅਸੀਂ ਪਹਿਲਾਂ ਅਮਰੀਕਾ ਤੇ ਫਿਰ ਚੀਨ ਨੂੰ ਪਛਾੜ ਕੇ ਅੱਗੇ ਨਿਕਲ ਸਕਦੇ ਹਾਂ।

ਫਿਰ ਉਸ ਦੇ ਅਗਲੇ ਦਸ ਸਾਲਾਂ ਵਿਚ ਦੁਨੀਆ ਦੇ ਵੱਡੇ ਅਰਥਚਾਰਿਆਂ ਵਿਚ ਮੋਹਰੀ ਪ੍ਰਤੀ ਵਿਅਕਤੀ ਆਮਦਨ ਦੇ ਟੀਚੇ ਨੂੰ ਹਾਸਲ ਕਰਨ ਲਈ ਅੱਗੇ ਵਧ ਸਕਦਾ ਹੈ। ਕੁਝ ਲੋਕ ਇਸ ਨੂੰ ਫਿਰ ਤੋਂ 'ਮੁੰਗੇਰੀ ਲਾਲ ਦੇ ਹੁਸੀਨ ਸੁਪਨੇ'ਕਹਿਣਗੇ।

ਉਨ੍ਹਾਂ ਨੂੰ ਹਰਗਿਜ਼ ਇਹ ਨਹੀਂ ਭੁੱਲਣਾ ਚਾਹੀਦਾ ਕਿ ਆਰਥਿਕ ਮੁਹਾਂਦਰੇ 'ਚ ਆਕਾਰ ਬਹੁਤ ਮਾਅਨੇ ਰੱਖਦਾ ਹੈ। ਖ਼ਾਸ ਤੌਰ 'ਤੇ ਸੰਸਾਰ ਵਿਚ ਜਿੱਥੇ ਆਲਮੀ ਢਾਂਚੇ ਦੀ ਬਣਤਰ ਤੇਜ਼ੀ ਨਾਲ ਬਦਲ ਰਹੀ ਹੋਵੇ ਅਤੇ ਉਸ ਵਿਚ ਵਿਸ਼ਕੀਕਰਨ ਨੂੰ ਲੈ ਕੇ ਬੇਯਕੀਨੀ ਦਾ ਭਾਵ ਡੂੰਘਾ ਹੋ ਰਿਹਾ ਹੋਵੇ। ਜਲਦ ਹੀ ਭਾਰਤ ਦੁਨੀਆ ਵਿਚ ਸਭ ਤੋਂ ਵੱਡੀ ਜਨਸੰਖਿਆ ਵਾਲਾ ਮੁਲਕ ਬਣ ਜਾਵੇਗਾ। ਨੌਜਵਾਨਾਂ ਦੀ ਸਭ ਤੋਂ ਵੱਡੀ ਗਿਣਤੀ ਦੇ ਮਾਮਲੇ ਵਿਚ ਉਹ ਪਹਿਲਾਂ ਹੀ ਦੁਨੀਆ ਵਿਚ ਸਿਖ਼ਰ 'ਤੇ ਹੈ। ਕੰਮਕਾਜੀ ਆਬਾਦੀ ਵਿਚ ਔਰਤਾਂ ਦੀ ਭਾਗੀਦਾਰੀ ਗਰਕਣ ਵਾਲੀ ਸਥਿਤੀ ਵਿਚ ਪੁੱਜਣ ਤੋਂ ਬਾਅਦ ਤੇਜ਼ੀ ਵੱਲ ਵਧ ਰਹੀ ਹੈ। ਨਵੀਂ ਪੀੜ੍ਹੀ ਸਾਖਰ ਹੋਣ ਦੇ ਨਾਲ-ਨਾਲ ਡਿਜੀਟਲ ਤੌਰ 'ਤੇ ਵੀ ਮੁਹਾਰਤ ਰੱਖਦੀ ਹੈ। ਅਰਥਾਤ ਮਨੁੱਖੀ ਸੋਮੇ ਦੀ ਤਸਵੀਰ ਗੁਲਾਬੀ ਨਜ਼ਰ ਆਉਂਦੀ ਹੈ। ਕਈ ਕਾਰਨਾਂ ਕਾਰਨ ਦੇਸ਼ ਨੂੰ ਆਪਣੀਆਂ ਊਰਜਾ ਜ਼ਰੂਰਤਾਂ ਦੇ ਇਕ ਵੱਡੇ ਹਿੱਸੇ ਦੀ ਪੂਰਤੀ ਦਰਾਮਦ ਦੇ ਜ਼ਰੀਏ ਕਰਨੀ ਪੈਂਦੀ ਹੈ। ਅਜਿਹੇ ਵਿਚ ਸਮੇਂ ਦੀ ਮੰਗ ਹੈ ਕਿ ਅਸੀਂ ਆਪਣੀ ਇਸ ਕਮਜ਼ੋਰੀ ਤੋਂ ਪਾਰ ਪਾਈਏ।

ਹੁਣ ਸੌਰ ਊਰਜਾ, ਪੌਣ ਊਰਜਾ, ਵਿਆਪਕ ਭੰਡਾਰਨ ਸਮਰੱਥਾਵਾਂ ਅਤੇ ਪਰਮਾਣੂ ਊਰਜਾ ਵਿਚ ਭਾਰੀ ਨਿਵੇਸ਼ ਦੇ ਨਾਲ ਹੀ ਇਲੈਕਟ੍ਰਿਕ ਵਾਹਨਾਂ ਅਤੇ ਗਰੀਨ ਹਾਈਡ੍ਰੋਜਨ ਦੇ ਦਮ ਉੱਤੇ ਅਸੀਂ ਅਗਲੇ ਦਸ ਸਾਲਾਂ ਦੌਰਾਨ ਊਰਜਾ ਦਰਾਮਦ ਦੀ ਉਲਝਣ ਤੋਂ ਵੱਡੇ ਪੱਧਰ 'ਤੇ ਮੁਕਤੀ ਪਾ ਸਕਦੇ ਹਾਂ।

ਨਾਲ ਹੀ 5ਜੀ ਦੇ ਆਗਮਨ ਅਤੇ ਆਗਮੈਂਟੇਡ ਰਿਆਲਿਟੀ (ਮੈਟਾਵਰਸ) ਦੇ ਮਾਧਿਅਮ ਨਾਲ ਲੋਕ ਭਾਰਤ ਵਿਚ ਬੈਠੇ-ਬਿਠਾਏ ਅਮਰੀਕੀ ਕੰਪਨੀਆਂ ਲਈ ਬਹੁਤ ਸਹਜਤਾ ਨਾਲ ਕੰਮ ਕਰਨ ਵਿਚ ਸਮਰੱਥ ਹੋ ਸਕਣਗੇ। ਕੁੱਲ ਮਿਲਾ ਕੇ, ਆਰਥਿਕ ਵਾਧੇ ਦੀ ਦਸ਼ਾ-ਦਿਸ਼ਾ ਬਾਜ਼ਾਰਾਂ ਅਤੇ ਰਾਸ਼ਟਰ ਸਮਰੱਥਾਵਾਂ 'ਤੇ ਨਿਰਭਰ ਕਰੇਗੀ। ਸਾਡਾ ਲੋਕਤੰਤਰ ਸਾਨੂੰ ਇਕਜੁੱਟ ਰੱਖਦੇ ਹੋਏ ਹੋਰ ਕਿਸੇ ਲਈ ਕੋਈ ਖ਼ਤਰਾ ਨਾ ਬਣਦੇ ਹੋਏ ਇਸ ਨੂੰ ਸੰਭਵ ਬਣਾਉਂਦਾ ਹੈ। 'ਮੇਕ ਇਨ ਇੰਡੀਆ' ਦੀ ਮੁਹਿੰਮ ਪ੍ਰਵਾਨ ਚੜ੍ਹ ਰਹੀ ਹੈ। ਖ਼ਾਸ ਤੌਰ 'ਤੇ ਰੱਖਿਆ ਸਾਜ਼ੋ-ਸਾਮਾਨ ਵਿਚ ਸਵਦੇਸ਼ੀ ਨਿਰਮਾਣ ਨਾਲ ਅਸੀਂ ਇੱਕ-ਅੱਧੇ ਦਹਾਕੇ ਵਿਚ ਹਥਿਆਰ ਦਰਾਮਦਕਾਰ ਤੋਂ ਬਰਾਮਦਕਾਰ ਦੀ ਸਥਿਤੀ ਵਿਚ ਆ ਜਾਵਾਂਗੇ। ਦੀਵਾਲੀਆ ਜ਼ਾਬਤਾ, ਜੀਐੱਸਟੀ, ਰੇਰਾ ਅਤੇ ਆਧਾਰ 'ਤੇ ਆਧਾਰਤ ਇੰਡੀਆ ਸਟੈਕ ਵਰਗੀ ਪਹਿਲ ਨੇ ਸਾਡੇ ਰੋਜ਼ਮੱਰਾ ਦੇ ਜੀਵਨ ਵਿਚ ਕ੍ਰਾਂਤੀਕਾਰੀ ਬਦਲਾਅ ਲਿਆ ਦਿੱਤੇ ਹਨ।

ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀ ਉਪਯੋਗਿਤਾ ਹੋਰ ਜ਼ਿਆਦਾ ਹੀ ਵਧੇਗੀ। ਬੀਤੇ ਕੁਝ ਸਮੇਂ ਤੋਂ ਕਾਇਮ ਰਾਜਨੀਤਕ ਸਥਿਰਤਾ ਅਤੇ ਸਥਾਈਪੁਣਾ ਵੀ ਆਰਥਿਕ ਵਾਧੇ ਲਈ ਮਦਦਗਾਰ ਸਿੱਧ ਹੋਇਆ ਹੈ। ਇਸ ਨੇ ਭੌਤਿਕ ਬੁਨਿਆਦੀ ਢਾਂਚੇ ਵਿਚ ਨਿਵੇਸ਼ ਨੂੰ ਹੱਲਾਸ਼ੇਰੀ ਦਿੱਤੀ ਹੈ। ਖ਼ਾਸ ਤੌਰ 'ਤੇ ਸੰਘਣੀ ਵਸੋਂ ਵਾਲੇ ਉੱਤਰ ਪ੍ਰਦੇਸ਼ ਵਰਗੇ ਸੂਬੇ ਵਿਚ ਇਸ ਦੇ ਨਤੀਜੇ ਪ੍ਰਤੱਖ ਦਿਸ ਰਹੇ ਹਨ।

ਇਹ ਸੰਕੇਤ ਉਤਸ਼ਾਹਜਨਕ ਹਨ ਪਰ ਕੋਈ ਤਸਵੀਰ ਕਿੰਨੀ ਹੀ ਬਿਹਤਰ ਕਿਉਂ ਨਾ ਹੋਵੇ, ਉਸ ਵਿਚ ਮੀਨ-ਮੇਖ ਕੱਢਣ ਵਾਲੇ ਨੁਕਸ ਕੱਢਣ ਲਈ ਤਿਆਰ ਬੈਠੇ ਹੀ ਰਹਿੰਦੇ ਹਨ।

ਫਿਰ ਵੀ ਜੇਕਰ ਅਸੀਂ ਬੀਤੇ ਚਾਰ ਦਹਾਕਿਆਂ ਦੀ ਹਕੀਕੀ ਪ੍ਰਤੀ ਵਿਅਕਤੀ ਵਾਧਾ ਦਰ, ਡਾਲਰ-ਰੁਪਏ ਦੇ ਇਕ ਉਚਿਤ ਸੰਤੁਲਨ ਅਤੇ ਅਰਥਚਾਰਿਆਂ ਦੀ ਵਿਆਪਕਤਾ ਦੇ ਦਾਇਰੇ ਨੂੰ ਸਮਝੀਏ ਤਾਂ ਸਪਸ਼ਟ ਦਿਸੇਗਾ ਕਿ ਅਸੀਂ ਸੁਨਹਿਰੀ ਭਾਰਤ ਦੇ ਉਦੈ ਦੇ ਗਵਾਹ ਬਣਨ ਜਾ ਰਹੇ ਹਾਂ। ਅਸੀਂ ਇਕ ਦੀਰਘ, ਸੰਪੰਨ ਅਤੇ ਖ਼ੁਸ਼ਹਾਲ ਭਾਰਤ ਨੂੰ ਬਣਦੇ ਹੋਏ ਦੇਖਣ ਵਾਲੇ ਹਾਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦਾ ਭਵਿੱਖ ਸ਼ਾਨਦਾਰ ਦਿਸ ਰਿਹਾ ਹੈ ਪਰ ਦੇਸ਼ ਦੇ ਅੰਦਰ ਤੇ ਬਾਹਰ ਅਜਿਹੀਆਂ ਤਾਕਤਾਂ ਵੀ ਹਨ ਜੋ ਦੇਸ਼ ਨੂੰ ਬਦਨਾਮ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੀਆਂ। ਉਹ ਸ਼ਾਇਦ ਇਸ ਗੱਲੋਂ ਅਨਜਾਣ ਹਨ ਕਿ ਉਨ੍ਹਾਂ ਦੇ ਸੌੜੇ ਵਤੀਰੇ ਕਾਰਨ ਭਾਰਤ ਦੀ ਕੌਮਾਂਤਰੀ ਪੱਧਰ 'ਤੇ ਬਦਨਾਮੀ ਹੋ ਰਹੀ ਹੈ। ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਕਿਤੇ ਉਹ ਮੁਲਕ ਨਾਲ ਜਾਣੇ-ਅਣਜਾਣੇ 'ਚ ਦਗਾ ਤਾਂ ਨਹੀਂ ਕਰ ਰਹੇ। ਕਿੰਨਾ ਚੰਗਾ ਹੋਵੇ ਜੇ ਅਸੀਂ ਸਾਰੇ ਭਾਰਤ ਦੀ ਅਥਾਹ ਤਰੱਕੀ ਲਈ ਮਿਲ ਕੇ ਜ਼ੋਰਦਾਰ ਹੰਭਲਾ ਮਾਰੀਏ।

# ਕੁਤੁਬ ਮੀਨਾਰ ਬਾਰੇ ਕੀ ਵਿਵਾਦ ਹੈ, ਕੀ ਉਥੇ ਮੰਦਰ ਸੀ

ਦਿੱਲੀ 'ਚ ਅਸਮਾਨ ਛੂੰਹਦੀ, 240 ਫੁੱਟ ਉੱਚੀ ਕੁਤੁਬ ਮੀਨਾਰ ਦੀ ਇਮਾਰਤ ਰਾਜਧਾਨੀ ਦੇ ਸਭ ਤੋਂ ਮਸ਼ਹੂਰ ਅਤੇ ਸ਼ਾਨਦਾਰ ਸਮਾਰਕਾਂ 'ਚੋਂ ਇੱਕ ਹੈ। ਹੁਣ ਅਦਾਲਤ ਤੈਅ ਕਰੇਗੀ ਕਿ, ਕੀ ਸਮਾਰਕ ਦੇ ਆਲੇ-ਦੁਆਲੇ ਦੇ ਕੰਪਲੈਕਸ 'ਚ ਸਦੀਆਂ ਪਹਿਲਾਂ ਢਾਹੇ ਗਏ ਮੰਦਰਾਂ ਨੂੰ ਬਹਾਲ ਕੀਤਾ ਜਾਵੇ ਜਾਂ ਫਿਰ ਨਹੀਂ। ਇਸ ਵਿਸ਼ਵ ਵਿਰਾਸਤੀ ਸਥਾਨ ਨੂੰ ਜਿੱਤ ਦੇ ਮੀਨਾਰ ਵੱਜੋਂ ਬਣਾਇਆ ਗਿਆ ਸੀ। ਸੰਭਾਵਿਤ ਤੌਰ 'ਤੇ ਅਫ਼ਗਾਨ ਮੀਨਾਰ ਤੋਂ ਪ੍ਰੇਰਿਤ ਹੋ ਕੇ ਕੁਤਬੁਦੀਨ ਐਬਕ ਜੋ ਕਿ ਦਿੱਲੀ ਦੇ ਪਹਿਲੇ ਸੁਲਤਾਨ ਸਨ, ਵੱਲੋਂ 1192 'ਚ ਹਿੰਦੂ ਸ਼ਾਸਕਾਂ ਨੂੰ ਹਰਾਉਣ ਤੋਂ ਬਾਅਦ ਇਹ ਉਸਾਰੀ ਗਈ ਸੀ।

ਲਾਲ ਅਤੇ ਬੱਫ ਰੇਤਲੇ ਪੱਥਰ ਨਾਲ ਬਣੇ ਇਸ ਸਮਾਰਕ 'ਚ ਦੇਸ਼ 'ਚ ਮੁਸਲਿਮ ਸ਼ਾਸਨ ਦੀਆਂ ਸਭ ਤੋਂ ਪੁਰਾਣੀਆਂ ਬਣਤਰਾਂ ਸ਼ਾਮਲ ਹਨ। ਇਸ ਨੂੰ ਉੱਪਰ ਵੱਲ ਨੂੰ ਵਧਾਇਆ ਗਿਆ ਸੀ ਅਤੇ ਬਾਅਦ 'ਚ ਤਿੰਨ ਉਤਰਾਧਿਕ-ਾਰੀਆਂ ਵੱਲੋਂ ਇਸ ਦਾ ਨਵੀਨੀਕਰਨ ਕੀਤਾ ਗਿਆ ਸੀ। ਇਹ ਹੁਣ ਪੰਜ ਮੰਜ਼ਲਾਂ ਉੱਚਾ ਹੈ ਅਤੇ ਸਿਖ਼ਰ ਤੱਕ ਪਹੁੰਚਣ ਲਈ 379 ਪੌੜੀਆਂ ਚੜ੍ਹਣੀਆਂ ਪੈਂਦੀਆਂ ਹਨ। ਇਤਿਹਾਸਕਾਰ ਵਿਲੀਅਮ ਡੈਲਰੀਮਪਲ ਨੇ ਜ਼ਿਕਰ ਕੀਤਾ ਕਿ ਕੁਤੁਬ ਮੀਨਾਰ ਟਾਵਰ, ਜੋ ਕਿ (ਦਿੱਲੀ ਦੇ) ਅਰਾਵਲੀ ਪਹਾੜੀਆਂ 'ਚ ਇੱਕ ਪਠਾਰ 'ਤੇ ਇੱਕ 'ਪੂਰੀ ਤਰ੍ਹਾਂ ਨਾਲ ਵਿਸਤ੍ਰਿਤ ਦੂਰਬੀਨ ਵਾਲੇ ਲੈਂਸ ਵਾਂਗ ਵਿਖਾਈ ਦਿੰਦਾ ਸੀ' , ਉਹ ਆਗਮਨ ਅਤੇ ਫ਼ਤਿਹ ਦਾ ਬਿੰਬ ਹੈ। ਮੀਨਾਰ ਦੇ ਕਿਲਾਬੰਦ ਕੰਪਲੈਕਸ ਦਾ ਇੱਕ ਆਪਣਾ ਇਤਿਹਾਸ ਰਿਹਾ ਹੈ। ਉੱਥੇ ਸਥਿਤ 27 ਹਿੰਦੂ ਅਤੇ ਜੈਨ ਮੰਦਰਾਂ ਨੂੰ ਢਾਹ ਦਿੱਤਾ ਗਿਆ ਸੀ ਅਤੇ ਇਸ ਤੋਂ ਨਿਕਲੇ ਮਲਬੇ ਦੀ ਵਰਤੋਂ ਦਿੱਲੀ ਦੀ ਪਹਿਲੀ ਮਸਜਿਦ ਦੇ ਨਿਰਮਾਣ ਲਈ ਕੀਤੀ ਗਈ ਸੀ।

ਭਾਰਤੀ ਪੁਰਾਤੱਤਵ ਸਰਵੇਖਣ, ਏਐੱਸਆਈ ਦੇ ਇੱਕ ਸੀਨੀਅਰ ਅਧਿਕਾਰੀ, ਜੇਏ ਪੇਜ ਵੱਲੋਂ 1926 'ਚ ਸਮਾਰਕ 'ਤੇ ਦਿੱਤੇ ਗਏ ਇੱਕ ਨੋਟ ਅਨੁਸਾਰ, ਇੰਨ੍ਹਾਂ 'ਚੋਂ ਇੱਕ ਮੰਦਰ ਦੇ ਥੜ੍ਹੇ ਨੂੰ ਬਰਕਰਾਰ ਰੱਖਿਆ ਗਿਆ ਸੀ ਅਤੇ ਮਸਜਿਦ ਲਈ ਉਸ ਨੂੰ ਫੈਲਾਇਆ ਗਿਆ ਸੀ, ਜੋ ਕਿ ਪਹਿਲਾਂ ਹੀ ਟੁੱਕੜਿਆਂ 'ਚ ਬਣਾਇਆ ਗਿਆ ਸੀ।

ਮੀਨਾਰ ਤੋਂ ਇਲਾਵਾ ਇਸ ਕੰਪਲੈਕਸ 'ਚ ਹੋਰ ਵੀ ਬਹੁਤ ਕੁਝ ਹੈ। ਇਨ੍ਹਾਂ 'ਚ 1600 ਸਾਲ ਪੁਰਾਣਾ 20 ਫੁੱਟ ਉੱਚਾ ਲੋਹੇ ਦਾ ਥੰਮ ਹੈ, ਜੋ ਕਿ ਕੁਦਰਤ ਅਤੇ ਸਮੇਂ ਦੇ ਕਹਿਰ ਤੋਂ ਅਜੇ ਤੱਕ ਬਚਿਆ ਹੋਇਆ ਹੈ। ਇਸ ਦੇ ਨਾਲ ਹੀ ਇੱਥੇ ਪੰਜ ਆਰਕ ਅਤੇ ਇੱਕ ਸੁਲਤਾਨ ਦੀ ਕਬਰ ਵੀ ਮੌਜੂਦ ਹੈ। ਇਮਾਰਤਾਂ ਨੂੰ ਹਿੰਦੂ ਅਤੇ ਮੁਸਲਿਮ ਢੰਗ ਨਾਲ ਸਜਾਇਆ ਗਿਆ ਹੈ। ਪੇਜ ਨੇ ਆਪਣੇ ਨੋਟ 'ਚ ਕਿਹਾ ਹੈ ਕਿ ਸਮਾਰਕਾਂ ਦੇ ਸਮੂਹ 'ਚ 'ਪੁਰਾਤਨਤਾ ਅਤੇ ਚੋਰੀ ਕੀਤੇ ਹੋਏ ਡਿਜ਼ਾਇਨ' ਦੋਵਾਂ ਦੇ ਰੂਪ 'ਚ ਦਿੱਲੀ ਦੇ ਸਭ ਤੋਂ ਮਹੱਤਵਪੂਰਨ ਇਤਿਹਾਸਕ ਅਵਸ਼ੇਸ਼ ਸ਼ਾਮਲ ਹਨ। 800 ਤੋਂ ਵੀ ਵੱਧ ਸਾਲਾਂ ਤੋਂ ਬਾਅਦ, ਭਾਰਤ 'ਚ ਅਦਾਲਤਾਂ ਕੰ-ਪਲੈਕਸ 'ਚ 27 ਮੰਦਰਾਂ ਦੀ ਬਹਾਲੀ ਦੀ ਮੰਗ ਕਰਨ ਵਾਲੀ ਪਟੀਸ਼ਨ ਨਾਲ ਸੰਘਰਸ਼ ਕਰ ਰਹੀਆਂ ਹਨ। ਨਵੰਬਰ ਮਹੀਨੇ, ਇੱਕ ਸਿਵਲ ਅਦਾਲਤ ਨੇ ਇਸ ਪਟੀਸ਼ਨ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਭਾਰਤ 'ਚ ਕਈ ਰਾਜਵੰਸ਼ਾਂ ਵੱਲੋਂ ਸ਼ਾਸਨ ਕੀਤਾ ਗਿਆ ਹੈ ਅਤੇ ਅਤੀਤ 'ਚ ਕੀਤੀਆਂ ਗਈਆਂ ਗ਼ਲਤੀਆਂ 'ਸਾਡੇ ਵਰਤਮਾਨ ਅਤੇ ਭਵਿੱਖ ਦੀ ਸ਼ਾਂਤੀ ਨੂੰ ਭੰਗ ਕਰਨ ਦਾ ਆਧਾਰ ਨਹੀਂ ਹੋ ਸਕਦੀਆਂ' ਹਨ।



ਇਸ ਤੋਂ ਬਾਅਦ ਪਟੀਸ਼ਨਕਰਤਾ ਨੇ ਹੁਣ ਇਸ ਫ਼ੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਹਰੀ ਸ਼ੰਕਰ ਜੈਨ, ਜੋ ਕਿ ਮੰਨਦੇ ਹਨ ਕਿ ਹਿੰਦੂ ਦੇਵੀ-ਦੇਵਤੇ ਅੱਜ ਵੀ ਇਸ ਕੰਪਲੈਕਸ 'ਚ ਮੌਜੂਦ ਹਨ, ਉਨ੍ਹਾਂ ਦਾ ਕਹਿਣਾ ਹੈ, "ਜਦੋਂ ਮਸਜਿਦ ਤੋਂ ਬਹੁਤ ਪਹਿਲਾਂ ਇੱਥੇ ਇੱਕ ਮੰਦਰ ਮੌਜੂਦ ਸੀ ਤਾਂ ਫਿਰ ਕਿਉਂ ਇਸ ਨੂੰ ਬਹਾਲ ਨਹੀਂ ਕੀਤਾ ਜਾ ਸਕਦਾ ਹੈ?"

ਪੁਰਾਤੱਤਵ ਵਿਗਿਆਨੀ ਇਸ ਕੰਪਲੈਕਸ ਦੀ ਸਥਿਤੀ ਬਾਰੇ ਸਪੱਸ਼ਟ ਹਨ। ਇਹ ਕੰਪਲੈਕਸ ਸੰਘੀ ਕਾਨੂੰਨ ਦੇ ਤਹਿਤ ਇੱਕ ਸੁਰੱਖਿਅਤ ਸਮਾਰਕ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦਾ ਢਾਂਚਾ "ਅਟੱਲ ਅਤੇ ਨਾ ਬਦਲਣਯੋਗ ਹੈ।" ਪਰ ਹਿੰਦੂ ਸਮੂਹਾਂ ਦੀ ਹਮਾਇਤ ਪ੍ਰਾਪਤ ਇਸੇ ਤਰ੍ਹਾਂ ਦੇ ਵਿਵਾਦ ਵਾਰਾਣਸੀ ਅਤੇ ਮਥੁਰਾ ਸ਼ਹਿਰਾਂ 'ਚ ਢਾਹੇ ਗਏ ਹਿੰਦੂ ਧਰਮ ਅਸਥਾਨਾਂ 'ਤੇ ਬਣੀਆਂ ਮਸਜਿਦਾਂ ਨੂੰ ਲੈ ਕੇ ਪੈਦਾ ਹੋ ਰਹੇ ਹਨ।

ਇਤਿਹਾਸਕਾਰਾਂ ਦਾ ਕਹਿਣਾ ਹੈ ਕਿ 12ਵੀਂ ਸਦੀ ਦੇ ਅਖੀਰ ਤੋਂ ਮੁਸਲਿਮ ਰਾਜਿਆਂ ਨੇ ਅਤੇ ਘਟੋ-ਘੱਟ 7ਵੀਂ ਸਦੀ ਤੋਂ ਹਿੰਦੂ ਰਾਜਿਆਂ ਨੇ ਵਿਰੋਧੀ ਜਾਂ ਦੁਸ਼ਮਣ ਰਾਜਿਆਂ ਅਤੇ ਬਾਗੀਆਂ ਦੀ ਸਰਪ੍ਰਸਤੀ ਵਾਲੇ ਮੰਦਰਾਂ ਨੂੰ ਜਾਂ ਤਾਂ ਲੁੱਟਿਆਂ ਜਾਂ ਉਸ ਵਿੱਚ ਬਦਲਾਅ ਕੀਤੇ ਜਾਂ ਫਿਰ ਨਸ਼ਟ ਹੀ ਕਰ ਦਿੱਤਾ। ਇਤਿਹਾਸਕਾਰ ਰਾਣਾ ਸਫ਼ਵੀ ਦਾ ਕਹਿਣਾ ਹੈ, "ਹਰੇਕ ਸ਼ਾਸਕ ਨੇ ਸਭ ਤੋਂ ਵੱਡੇ ਧਾਰਮਿਕ ਚਿੰਨ੍ਹਾਂ ਨੂੰ ਤਬਾਹ ਕਰਕੇ ਆਪਣੇ ਰਾਜਨੀਤਿਕ ਅਧਿਕਾਰ ਅਤੇ ਆਪਣੀ ਸਾਮਰਾਜੀ ਤੇ ਸ਼ਾਹੀ ਤਾਕਤ 'ਤੇ ਮੋਹਰ ਲਗਾਉਣ ਦਾ ਯਤਨ ਕੀਤਾ।" "ਅਜਿਹਾ ਨਹੀਂ ਹੈ ਕਿ ਸਾਰੇ ਹੀ ਮੰਦਰਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ। ਸਿਰਫ਼ ਉਨ੍ਹਾਂ ਮੰਦਰਾਂ ਨੂੰ ਨਿਸ਼ਾਨੇ 'ਤੇ ਲਿਆ ਗਿਆ ਸੀ ਜਿੰਨ੍ਹਾਂ ਦੀ ਸਿਆਸੀ ਮਹੱਤਤਾ ਸੀ।"

**ਕੁਤੁਬ ਮੀਨਾਰ ਕਿਉਂ ਬਣਾਇਆ ਗਿਆ?**

ਇਤਿਹਾਸਕਾਰ ਸਫ਼ਵੀ ਦਾ ਕਹਿਣਾ ਹੈ ਕਿ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਉਸ ਕੰਪਲੈਕਸ 'ਚ ਮਸਜਿਦ ਦੀ ਮੀਨਾਰ ਨੂੰ ਇਸ ਲਈ ਵਰਤਿਆ ਜਾ ਸਕਦਾ ਹੋਵੇਗਾ, ਜਿੱਥੇ ਮੁਅਜ਼ਿਨ ਆਪਣੇ ਵਫ਼ਦਾਰਾਂ ਨੂੰ ਨਮਾਜ਼ ਅਦਾ ਕਰਨ ਲਈ ਬੁਲਾ ਸਕਦੇ ਸਨ। ਦੂਜਾ ਸੰਭਾਵਿਤ ਕਾਰਨ ਇਹ ਹੋ ਸਕਦਾ ਹੈ ਹੈ ਕਿ ਦੁਸ਼ਮਣ ਦੀ ਹਲਚਲ, ਗਤੀ ਦਾ ਪਤਾ ਲਗਾਉਣ ਲਈ ਇਸ ਦੀ ਵਰਤੋਂ ਇੱਕ ਫੌਜੀ ਟਾਵਰ ਵੱਜੋਂ ਕੀਤੀ ਗਈ ਹੋਵੇ।

ਹਾਲਾਂਕਿ, ਸਭ ਤੋਂ ਸੰਭਾਵਿਤ ਅਤੇ ਢੁਕਵਾਂ ਕਾਰਨ ਇਹ ਜਾਪਦਾ ਹੈ ਕਿ ਇਹ ਗਜ਼ਨੀ ਦੇ ਮੀਨਾਰਾਂ ਤੋਂ ਪ੍ਰਭਾਵਿਤ ਹੋ ਕੇ ਉਸ ਵਾਂਗ ਹੀ ਇੱਕ ਜਿੱਤ ਦਾ ਬੁਰਜ ਰਿਹਾ ਹੋਵੇਗਾ । ਇਹ ਮਜ਼ਬੂਤ ਟਾਵਰ ਦੋ ਵਾਰ ਬਿਜਲੀ ਹਮਲੇ ਤੋਂ ਬਚਿਆ ਹੈ ਜਿਸ ਕਾਰਨ ਇਸ ਦੀ ਚੌਥੀ ਮੰਜ਼ਿਲ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਸੁਲਤਾਨ ਨੇ ਅਸਲ ਰੇਤਲੇ ਪੱਥਰ ਨੂੰ ਸੰਗਮਰਮਰ ਅਤੇ ਰੇਤਲੇ ਪੱਥਰ ਨਾਲ ਬਦਲ ਦਿੱਤਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਦੋ ਹੋਰ ਮੰਜ਼ਿਲਾਂ ਦਾ ਨਿਰਮਾਣ ਕਰਵਾਇਆ ਅਤੇ ਸਿਖ਼ਰ 'ਤੇ ਇੱਕ ਗੁਬੰਦ ਵੀ ਬਣਵਾਇਆ।

ਇਸ ਗੁਬੰਦ ਨੇ ਇਸ ਮੀਨਾਰ ਦੀ 12 ਫੁੱਟ ਉਚਾਈ 'ਚ ਵਾਧਾ ਕੀਤਾ ਸੀ, ਪਰ ਭੂਚਾਲ ਕਾਰਨ ਇਹ ਢਹਿ ਗਿਆ। ਹੁਣ ਤੱਕ ਇਹ ਮੀਨਾਰ ਦੋ ਵਾਰ ਭੂਚਾਲ ਦੇ ਝਟਕੇ ਸਹਿ ਚੁੱਕੀ ਹੈ।

ਮੌਜੂਦਾ ਸਮੇਂ ਕੁਤੁਬ ਮੀਨਾਰ ਸਿਰਫ ਇੱਕ ਇਤਿਹਾਸਕ ਸਮਾਰਕ ਅਤੇ ਦਿੱਲੀ ਦੀ ਨਿਸ਼ਾਨਦੇਹੀ ਹੀ ਨਹੀਂ ਹੈ, ਇੱਕ ਤਾਂ ਇਹ ਦਿੱਲੀ ਦੇ ਲੰਮੇ ਸਮੇਂ ਦੇ ਵਸਨੀਕਾਂ ਦੀਆਂ ਯਾਦਾਂ 'ਚ ਸ਼ਾਮਲ ਹੈ। ਇਤਿਹਾਸਕਾਰ ਸਫ਼ਵੀ 1977 'ਚ ਮੀਨਾਰ ਦੀ ਆਪਣੀ ਪਹਿਲੀ ਫੇਰੀ ਨੂੰ ਯਾਦ ਕਰਦਿਆਂ ਕਹਿੰਦੀ ਹੈ, "ਮੈਂ ਪਹਿਲੀ ਮੰਜ਼ਿਲ 'ਤੇ ਚੜ੍ਹੀ ਅਤੇ ਨੇੜੇ ਦੇ ਇਲਾਕੇ ਦੀ ਸੁੰਦਰਤਾ ਨੂੰ ਆਪਣੀ ਅੱਖੀਂ ਵੇਖਿਆ ਸੀ।"

"ਮੇਰੀਆਂ ਵੱਡੀਆਂ ਭੈਣਾਂ 1960 ਦੇ ਦਹਾਕੇ 'ਚ ਮੀਨਾਰ ਦੀ ਆਪਣੀ ਪਹਿਲੀ ਫੇਰੀ ਦੀ ਗੱਲ ਕਰਦੀਆਂ ਹਨ, ਜਦੋਂ ਉਹ ਇਸ ਦੇ ਸਿਖ਼ਰ ਤੱਕ ਗਈਆਂ ਸਨ।" ਇਹ ਮੀਨਾਰ ਇੱਕ ਪ੍ਰਸਿੱਧ ਸੈਰ-ਸਪਾਟੇ ਦਾ ਸਥਾਨ ਹੈ, ਜਿਸ ਨੂੰ ਕਿ 1981 'ਚ ਉਸ ਵੇਲੇ ਸੈਲਾਨੀਆਂ ਲਈ ਬੰਦ ਕਰ ਦਿੱਤਾ ਗਿਆ ਸੀ, ਜਦੋਂ ਇੱਕ ਭਗਦੜ 'ਚ 45 ਲੋਕਾਂ ਦੀ ਮੌਤ ਹੋ ਗਈ ਸੀ। ਇਹ ਸਮਾਰਕ ਇੱਕ ਸ਼ਾਂਤ ਗੁਆਂਢ 'ਚ ਸਥਿਤ ਹੈ, ਜਿੱਥੇ ਸੁਆਦੀ ਖਾਣ-ਪੀਣ ਦੀਆਂ ਦੁਕਾਨਾਂ ਮੌਜੂਦ ਹਨ। ਪ੍ਰਮੋਸ਼ਨਾਂ ਅਤੇ ਇੰਸਟਾਗ੍ਰਾਮ ਹੈਡਲਜ਼ 'ਚ ਮੀਨਾਰ ਦੇ ਦਿਲ ਖਿੱਚਵੇਂ ਦ੍ਰਿਸ਼ ਵਾਲੀਆਂ ਰੂਫ਼ਟਾਪ ਬਾਰ, ਲੌਂਜ ਅਤੇ ਰੈਸਟੋਰੈਂਟਾਂ ਨੂੰ ਤੁਹਾਡੀ ਅਗਲੀ ਮੁਲਾਕਾਤ ਲਈ ਢੁਕਵਾਂ ਦੱਸਿਆ ਜਾਂਦਾ ਹੈ। ਇੱਕ ਖਾਣ-ਪੀਣ ਦੀਆਂ ਵੀਡੀਓ ਬਣਾਉਣ ਵਾਲੇ ਨੇ ਤਾਂ ਇਸ ਨੂੰ 'ਕ੍ਰੇਜ਼ੀ ਸੈਕਸੀ' ਵੀ ਕਿਹਾ ਹੈ। ਇਸ ਮਹੀਨੇ ਦੇ ਸ਼ੁਰੂ 'ਚ, ਇੱਕ ਸੱਜੇ ਪੱਖੀ ਸਮੂਹ ਦੇ ਮੈਂਬਰਾਂ ਨੂੰ ਕੰਪਲੈਕਸ ਦੇ ਬਾਹਰ ਪ੍ਰਦਰਸ਼ਨ ਕਰਨ ਅਤੇ ਪ੍ਰਾਰਥਨਾ ਕਰਨ ਲਈ ਹਿਰਾਸਤ 'ਚ ਲਿਆ ਗਿਆ ਸੀ।

# ਇੱਥੇ ਹੋਇਆ ਸਮਝੌਤਾ, 'ਅਸੀਂ 100 ਸਾਲਾਂ ਤੱਕ ਦੰਗਾ ਨਹੀਂ ਕਰਾਂਗੇ'

ਮਹਾਰਾਸ਼ਟਰ ਦੇ ਇੱਕ ਪਿੰਡ ਸੌਂਢੇਘਰ ਦੇ ਵਾਸੀਆਂ ਵੱਲੋਂ ਲਾਇਆ ਗਿਆ ਇੱਕ ਬੋਰਡ ਸੜਕ ਤੋਂ ਲੰਘਣ ਵਾਲੇ ਰਾਹਗੀਰਾਂ ਦਾ ਧਿਆਨ ਖਿੱਚ ਰਿਹਾ ਹੈ। ਸੌਂਢੇਘਰ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਦਾ ਇੱਕ ਛੋਟਾ ਜਿਹਾ ਪਿੰਡ ਹੈ। ਜਿੱਥੇ ਆਬਾਦੀ ਸਿਰਫ਼ ਇੱਕ ਹਜ਼ਾਰ ਹੈ। ਇਸ ਪਿੰਡ ਵਿੱਚ ਹਰ ਜਾਤੀ ਅਤੇ ਧਰਮ ਦੇ ਲੋਕ ਇਕੱਠੇ ਰਹਿੰਦੇ ਹਨ। ਪਿੰਡ ਵਿੱਚ ਕੋਈ ਵੀ ਫਿਰਕੂ ਵਿਵਾਦ ਨਾ ਹੋਵੇ ਇਸ ਨੂੰ ਰੋਕਣ ਲਈ ਪਿੰਡ ਨੇ ਆਮ ਸਹਿਮਤੀ ਨਾਲ ਇੱਕ ਇਤਿਹਾਸਕ ਫ਼ੈਸਲਾ ਲਿਆ ਹੈ। ਪਿੰਡ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੇ ਮਿਲ ਕੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ 100 ਸਾਲ ਦਾ ਸਮਝੌਤਾ ਕੀਤਾ ਹੈ। ਜਦੋਂ ਦੇਸ਼ ਦੇ ਕੁਝ ਹਿੱਸਿਆਂ ਵਿੱਚ ਫਿਰਕੂ ਤਣਾਅ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਤਾਂ ਪਿੰਡ ਸੌਂਢੇਘਰ ਦੇ ਇਸ ਫ਼ੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

**ਪਿੰਡ ਨੇ ਸਮਝੌਤਾ ਕਿਉਂ ਕੀਤਾ?**

ਪਿੰਡ ਦੇ ਇੱਕ ਅਧਿਆਪਕ ਅਬਦੁੱਲਾ ਨੰਦਗਾਂਵਕਰ ਦਾ ਕਹਿਣਾ ਹੈ, "ਸਾਨੇ ਗੁਰੂ ਜੀ ਪਾਲਗੜ ਤੋਂ ਦਾਪੋਲੀ ਵਿੱਚ ਏਜੀ ਹਾਈ ਸਕੂਲ ਜਾਂਦੇ ਸਮੇਂ ਇਸ ਪਿੰਡ ਵਿੱਚੋਂ ਨਦੀ ਪਾਰ ਕਰਦੇ ਸਨ।" "ਬਾਅਦ ਵਿੱਚ ਉਨ੍ਹਾਂ ਨੇ ਸੰਦੇਸ਼ ਦਿੱਤਾ ਕਿ ਸੰਸਾਰ ਵਿੱਚ ਪਿਆਰ ਫੈਲਾਉਣਾ ਹੀ ਅਸਲ ਧਰਮ ਹੈ। ਅਸੀਂ ਦਿੱਤੀ ਪ੍ਰੇਰਨਾ ਦੇ ਸਹਾਰੇ ਅੱਗੇ ਵਧ ਰਹੇ ਹਾਂ।"ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਹ ਏਕਤਾ ਸਮਝੌਤਾ ਇਸ ਲਈ ਕੀਤਾ ਹੈ ਤਾਂ ਜੋ ਉਨ੍ਹਾਂ ਦੇ ਪਿੰਡ ਦੀ ਸ਼ਾਂਤੀ ਨਾ ਟੁੱਟੇ ਅਤੇ ਏਕਤਾ ਕਾਇਮ ਰਹੇ। ਖਾਸ ਗੱਲ ਇਹ ਹੈ ਕਿ ਇਸ ਸਮਝੌਤੇ ਉੱਪਰ ਪਿੰਡ ਦੇ ਹਿੰਦੂ, ਮੁਸਲਿਮ ਅਤੇ ਬੁੱਧ ਸਾਰੇ ਧਰਮਾਂ ਦੇ ਲੋਕਾਂ ਨੇ ਆਪਣੀ ਸਹਿਮਤੀ ਦਿੱਤੀ ਹੈ। ਸੌਂਢੇਘਰ ਕੁਦਰਤੀ ਸੁੰਦਰਤਾ ਨਾਲ ਭਰਪੂਰ ਇੱਕ ਬਹੁਤ ਹੀ ਖੂਬਸੂਰਤ ਪਿੰਡ ਹੈ। ਇਹ ਪਿੰਡ ਤਿੰਨ ਦਰਿਆਵਾਂ ਦੇ ਸੰਗਮ 'ਤੇ ਬਣਿਆ ਹੈ। ਇਨ੍ਹਾਂ ਵਿੱਚ ਪਾਲਗੜ ਨਦੀ, ਵਨੀਸ਼ੀ ਨਦੀ ਅਤੇ ਪਿੰਡ ਵਿੱਚ ਇੱਕ ਨਦੀ ਸ਼ਾਮਲ ਹੈ। ਸੌਂਢੇਘਰ ਗ੍ਰਾਮ ਪੰਚਾਇਤ ਨੇ ਪਿੰਡ ਦੇ ਪ੍ਰਵੇਸ਼ ਦੁਆਰ ਕੋਲ ਏਕਤਾ ਸੰਧੀ ਦਾ ਬੋਰਡ ਲਗਾਇਆ ਹੈ। ਇਸ ਨੂੰ ਦੇਖ ਕੇ ਸੜਕ ਤੋਂ ਲੰਘਣ ਵਾਲੇ ਲੋਕ ਚਰਚਾ ਕਰ ਰਹੇ ਹਨ। ਪਿੰਡ ਦੀ ਤੰਤ ਮੁਕਤੀ ਕਮੇਟੀ ਦੇ ਚੇਅਰਮੈਨ ਸੰਜੇ ਖਾਨਵਿਲਕਰ ਨੇ ਕਿਹਾ, "ਦੇਸ਼ ਵਿੱਚ ਧਾਰਮਿਕ ਮਾਹੌਲ ਬਹੁਤ ਖ਼ਰਾਬ ਹੋ ਗਿਆ ਹੈ।" "ਅਸੀਂ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਸ਼ਾਂਤੀ ਸਮਝੌਤਾ ਕੀਤਾ ਤਾਂ ਜੋ ਸਾਡੇ ਪਿੰਡ ਉੱਪਰ ਇਸ ਮਾੜੇ ਫਿਰਕੂ ਮਾਹੌਲ ਦਾ ਅਸਰ ਨਾ ਪਵੇ।" "ਅਸੀਂ ਪਾਲਗੜ ਬੀਟ ਦੇ ਪੁਲਿਸ ਇੰਸਪੈਕਟਰ ਵਿਕਾਸ ਪਵਾਰ ਦੀ ਮਦਦ ਨਾਲ ਇਹ ਸਕਾਰਾਤਮਕ ਕਦਮ ਚੁੱਕਿਆ ਹੈ।"



**ਸੌ ਸਾਲ ਦਾ ਸਮਝੌਤਾ**

ਸੌਂਢੇਘਰ ਪਿੰਡ ਵਿੱਚ 400 ਮੁਸਲਮਾਨ, 400 ਹਿੰਦੂ ਅਤੇ 200 ਬੋਧੀ ਰਹਿੰਦੇ ਹਨ। ਸਾਰੇ ਭਾਈਚਾਰਿਆਂ ਨੇ ਇਕੱਠੇ ਹੋ ਕੇ ਇੱਕ ਮਿੰਟ ਵਿੱਚ ਇਹ ਇਤਿਹਾਸਕ ਫੈਸਲਾ ਲੈ ਲਿਆ। ਪਿੰਡ ਦੇ ਉਪ ਸਰਪੰਚ ਜਤਿੰਦਰ ਪਵਾਰ ਨੇ ਕਿਹਾ, "ਇਸ ਪਿੰਡ ਵਿੱਚ ਕਦੇ ਵੀ ਕੋਈ ਫ਼ਿਰਕੂ ਝਗੜਾ ਨਹੀਂ ਹੋਇਆ ਹੈ। ਅਸੀਂ ਇਹ ਸਮਝੌਤਾ 100 ਸਾਲਾਂ ਲਈ ਕੀਤਾ ਹੈ ਤਾਂ ਜੋ ਭਵਿੱਖ ਵਿੱਚ ਵੀ ਅਜਿਹਾ ਕਦੇ ਨਾ ਹੋਵੇ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਸਾਡੇ ਇਸ ਫ਼ੈਸਲੇ ਕਾਰਨ ਸੁਰੱਖਿਅਤ ਰਹਿਣਗੀਆਂ।" ਪਿੰਡ ਵਾਸੀ ਅਨਿਲ ਮਾਰੂਤੀ ਮਰਚਾਂਡੇ ਦੱਸਦੇ ਹਨ, "ਸਾਡੇ ਪਿੰਡ ਦੇ ਲੋਕ ਸ਼ਾਹੂ-ਫੂਲੇ-ਅੰਬੇਦਕਰ ਦੇ ਵਿਚਾਰਾਂ ਨੂੰ ਮੰਨਦੇ ਹਨ।" "ਪਿਛਲੇ 50 ਸਾਲਾਂ ਵਿੱਚ ਸਾਡੇ ਵਿੱਚ ਕਦੇ ਕੋਈ ਝਗੜਾ ਨਹੀਂ ਹੋਇਆ, ਜਿਸ ਨੂੰ ਅਸੀਂ ਆਪਣਾ ਮਾਣ ਸਮਝਦੇ ਹਾਂ।" ਮੈਂ ਤੁਹਾਨੂੰ ਗਾਰੰਟੀ ਦਿੰਦਾ ਹਾਂ ਕਿ ਸਿਰਫ 100 ਸਾਲਾਂ ਵਿੱਚ ਹੀ ਨਹੀਂ ਬਲਕਿ ਭਵਿੱਖ ਵਿੱਚ ਇਸ ਪਿੰਡ ਵਿੱਚ ਕਦੇ ਵੀ ਦੰਗਾ ਨਹੀਂ ਹੋਵੇਗਾ।

**ਆਪਸੀ ਸਹਿਮਤੀ ਨਾਲ ਫ਼ੈਸਲਾ**

ਪਿੰਡ ਸੌਂਢੇਘਰ ਦੇ ਨੌਜਵਾਨਾਂ ਨੇ ਇਸ ਫ਼ੈਸਲੇ ਦੀ ਹਮਾਇਤ ਕੀਤੀ ਹੈ। ਪਿੰਡ ਵਾਸੀ ਅਲਤਾਫ਼ ਪਠਾਨ ਦਾ ਕਹਿਣਾ ਹੈ, "ਸਾਡੇ ਲਈ ਬੇਰੁਜ਼ਗਾਰੀ ਦਾ ਮਸਲਾ ਵੱਡਾ ਹੈ। ਝਗੜਾ ਹੋ ਜਾਵੇ ਤਾਂ ਰੋਟੀ ਨਹੀਂ ਮਿਲਦੀ।" "ਸਾਨੂੰ ਰੋਜ਼ ਕਮਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਕੋਈ ਵੀ ਦੰਗਿਆਂ ਨੂੰ ਪਹਿਲ ਨਹੀਂ ਦੇ ਸਕਦਾ। ਇਹ 100 ਸਾਲਾਂ ਲਈ ਕੀਤਾ ਗਿਆ ਸਮਝੌਤਾ ਸਾਡੇ ਭਵਿੱਖ ਲਈ ਸਭ ਤੋਂ ਵਧੀਆ ਫ਼ੈਸਲਾ ਹੈ। ਪਿੰਡ ਦੀਆਂ ਔਰਤਾਂ ਨੇ ਵੀ 100 ਸਾਲ ਲਈ ਕੀਤੇ ਸਮਝੌਤੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਵੀ ਮਰਦਾਂ ਦੇ ਨਾਲ-ਨਾਲ ਇਸ ਪ੍ਰਕਿਰਿਆ ਦਾ ਹਿੱਸਾ ਹਨ। ਊਸ਼ਾ ਮਰਚਾਂਦੇ ਕਹਿੰਦੇ ਹਨ, "ਪਿੰਡ ਦੀਆਂ ਔਰਤਾਂ ਛੋਟੇ-ਛੋਟੇ ਝਗੜਿਆਂ ਨੂੰ ਸੁਲਝਾਉਣ ਵਿੱਚ ਸਭ ਤੋਂ ਮੋਹਰੀ ਹਨ। ਪਿੰਡ ਪੱਧਰ 'ਤੇ, ਅਸੀਂ ਆਪਸੀ ਸਮਝਦਾਰੀ ਨਾਲ ਫ਼ੈਸਲੇ ਲੈਂਦੇ ਹਾਂ।" "ਅਸੀਂ ਪੁਰਸ਼ਾਂ ਦੇ ਨਾਲ ਇਸ ਪਿੰਡ ਵਿੱਚ ਸ਼ਾਂਤੀ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀਆਂ ਹਾਂ। ਸਾਨੂੰ ਭਰੋਸਾ ਹੈ ਕਿ ਸਾਡੇ ਪਿੰਡ ਵਿੱਚ ਕੋਈ ਵੀ ਦੰਗਾ ਕਦੇ ਵੀ ਅਜਿਹਾ ਨਹੀਂ ਹੋਵੇਗਾ। ਹੁਣ ਸਾਨੂੰ ਇਸ ਦੀ ਫ਼ਿਕਰ ਨਹੀਂ ਹੈ।"

ਪਿੰਡ ਦੇ ਸਰਪੰਚ ਇਲਿਆਸ ਨੰਦਗਾਂਵਕਰ ਬੜੇ ਮਾਣ ਨਾਲ ਕਹਿੰਦੇ ਹਨ, "ਅਸੀਂ ਇਹ ਫ਼ੈਸਲਾ ਇਸ ਲਈ ਲਿਆ ਹੈ ਤਾਂ ਕਿ ਸਿਰਫ਼ ਸਾਡੇ ਬਲਾਕ ਦੇ ਲੋਕ ਹੀ ਨਹੀਂ, ਸਗੋਂ ਜ਼ਿਲ੍ਹੇ ਦੇ ਲੋਕ ਵੀ ਅਜਿਹੇ ਫੈਸਲੇ ਲੈਣ ਹਨ।" "ਦੇਸ਼ ਨੂੰ ਇਸ ਫ਼ੈਸਲੇ ਤੋਂ ਸਮਝਣਾ ਚਾਹੀਦਾ ਹੈ ਕਿ ਤੁਹਾਨੂੰ ਵਿਵਾਦ ਤੋਂ ਕੁਝ ਨਹੀਂ ਮਿਲਦਾ। ਅਸੀਂ ਇਸ ਮਸਲੇ ਨੂੰ ਸਮਝਦੇ ਹਾਂ ਅਤੇ ਸਾਨੂੰ ਉਮੀਦ ਹੈ ਕਿ ਤੁਸੀਂ ਵੀ ਇਸ ਨੂੰ ਸਮਝੋ। ਮੈਨੂੰ ਸਾਡੇ ਪਿੰਡ ਵੱਲੋਂ ਲਏ ਗਏ ਫ਼ੈਸਲੇ 'ਤੇ ਮਾਣ ਹੈ।" ਸਰਪੰਚ ਦਾ ਕਹਿਣਾ ਹੈ ਕਿ ਜੇਕਰ ਪਿੰਡ ਵਿੱਚ ਸ਼ਾਂਤੀ ਰਹੇਗੀ ਤਾਂ ਪਿੰਡ ਦਾ ਵਿਕਾਸ ਹੋਵੇਗਾ। ਉਹ ਕਹਿੰਦੇ ਹਨ, "ਅਸੀਂ ਇਹ ਫ਼ੈਸਲਾ ਲਿਆ ਹੈ। ਤੁਸੀਂ ਵੀ ਅਜਿਹਾ ਫ਼ੈਸਲਾ ਲੈ ਸਕਦੇ ਹੋ।"

# MISSION
## PEAK BROCKERS, INC

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB CALIFORNIA ASSOCIATION OF BUSINESS BROKERS

REALTOR